ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 9 | Issue 02 | 09 January 2019 to 15 January 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com




03

■ ਭਾਈਚਾਰਾ

ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ਼ਬਦ ਗੁਰੂ ਯਾਤਰਾ


11

■ ਮਿਸ਼ਨ-2019

ਮੋਦੀ ਨੇ ਗੁਰਦਾਸਪੁਰ 'ਚ ਰੈਲੀ ਕਰਕੇ ਚੋਣਾਂ ਦਾ ਬਿਗਲ ਵਜਾਇਆ


23

■ ਵਿਸ਼ੇਸ਼ ਰਿਪੋਰਟ

ਕੈਪਟਨ ਸਰਕਾਰ ਨਸ਼ਾ ਤਸਕਰੀ ਰੋਕਣ ਵਿਚ ਹੋਈ ਠੁੱਸ


## ਪੰਜਾਬ ਦੇ ਆਗੂਆਂ ਨੇ ਤੀਜੇ ਰਾਜਸੀ ਬਦਲ ਲਈ ਡਾਹੀਆਂ ਬਾਈ ਮੰਜੀਆਂ

# ਕੇਜਰੀਵਾਲ ਦੀ 'ਆਪ' ਵਿਚੋਂ ਨਿਕਲੀ ਖਹਿਰਾ ਦੀ ਖਾਸ ਪਾਰਟੀ

- ਨਵੀਂ ਪਾਰਟੀ ਦੇ ਏਜੰਡੇ 'ਚੋਂ ਪੰਥਕ ਮੁੱਦੇ ਗੈਰਹਾਜ਼ਰ
- 'ਆਪ' ਨਾਲੋਂ ਟੁੱਟੇ ਧੜਿਆਂ ਦੀ ਨਹੀਂ ਮਿਲ ਰਹੀ ਸੁਰ
- ਸਟੇਜ 'ਤੇ ਨਾ ਆਏ ਖਹਿਰੇ ਦੇ ਸਾਥੀ ਛੇ ਵਿਧਾਇਕ



**ਚੰਡੀਗੜ੍ਹ/ਬਿਊਰੋ ਨਿਊਜ਼ :** ਮਾਝੇ ਦੇ ਬਾਗੀ ਅਕਾਲੀਆਂ ਦੇ ਟਕਸਾਲੀ ਦਲ, ਐਮਪੀ ਧਰਮਵੀਰ ਗਾਂਧੀ ਦੇ ਪੰਜਾਬ ਵਿਚਾਰ ਮੰਚ, ਬੈਂਸ ਭਰਾਵਾਂ ਦੀ ਲੋਕ ਇਨਸਾਫ ਪਾਰਟੀ ਤੇ ਬਰਗਾੜੀ ਮੋਰਚੇ ਵਾਲਿਆਂ ਤੇ ਕਈ ਹੋਰ ਸਿਆਸੀ ਧਿਰਾਂ ਦੀਆਂ ਪੇਸ਼ਬੰਦੀਆਂ ਦੇ ਨਾਲ-ਨਾਲ ਪੰਜਾਬ ਵਿਚ ਇਕ ਹੋਰ ਰਾਜਨੀਤਕ ਪਾਰਟੀ ਦਾ ਆਗਾਜ਼ ਹੋਇਆ ਹੈ। ਆਮ ਆਦਮੀ ਪਾਰਟੀ ਦੇ ਬਾਗੀ ਧੜੇ ਨੇ ਸੁਖਪਾਲ ਸਿੰਘ ਖਹਿਰਾ ਦੀ ਅਗਵਾਈ ਵਿਚ 'ਪੰਜਾਬ ਏਕਤਾ ਪਾਰਟੀ' ਦੇ ਨਾਮ ਹੇਠ ਤੀਜੇ ਰਾਜਸੀ ਬਦਲ ਦਾ ਚੌਂਤਰਾ ਮੱਲਣ ਲਈ ਤਾਲ ਠੋਕੀ ਹੈ। ਇਸੇ ਦੌਰਾਨ ਆਮ ਆਦਮੀ ਪਾਰਟੀ ਦੇ ਅਸਤੀਫਾ ਦੇ ਚੁੱਕੇ ਵਿਧਾਇਕ ਐਚਐਸ ਫੂਲਕਾ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਬਾਦਲਾਂ ਤੋਂ ਆਜ਼ਾਦ ਕਰਵਾਉਣ ਦਾ ਐਲਾਨ ਵੀ ਹੋ ਚੁੱਕਾ ਹੈ। ਅਜਿਹੇ ਮਾਹੌਲ ਵਿਚ ਉਪਰੋਕਤ ਤਮਾਮ ਦਲਾਂ ਦੇ ਸਰਬਰਾਹ 'ਭਲੇਮਾਣਸਾਂ' ਤੋਂ ਇਹ ਸਵਾਲ ਪੁੱਛਣਾ ਵੀ ਵਾਜਿਬ ਹੋ ਗਿਆ ਹੈ ਕਿ ਉਹ ਇਸ ਹਾਲਾਤ ਵਿਚ ਸੱਚਮੁੱਚ ਹੀ ਕਿਸੇ ਤੀਜੇ ਰਾਜਸੀ ਬਦਲ ਦੀ ਆਸ ਕਰ ਰਹੇ ਹਨ ਜਾਂ ਮੁੜ ਬਾਦਲਕਿਆਂ ਤੇ ਕਾਂਗਰਸ ਨੂੰ ਪੰਜਾਬ ਦੀ ਸੱਤਾ ਥਾਲੀ ਵਿਚ ਪਰੋਸ ਕੇ ਦੇਣ ਦਾ ਰਾਹ ਪੱਧਰਾ ਕਰ ਰਹੇ ਹਨ। ਸੁਖਪਾਲ ਸਿੰਘ ਖਹਿਰਾ ਅਤੇ ਐੱਚਐੱਸ ਫੂਲਕਾ ਨੇ ਆਮ ਆਦਮੀ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਕੇ ਨਵੀਆਂ ਸਿਆਸੀ ਪਾਰੀਆਂ ਖੇਡਣ ਦਾ ਐਲਾਨ ਕੀਤਾ ਹੈ। ਫੂਲਕਾ ਨੇ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਨੂੰ ਅਕਾਲੀ ਦਲ ਖ਼ਾਸ ਤੌਰ ਉੱਤੇ ਬਾਦਲ ਪਰਿਵਾਰ ਦੇ ਕਬਜ਼ੇ ਵਿਚੋਂ ਆਜ਼ਾਦ ਕਰਵਾਉਣ ਲਈ ਮੁਹਿੰਮ ਵਿੱਢਣ ਦਾ ਐਲਾਨ ਕਰਕੇ ਸਿੱਖਾਂ ਅੰਦਰ ਨਵੇਂ ਬਦਲ ਵਜੋਂ

ਬਾਕੀ ਸਫ਼ਾ 29 'ਤੇ

### ਕਿਹੜੀ ਧਿਰ 'ਤੇ ਯਕੀਨ ਕਰਨ ਪੰਜਾਬ ਵਾਸੀ

ਹਾਲ ਹੀ ਵਿਚ ਬਾਗੀ ਅਕਾਲੀਆਂ ਨੇ ਟਕਸਾਲੀ ਅਕਾਲੀ ਦਲ ਤੇ ਬਾਗੀ ਆਪਕਿਆਂ ਨੇ ਹਮਖਿਆਲੀਆਂ ਨਾਲ ਰਲ ਕੇ ਜਮਹੂਰੀ ਗੱਠਜੋੜ ਬਣਾਏ ਹਨ। ਇਕ ਹੋਰ ਨਵਾਂ ਦਲ ਪੰਜਾਬ ਏਕਤਾ ਪਾਰਟੀ ਦੇ ਨਾ ਹੇਠ ਆਇਆ ਹੈ। ਸੂਬੇ ਦੇ ਸਿਆਸੀ ਦ੍ਰਿਸ਼ ਉੱਤੇ ਨਿੱਤ ਦਿਨ ਨਵੇਂ ਸਿਆਸੀ ਸਮੀਕਰਨ ਬਣ ਰਹੇ ਹਨ। ਪਾਰਟੀਆਂ ਦੇ ਅੰਦਰੂਨੀ ਟਕਰਾਵਾਂ ਕਾਰਨ ਇਕ ਸਦੀ ਪੁਰਾਣੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਅਤੇ ਨਵੇਂ ਬਦਲ ਦਾ ਸੁਪਨਾ ਵਿਖਾਉਣ ਵਾਲੀ ਆਮ ਆਦਮੀ ਪਾਰਟੀ ਰਸਮੀ ਤੌਰ ਉੱਤੇ ਦੋਫ਼ਾੜ ਹੋ ਗਈਆਂ ਹਨ। ਮਾਝੇ ਦੇ ਬਾਗ਼ੀ ਅਕਾਲੀ ਆਗੂਆਂ ਨੇ ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ ਨੂੰ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦਾ ਪ੍ਰਧਾਨ ਬਣਾਇਆ ਹੈ। ਮਾਲਵਾ ਅਤੇ ਦੋਆਬਾ ਦੇ ਵੱਡੇ ਆਗੂਆਂ ਵਿਚੋਂ ਕੋਈ ਵੀ ਇਸ ਅਕਾਲੀ ਦਲ ਵਿਚ ਸ਼ਾਮਿਲ ਨਹੀਂ ਹੋਇਆ ਪਰ ਮੰਨਿਆ ਜਾ ਰਿਹਾ ਹੈ ਕਿ ਇਸ ਨਾਲ ਅਕਾਲੀ ਦਲ ਨੂੰ ਮਾਝੇ ਵਿਚ ਵੱਡੇ ਸੰਕਟ ਦਾ ਸਾਹਮਣਾ ਕਰਨਾ ਪਵੇਗਾ। ਆਮ ਆਦਮੀ ਪਾਰਟੀ ਤੋਂ ਨਾਰਾਜ਼ ਐੱਮਪੀ ਡਾ. ਧਰਮਵੀਰ ਗਾਂਧੀ, ਸੁਖਪਾਲ ਸਿੰਘ ਖਹਿਰਾ ਨੇ ਆਪਣਾ-ਆਪਣਾ ਦਲ ਬਣਾਇਆ ਹੈ ਤੇ ਬੈਂਸ ਭਰਾਵਾਂ ਦੀ ਲੋਕ ਇਨਸਾਫ਼ ਪਾਰਟੀ ਵੀ ਮੈਦਾਨ ਵਿਚ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਬਹਿਬਲ ਕਲਾਂ ਅਤੇ ਬਰਗਾੜੀ ਵਿਚ ਪੁਲੀਸ ਗੋਲੀ ਨਾਲ ਦੋ ਸਿੱਖਾਂ ਦੀ ਹੋਈ ਮੌਤ ਦੇ ਦੋਸ਼ਾਂ ਦਾ ਸਾਹਮਣਾ ਕਰਦਾ ਆ

ਬਾਕੀ ਸਫ਼ਾ 29 'ਤੇ

# ਗਰੀਨ ਕਾਰਡਾਂ ਬਾਰੇ ਨਵੀਂ ਨੀਤੀ ਬਣਨ ਦੇ ਆਸਾਰ

### ਭਾਰਤੀਆਂ ਨੂੰ ਮਿਲੇਗਾ ਲਾਭ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਵਿਦੇਸ਼ੀ ਨਾਗਰਿਕਾਂ ਦੇ ਅਮਰੀਕਾ ਵਿਚ ਕੰਮ ਕਰਨ ਦੀ ਇਜਾਜ਼ਤ ਦੇਣ ਵਾਲੇ ਗਰੀਨ ਕਾਰਡਾਂ ਲਈ ਵੱਖ-ਵੱਖ ਦੇਸ਼ਾਂ ਦਾ ਨਿਰਧਾਰਿਤ ਕੋਟਾ-ਸਿਸਟਮ ਖਤਮ ਹੋਣ ਦੇ ਆਸਾਰ ਹਨ। ਅਮਰੀਕੀ ਕਾਂਗਰਸ ਦੇ ਦੋਵੇਂ ਪਾਰਟੀਆਂ ਦੀ ਕਾਂਗਰੈਸ਼ਨਲ ਰਿਸਰਚ ਸਰਵਿਸ ਨੇ ਕਿਹਾ ਹੈ ਕਿ ਜੇ ਰੁਜ਼ਗਾਰ ਆਧਾਰਤ ਆਵਾਸ 'ਤੇ ਪ੍ਰਤੀ ਮੁਲਕ ਨਿਰਧਾਰਿਤ ਕੋਟੇ ਦੀ ਬੰਦਸ਼ ਹਟਾ ਦਿੱਤੀ ਜਾਂਦੀ ਹੈ ਤਾਂ ਬਹੁਤ ਸਾਰੇ ਲੋਕਾਂ ਨੂੰ ਆਸ ਹੈ ਕਿ ਨਵੇਂ ਆਉਣ ਵਾਲੇ ਰੁਜ਼ਗਾਰ ਅਧਾਰਤ ਆਵਾਸੀਆਂ ਵਿਚ ਭਾਰਤੀ ਅਤੇ ਚੀਨੀ ਨਾਗਰਿਕਾਂ ਦੀ ਬਹੁਤਾਤ ਹੋ ਜਾਵੇਗੀ ਤੇ ਇੰਝ ਇਨ੍ਹਾਂ ਮੁਲਕਾਂ ਤੋਂ ਆਉਣ ਵਾਲੇ ਲੋਕਾਂ ਦਾ ਬੈਕਲਾਗ ਘਟਾਇਆ ਜਾ ਸਕਦਾ ਹੈ। ਗ੍ਰੀਨ ਕਾਰਡ ਲਈ ਪਹਿਲਾਂ ਤੋਂ ਤੈਅ ਸਾਰੇ ਦੇਸ਼ਾਂ ਦਾ ਕੋਟਾ ਖਤਮ ਹੋਣ ਨਾਲ ਅਮਰੀਕਾ 'ਚ ਮੌਜੂਦਾ ਭੇਦਭਾਵ ਖਤਮ ਹੋਵੇਗਾ। ਇਸ ਨਾਲ ਅਮਰੀਕੀ ਨਾਗਰਿਕਤਾ ਹਾਸਲ ਕਰਨ ਲਈ ਭਾਰਤੀਆਂ ਅਤੇ ਚੀਨੀਆਂ ਦੀ ਗਿਣਤੀ ਵਿਚ ਵੀ ਵਾਧਾ ਹੋਵੇਗਾ। ਜ਼ਿਕਰਯੋਗ ਹੈ ਕਿ ਗ੍ਰੀਨ ਕਾਰਡ ਅਪ੍ਰਵਾਸੀ ਨਾਗਰਿਕਾਂ ਨੂੰ ਸਥਾਈ ਰੂਪ ਨਾਲ ਅਮਰੀਕਾ ਵਿਚ ਰਹਿਣ ਅਤੇ ਉੱਥੇ ਕੰਮ ਕਰਨ ਦੀ




ਬਾਕੀ ਸਫ਼ਾ 28 'ਤੇ

# ਮੋਹਾਲੀ ਤੋਂ ਸ੍ਰੀ ਹਜ਼ੂਰ ਸਾਹਿਬ ਲਈ ਹਵਾਈ ਸੇਵਾ ਦੀ ਸ਼ੁਰੂਆਤ

**ਮੁਹਾਲੀ/ਬਿਊਰੋ ਨਿਊਜ਼ :** ਸਿੱਖ ਸੰਗਤਾਂ ਦੀ ਚਿਰੋਕਣੀ ਮੰਗ ਉਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੁਹਾਲੀ ਦੇ ਕੌਮਾਂਤਰੀ ਹਵਾਈ ਅੱਡੇ ਤੋਂ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਲਈ ਸਿੱਧੀ ਉਡਾਣ ਸ਼ੁਰੂ ਹੋ ਗਈ ਹੈ। ਇਸ ਦੀ ਸ਼ੁਰੂਆਤ ਕਰਦਿਆਂ ਏਅਰ ਇੰਡੀਆ ਦੇ ਜਹਾਜ਼ ਨੇ ਮੰਗਲਵਾਰ, 8 ਜਨਵਰੀ ਨੂੰ ਸਵੇਰੇ 9 ਵਜੇ ਹਜ਼ੂਰ ਸਾਹਿਬ (ਨਾਂਦੇੜ) ਲਈ ਪਹਿਲੀ ਉਡਾਣ ਭਰੀ। ਇਸ ਮੌਕੇ ਹਵਾਈ ਅੱਡੇ 'ਤੇ ਗੁਰਬਾਣੀ ਸ਼ਬਦ ਕੀਰਤਨ ਹੋਇਆ ਤੇ ਅਰਦਾਸ ਉਪਰੰਤ ਦੇਗ਼ ਵਰਤਾਈ ਗਈ। ਜ਼ਿਕਰਯੋਗ ਹੈ ਕਿ ਸਿੱਖ ਸ਼ਰਧਾਲੂਆਂ ਵੱਲੋਂ ਲੰਮੇ ਸਮੇਂ ਤੋਂ ਇਸ ਉਡਾਣ ਦੀ ਮੰਗ ਕੀਤੀ ਜਾ ਰਹੀ ਸੀ। ਪਹਿਲੀ ਉਡਾਣ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਤੇ ਸੰਸਦ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਸਣੇ ਰਾਜ ਸਭਾ ਦੇ ਮੈਂਬਰ ਸੁਖਦੇਵ ਸਿੰਘ ਢੀਂਡਸਾ, ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਤੇ ਜਥੇਦਾਰ ਤੋਤਾ ਸਿੰਘ, ਸਨੌਰ



ਮੋਹਾਲੀ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਸ੍ਰੀ ਹਜ਼ੂਰ ਸਾਹਿਬ ਲਈ ਸਿੱਧੀ ਉਡਾਣ ਸ਼ੁਰੂ ਕਰਨ ਮੌਕੇ ਪੰਜ ਪਿਆਰੇ।

ਬਾਕੀ ਸਫ਼ਾ 29 'ਤੇ




















Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الإتحاد
ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
2016
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com


1984
audiobook
1984 ਅਣਚਿਤਵਿਆ ਕਹਿਰ
ਅਜਮੇਰ ਸਿੰਘ
ਅਣਚਿਤਵਿਆ ਕਹਿਰ
ਬੋਲਦੀ ਕਿਤਾਬ
ਅੱਜ ਦੇ ਤੇਜੀ ਦੇ ਸਮੇਂ ਵਿਚ ਸਿੱਖ ਸਿਆਸਤ ਵੱਲੋਂ ਪਾਠਕਾਂ/ਸਰੋਤਿਆਂ ਲਈ
ਚੋਣਵੀਆਂ ਪੜ੍ਹਨਯੋਗ ਕਿਤਾਬਾਂ ਆਵਾਜ਼ ਰੂਪ ਵਿਚ ਪੇਸ਼ ਕੀਤੀਆ ਜਾ ਰਹੀਆਂ ਹਨ।
ਇਹ ਬੋਲਦੀਆਂ ਕਿਤਾਬਾਂ ਸਿੱਖ ਸਿਆਸਤ ਦੀ ਐਂਡਰਾਇਡ ਐਪ ਰਾਹੀਂ ਸਲਾਨਾ ਭੇਟਾ ਤਾਰ ਕੇ ਸੁਣੀਆਂ ਜਾ ਸਕਦੀਆਂ ਹਨ।
ਬੋਲਦੀਆਂ ਕਿਤਾਬਾਂ ਸੁਣਨ ਲਈ
(1) ਸਿੱਖ ਸਿਆਸਤ ਦੀ ਐਂਡਰਾਇਡ ਐਪ ਗੂਗਲ ਪਲੇਅ ਸਟੋਰ ਤੋਂ ਹਾਸਲ ਕਰੋ।
(2) ਐਪ ਵਿੱਚੋਂ ਸੱਜੇ ਪਾਸੇ ਉਪਰ ਬਣੇ ਨਿਸ਼ਾਨ ਦੱਬ ਕੇ ਸਲਾਨਾ ਭੇਟਾ ਤਾਰੋ।
(3) ਭੇਟਾ ਤਾਰਨ ਤੋਂ ਬਾਅਦ ਤੁਸੀਂ ਬੋਲਦੀਆਂ ਕਿਤਾਬਾਂ ਸੁਣ ਸਕੋਗੇ।
ਸਿੱਖ ਸਿਆਸਤ ਦੀ ਐਪ ਤੇ ਤੁਸੀਂ ਰੋਜ਼ਾਨਾ ਅੰਗਰੇਜ਼ੀ ਅਤੇ ਪੰਜਾਬੀ ਵਿਚ ਖਬਰਾਂ ਵੀ ਪੜ੍ਹ ਸਕਦੇ ਹੋ ਤੇ ਸਿੱਖ ਸਿਆਸਤ ਦੇ ਵੀਡੀਓ ਬਿਲਕੁਲ ਮੁਫਤ ਵੇਖ ਸਕਦੇ ਹੋ।
ਹੋਰਨਾਂ ਲੇਖਾਂ ਲਈ ਸਿੱਖ ਸਿਆਸਤ ਨਾਲ ਜੁੜੋ:
+91-855-606-7689 /sikhsiyasat /sikhsiyasat /sikhsiyasat m.me/sikhsiyasat Websites: www.sikhsiyasat.net | www.sikhsiyasat.info | www.sikhsiyasat.com

## ਆਸਟਰੇਲੀਆ

# ਕਾਨੂੰਨ ਤੋੜਨ ਵਾਲੇ 800 ਤੋਂ ਵੱਧ ਲੋਕਾਂ ਦਾ ਵੀਜ਼ਾ ਰੱਦ

**ਸਿਡਨੀ/ਬਿਊਰੋ ਨਿਊਜ਼ :**
ਆਸਟਰੇਲੀਆ ਸਰਕਾਰ ਨੇ ਇਕ ਸਖਤ ਫੈਸਲਾ ਲੈਂਦੇ ਹੋਏ ਅਪਰਾਧਿਕ ਮਾਮਲਿਆਂ 'ਚ ਸ਼ਾਮਲ 800 ਤੋਂ ਵੱਧ ਵਿਅਕਤੀਆਂ ਦੇ ਵੀਜ਼ੇ ਰੱਦ ਕਰ ਦਿੱਤੇ ਹਨ। ਉਨ੍ਹਾਂ ਨੂੰ ਮੁਲਕ ਛੱਡਣ ਦੇ ਹੁਕਮ ਦੇ ਦਿੱਤੇ ਗਏ ਹਨ।



ਆਸਟਰੇਲੀਆ ਦੇ ਗ੍ਰਹਿ ਮੰਤਰੀ ਪੀਟਰ ਡਟਨ ਨੇ ਆਖਿਆ ਕਿ ਅਪਰਾਧੀ ਵਿਅਕਤੀਆਂ ਨੂੰ ਘਰਾਂ ਨੂੰ ਵਾਪਸ ਭੇਜਣਾ, ਉਨ੍ਹਾਂ ਲੋਕਾਂ ਲਈ ਸੁਨੇਹਾ ਹੈ, ਜਿਹੜੇ ਮੁਲਕ ਦੇ ਕਾਨੂੰਨ ਨੂੰ ਤੋੜਦੇ ਹਨ। ਉਨ੍ਹਾਂ ਕਿਹਾ ਕਿ ਆਸਟਰੇਲੀਆ ਦਾ ਵੀਜ਼ਾ ਲੈਣ ਮੌਕੇ ਅਰਜ਼ੀਕਾਰ ਆਪਣਾ 'ਚੰਗਾ ਚਰਿੱਤਰ' ਹੋਣ ਦਾ ਸਰਟੀਫਿਕੇਟ ਦਿੰਦਾ ਹੈ ਜਿਸ ਨੂੰ ਆਧਾਰ ਮੰਨ ਕੇ ਇਮੀਗ੍ਰੇਸ਼ਨ ਵੀਜ਼ਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਉਹ ਸਾਰੇ ਸੰਸਾਰ ਦੇ ਲੋਕਾਂ ਦਾ ਸਵਾਗਤ ਕਰਦੇ ਹਨ ਪਰ ਦੂਜਿਆਂ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਲਈ ਇਥੇ ਕੋਈ ਥਾਂ ਨਹੀਂ ਹੈ। ਪਰਵਾਸੀਆਂ ਨੂੰ ਆਪਣੀਆਂ ਵੀਜ਼ਾ ਸ਼ਰਤਾਂ ਬਾਰੇ ਚੰਗੀ ਤਰ੍ਹਾਂ ਸਮਝਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪਿਛਲੇ ਪੰਜ ਸਾਲਾਂ ਵਿਚ, ਸਰਕਾਰ ਨੇ ਵੱਖ-ਵੱਖ ਅਪਰਾਧਾਂ ਸ਼ਾਮਲ 4150 ਗ਼ੈਰ-ਨਾਗਰਿਕਾਂ ਨੂੰ ਆਪਣੇ ਵੀਜ਼ਿਆਂ ਤੋਂ ਲਾਹ ਦਿੱਤਾ ਹੈ।

ਸਰਕਾਰ ਨੇ ਲੰਘੇ ਅਕਤੂਬਰ ਮਹੀਨੇ ਵਿਚ ਸੰਸਦ ਨੂੰ ਨਵਾਂ ਕਾਨੂੰਨ ਬਣਾਉਣ ਬਾਰੇ ਮਤਾ ਪੇਸ਼ ਕੀਤਾ ਸੀ ਜਿਸ ਅਨੁਸਾਰ ਅਪਰਾਧ ਨਾਲ ਜੁੜੇ ਕਿਸੇ ਵੀ ਵਿਦੇਸ਼ੀ ਮੂਲ ਦੇ ਵਿਅਕਤੀ ਦਾ ਵੀਜ਼ਾ ਰੱਦ ਕਰਕੇ ਦੇਸ਼ ਵਿਚੋਂ ਬਾਹਰ ਕੱਢਣਾ ਸ਼ਾਮਲ ਹੈ।ਰੱਦ ਵੀਜ਼ਾਧਾਰਕਾਂ 'ਚ ਆਸਟਰੇਲੀਆ ਦੇ ਪੱਕੇ ਵਸਨੀਕ ਤੇ ਵਿਦਿਆਰਥੀ ਵੀ ਸ਼ਾਮਲ ਹਨ। ਇਹ ਵੀਜ਼ਾਧਾਰਕ ਭਾਰਤ ਸਮੇਤ ਹੋਰ ਮੁਲਕਾਂ ਤੋਂ ਆਏ ਸਨ।

# ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ਼ਬਦ ਗੁਰੂ ਯਾਤਰਾ ਦੀ ਖ਼ਾਲਸਾਈ ਜਾਹੋ-ਜਲਾਲ ਨਾਲ ਸ਼ੁਰੂਆਤ

**ਸੁਲਤਾਨਪੁਰ ਲੋਧੀ/ਬਿਊਰੋ ਨਿਊਜ਼ :** ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ 'ਸ਼ਬਦ ਗੁਰੂ ਯਾਤਰਾ' ਦੀ ਖ਼ਾਲਸਾਈ ਜਾਹੋ-ਜਲਾਲ ਨਾਲ ਸ਼ੁਰੂਆਤ ਕੀਤੀ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ ਤੋਂ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਇਸ ਦੀ ਸ਼ੁਰੂਆਤ ਕੀਤੀ ਗਈ। ਇਹ ਸ਼ਬਦ ਗੁਰੂ ਯਾਤਰਾ ਪੰਜਾਬ ਭਰ ਵਿਚੋਂ ਹੁੰਦੀ ਹੋਈ ਅਪਰੈਲ ਮਹੀਨੇ ਵਾਪਸ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਸੰਪੂਰਨ ਹੋਵੇਗੀ।

ਸ਼ਬਦ ਗੁਰੂ ਯਾਤਰਾ ਪਹਿਲੇ ਪੜਾਅ ਤਹਿਤ ਗੁਰਦੁਆਰਾ ਬਾਉਲੀ ਸਾਹਿਬ, ਗੋਇੰਦਵਾਲ ਸਾਹਿਬ ਲਈ ਰਵਾਨਾ ਹੋਈ। ਇਸ ਦੀ ਅਰੰਭਤਾ ਦੀ ਅਰਦਾਸ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕੀਤੀ। ਇਸ ਮੌਕੇ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ, ਦਲ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਨਾਨਕਸਰ ਸੰਪਰਦਾ ਦੇ ਮੁਖੀ ਬਾਬਾ ਲੱਖਾ ਸਿੰਘ, ਜਨਰਲ ਸਕੱਤਰ ਗੁਰਬਚਨ ਸਿੰਘ ਕਰਮੂੰਵਾਲਾ, ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਸਾਬਕਾ ਮੰਤਰੀ ਡਾ. ਉਪਿੰਦਰਜੀਤ ਕੌਰ, ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਤੇ ਨਵਤੇਜ ਸਿੰਘ ਆਦਿ ਸ਼ਾਮਲ ਹੋਏ। ਇਸ ਦੌਰਾਨ ਬੈਂਡ ਪਾਰਟੀਆਂ ਅਤੇ ਸਕੂਲਾਂ ਦੇ ਵਿਦਿਆਰਥੀਆਂ ਨੇ ਵੀ ਸ਼ਮੂਲੀਅਤ ਕੀਤੀ ਅਤੇ ਸੰਗਤ ਨੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ 'ਤੇ ਫੁੱਲਾਂ ਦੀ ਵਰਖਾ ਕੀਤੀ। ਸ਼ਬਦ ਗੁਰੂ ਯਾਤਰਾ ਨਾਲ ਗੁਰੂ ਸਾਹਿਬ ਦੇ ਪਾਵਨ ਸ਼ਸਤਰਾਂ, ਬਸਤਰਾਂ ਵਾਲੀ ਬੱਸ ਵੀ ਸ਼ਾਮਲ ਸੀ।

ਇਸ ਮੌਕੇ ਗਿਆਨੀ ਹਰਪ੍ਰੀਤ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਸਿੱਖੀ ਪ੍ਰਚਾਰ ਲਈ



ਸੁਨਹਿਰੀ ਮੌਕਾ ਹੈ ਅਤੇ ਹਰ ਗੁਰੂ ਨਾਨਕ ਨਾਮ ਲੇਵਾ ਦਾ ਫ਼ਰਜ਼ ਹੈ ਕਿ ਉਹ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਦੇ ਪ੍ਰਚਾਰ ਲਈ ਯਤਨ ਕਰੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਇਸ ਸ਼ਬਦ ਗੁਰੂ ਯਾਤਰਾ ਦਾ ਉਦੇਸ਼ ਗੁਰੂ ਸਾਹਿਬ ਦੀ ਵਿਚਾਰਧਾਰਾ ਨੂੰ ਘਰ-ਘਰ ਪਹੁੰਚਾਉਣ ਲਈ ਸੰਗਤ ਨੂੰ ਪ੍ਰੇਰਿਤ ਕਰਨਾ ਹੈ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਸ਼੍ਰੋਮਣੀ ਕਮੇਟੀ ਵੱਲੋਂ ਅਰੰਭੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਤੋਂ ਪਹਿਲਾਂ ਭਾਈ ਸਤਿੰਦਰਬੀਰ ਸਿੰਘ ਤੇ ਭਾਈ ਜਰਨੈਲ ਸਿੰਘ ਕੁਹਾੜਕਾ ਦੇ ਰਾਗੀ ਜਥਿਆਂ ਨੇ ਕੀਰਤਨ ਕੀਤਾ ਤੇ ਪ੍ਰਚਾਰਕ ਸਰਬਜੀਤ ਸਿੰਘ ਢੋਟੀਆਂ ਨੇ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ।

ਇਸ ਮੌਕੇ ਭਾਈ ਮਨਜੀਤ ਸਿੰਘ ਭੂਰਾਕੋਹਨਾ, ਖੁਸ਼ਵਿੰਦਰ ਸਿੰਘ ਭਾਟੀਆ, ਜਥੇਦਾਰ ਸ਼ਿੰਗਾਰਾ ਸਿੰਘ ਲੋਹੀਆਂ, ਬਾਬਾ ਸੁਬੇਗ ਸਿੰਘ, ਸੁਖਵਿੰਦਰ ਸਿੰਘ ਭੂਰੀਵਾਲੇ, ਗੁਰਚਰਨ ਸਿੰਘ, ਜਗਜੀਤ ਸਿੰਘ ਹਰਖੋਵਾਲ, ਨਾਗਰ ਸਿੰਘ, ਬਾਬਾ ਰਣਯੋਧ ਸਿੰਘ, ਭਾਈ ਅਮਰਜੀਤ ਸਿੰਘ ਚਾਵਲਾ, ਗੁਰਪ੍ਰੀਤ ਕੌਰ ਰੂਹੀ ਆਦਿ ਹਾਜ਼ਰ ਸਨ।

# ਕੈਨੇਡਾ ਦੇ ਐਮ.ਪੀ. ਸੁੱਖ ਧਾਲੀਵਾਲ ਹਰਿਮੰਦਰ ਸਾਹਿਬ ਹੋਏ ਨਤਮਸਤਕ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਕੈਨੇਡਾ ਦੇ ਮੈਂਬਰ ਪਾਰਲੀਮੈਂਟ ਸੁੱਖ ਧਾਲੀਵਾਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਆਏ। ਉਨ੍ਹਾਂ ਇਥੇ ਦੇਸ਼-ਵਿਦੇਸ਼ ਵਿਚ ਵਸਦੇ ਪੰਜਾਬੀਆਂ ਤੇ ਸਿੱਖ ਭਾਈਚਾਰੇ ਦੀ ਚੜ੍ਹਦੀ ਕਲਾ ਲਈ ਅਰਦਾਸ ਵੀ ਕੀਤੀ। ਇਸੇ ਦੌਰਾਨ ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨਾਲ ਮੁਲਾਕਾਤ ਕਰ ਕੇ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਬੰਧੀ ਸ਼ੁਰੂ

ਬਾਕੀ ਸਫ਼ਾ 28 'ਤੇ






# ਮੈ ਕਦੇ ਕਿਸੇ ਨੂੰ ਨਹੀਂ ਕਿਹਾ ਕਿ ਜਸਜੀਤ ਸਿੰਘ ਭਾਰਤੀ ਸਰਕਾਰ ਦਾ ਏਜੰਟ ਹੈ : ਦਰਸ਼ਨ ਸੰਧੂ

**STATEMENT OF DARSHAN SANDHU**

I have not communicated with anyone that Jasjeet Singh is an agent of the Indian government. I strongly agree to sit with him in a public meeting to resolve this issue.

DATED: 12/27/2018

DARHSAN SANDHU

ਫਰੀਮੌਂਟ: ਦਰਸ਼ਨ ਸੰਧੂ ਕਈ ਸਾਲਾਂ ਤੋਂ ਜਸਜੀਤ ਸਿੰਘ ਤੇ ਬੇਬੁਨਿਆਦ ਇਲਜ਼ਾਮ ਤਰਾਸ਼ੀ ਕਰਦਾ ਆ ਰਿਹਾ ਹੈ ਅਤੇ ਇਸ ਦਾ ਨਿਬੇੜਾ ਕਰਨ ਲਈ ਜਸਜੀਤ ਸਿੰਘ ਨੇ ਮਈ 2018 ਵਿੱਚ ਮਾਣ-ਹਾਨੀ ਦਾ ਕੇਸ ਕਰ ਦਿੱਤਾ ਸੀ। ਦਰਸ਼ਨ ਸੰਧੂ ਇਹ ਦਾਅਵੇ ਨਾਲ ਕਹਿ ਰਿਹਾ ਸੀ ਕਿ ਉਸ ਕੋਲ ਸਬੂਤ ਹਨ ਕਿ ਜਸਜੀਤ ਸਿੰਘ ਭਾਰਤੀ ਏਜੰਸੀਆਂ ਲਈ ਕੰਮ ਕਰਦਾ ਹੈ ਅਤੇ ਕੇਸ ਉਪਰੰਤ ਇਹ ਆਮ ਕਹਿੰਦਾ ਰਿਹਾ ਹੈ ਕਿ ਹੁਣ ਜਸਜੀਤ ਸਿੰਘ ਤਕੜਾ ਹੋ ਜਾਏ, ਅਸੀਂ ਕੇਸ ਸਿਰੇ ਲਾ ਕੇ ਹਟਣਾ ਹੈ ਅਤੇ ਸਾਰੇ ਸਬੂਤ ਕੋਰਟ ਵਿਚ ਦੇ ਦੇਣੇ ਹਨ। ਪਰ ਹੋਇਆ ਇਸਦੇ ਬਿਲਕੁਲ ਉਲਟ। ਸਬੂਤ ਪੇਸ਼ ਕਰਨ ਦੀ ਬਜਾਏ ਦਰਸ਼ਨ ਸੰਧੂ ਤੇ ਜਸਦੀਪ ਜੱਸੇ ਨੇ ਕਿਹਾ ਕਿ ਅਸੀਂ ਇਹ ਕਦੇ ਕਿਸੇ ਕੋਲ ਕਿਹਾ ਹੀ ਨਹੀਂ ਕਿ ਜਸਜੀਤ ਸਿੰਘ ਭਾਰਤੀ ਏਜੰਸੀਆਂ ਦਾ ਬੰਦਾ ਹੈ। ਇਹ ਕਹਿਣ ਉਪਰੰਤ ਜਸਜੀਤ ਸਿੰਘ ਨੇ ਆਪਣਾ



ਦਰਸ਼ਨ ਸਿੰਘ ਸੰਧੂ

ਕੇਸ ਵਾਪਿਸ ਲੈ ਲਿਆ ਹੈ। ਇਹ ਉਹੀ ਦਰਸ਼ਨ ਸੰਧੂ ਹੈ ਜਿਸਨੇ 23 ਨਵੰਬਰ ਵਾਲੇ ਦਿਨ ਗੁਰਦੁਆਰਾ ਸਾਹਿਬ ਫਰੀਮੌਂਟ ਵਿਚ ਕੰਵਲਜੀਤ ਸਿੰਘ ’ਤੇ ਸਿਰੀ ਸਾਹਿਬ ਨਾਲ ਹਮਲਾ ਕਰਕੇ ਉਹਦੇ ਸਿਰ ਵਿਚ ਸੱਟ ਮਾਰੀ ਸੀ।

ਜਸਜੀਤ ਸਿੰਘ ਨੇ ਕਿਹਾ ਕਿ ਮੈਨੂੰ ਕਿਸੇ ਤੋਂ ਕੋਈ ਸਰਟੀਫ਼ਿਕੇਟ ਲੈਣ ਦੀ ਜ਼ਰੂਰਤ ਨਹੀਂ ਕਿ ਮੈਂ ਕੌਣ ਹਾਂ, ਪਰ ਮੈਂ ਉਹਨਾਂ ਲੋਕਾਂ ਕੋਲ ਇਹ ਗੱਲ ਸਾਬਤ ਕਰਨੀ ਚਾਹੁੰਦਾ ਸੀ ਜਿਨ੍ਹਾਂ ਕੋਲ ਦਰਸ਼ਨ ਸੰਧੂ ਕਈ ਸਾਲਾਂ ਤੋਂ ਬੜੇ ਦਾਅਵੇ ਨਾਲ ਝੂਠੀਆਂ ਤਹੁਮਤਾਂ ਲਾਉਂਦਾ ਰਿਹਾ ਹੈ। ਦੁਨੀਆਂ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਕਿਵੇਂ ਅਜਿਹੇ ਲੋਕ ਝੂਠੀਆਂ ਗੱਲਾਂ ਕਰਕੇ ਪੰਥ ਦਾ ਨੁਕਸਾਨ ਕਰ ਰਹੇ ਹਨ।

ਕੋਰਟ ਸਮਝੌਤੇ ਮੁਤਾਬਕ ਇਹਨਾਂ ਨੂੰ ਹਾਲੇ ਪਬਲਿਕ ਮੀਟਿੰਗ ਵਿਚ ਵੀ ਸੁਆਲ-ਜੁਆਬ ਕਰਨ ਲਈ ਆਉਣਾ ਪਏਗਾ। ਹੁਣ ਮੈਂ ਵੀ ਇਹਨਾਂ ਨੂੰ ਕਈ ਸੁਆਲ ਪੁੱਛਣੇ ਹਨ ਤਾਂ ਜੋ ਲੋਕਾਂ ਨੂੰ ਪੂਰੀ ਗੱਲ ਦਾ ਪਤਾ ਲੱਗ ਸਕੇ। ਸਾਡੇ ਵਕੀਲ ਨੇ ਇਹਨਾਂ ਨੂੰ ਚਿੱਠੀ ਪਾਈ ਹੈ, ਹੁਣ ਇਹਨਾਂ ਨੇ ਜਵਾਬ ਦੇਕੇ ਮੀਟਿੰਗ ਦੀ ਤਰੀਕ ਜਾਂ ਹੋਰ ਸ਼ਰਤਾਂ ਤੈਅ ਕਰਨੀਆਂ ਹਨ। ਇਹਨਾਂ ਕੋਲ ਹੁਣ ਵੀ ਟਾਈਮ ਹੈ ਕਿ ਮੇਰੇ ਵਿਰੁੱਧ ਜੋ ਵੀ ਹੈ ਉਹ ਮੀਟਿੰਗ ਵਿੱਚ ਪੇਸ਼ ਕਰ ਦੇਣ।

## ਵਕੀਲ ਵੱਲੋਂ ਪਾਈ ਚਿੱਠੀ ਦਾ ਉਤਾਰਾ

**Subject: Settlement Agreement Meeting**

John and Fred

In furtherance of the settlement agreement between my client, Jasjeet Singh, and your respective clients, we propose the following meeting format:

a) Each party may bring up to 100 people.
b) The venue will be at a mutually agreed upon location in the Bay Area with the cost shared equally among the parties.
c) Only the parties (i.e., Jasjeet, Jasdeep and Darshan) may ask questions to each other or make presentations to the audience.
d) Each party is allotted 2 total hours of time, to be used in any way the party deems appropriate, whether by asking questions of the other parties or addressing the audience. Additionally, there will be 2 hours allotted to the audience for the purpose of allowing audience members to ask questions of any party.
e) All parties shall come to agreement on a moderator, who will moderate the entire meeting.
f) The meeting shall be recorded videographically.
g) The Sikh religious prayer ARDAS will be performed at the start of the meeting, which is used as a pledge to tell the truth in the meeting.

Please let me know if this format is agreeable to each of your clients, and if not, what revisions they propose.

**Trevor Zink, Esq.**
**Omni Law Group, LLP**

## ਸਾਰੀ ਕਹਾਣੀ ਦਾ ਪਿਛੋਕੜ

ਦੁਨੀਆਂ ਦਾ ਦਸਤੂਰ ਹੈ ਕਿ ਜੇ ਤੁਸੀਂ ਕਿਸੇ ’ਤੇ ਦੋਸ਼ ਲਾਉਂਦੇ ਹੋ ਤਾਂ ਲੋਕਾਂ ਵਿੱਚ ਜਾਣ ਤੋਂ ਪਹਿਲਾਂ ਉਸਨੂੰ ਇੱਕ ਵਾਰੀ ਮੌਕਾ ਦਿੰਦੇ ਹੋ, ਉਹ ਆਪਣਾ ਪੱਖ ਸ਼ਪੱਸ਼ਟ ਕਰੇ। ਦਰਸ਼ਨ ਸੰਧੂ ਕਈ ਸਾਲਾਂ ਤੋਂ ਮੇਰੇ ’ਤੇ ਦੋਸ਼ ਲਾ ਰਿਹਾ ਹੈ ਪਰ ਪਹਿਲਾਂ ਪਹਿਲ ਮੈ ਇਸਨੂੰ ਵਿਰੋਧੀ ਸਮਝ ਕੇ ਅਣਗੌਲਿਆਂ ਕਰਦਾ ਰਿਹਾ। ਮੈਂ ਲੋਕਾਂ ਵਿੱਚ ਵਿਚਰਨ ਵਾਲਾ ਬੰਦਾ ਨਹੀਂ ਪਰ ਇਹ ਲੋਕਾਂ ਵਿੱਚ ਵਿਚਰਦੇ ਰਹਿੰਦੇ ਹਨ। ਦਰਸ਼ਨ ਹਮੇਸ਼ਾ ਮੇਰੇ ਵਿਰੋਧੀਆਂ ਦੀ ਭਾਲ ਵਿੱਚ ਰਹਿੰਦਾ ਹੈ। ਇਹਨਾਂ ਦਾ ਕੰਮ ਸਾਰਾ ਦਿਨ ਮੇਰੇ ਵਿੱਰੁਧ ਹੀ ਗੱਲਾਂ ਕਰਨੀਆਂ ਹਨ ਅਤੇ ਮੈਂ ਦੋ ਕੁ ਸਾਲ ਪਹਿਲਾਂ ਅਹਿਸਾਸ ਕੀਤਾ ਕਿ ਲੋਕ ਇਹਨਾਂ ਦੀਆਂ ਗੱਲਾਂ ਨੂੰ ਸੱਚ ਮੰਨ ਰਹੇ ਹਨ। ਮੈਨੂੰ ਇਸ ਗੱਲ ਦਾ ਪਤਾ ਉਦੋਂ ਲੱਗਿਆ ਜਦੋਂ ਸਿੱਖ ਪੰਚਾਇਤ ਬਨਣ ਨਾਲ ਉਹ ਸਾਰੇ ਬੰਦੇ ਵੀ ਮੈਨੂੰ ਮਿਲਨ ਲੱਗੇ ਜ਼ਿਹਨਾਂ ਦੇ ਕੰਨ ਇਸਨੇ ਭਰੇ ਸਨ। ਉਹਨਾਂ ਨੇ ਮੇਰੇ ਕੰਮ ਅਤੇ ਸੁਭਾਅ ਕਰਕੇ ਆਪਣਾ ਮਨ ਬਣਾਇਆਂ ਅਤੇ ਹੌਲੀ ਹੌਲੀ ਬਹੁਤੇ ਬੰਦੇ ਮੇਰੇ ਨਾਲ ਸਮਾਜਿਕ ਤੇ ਪੰਥਕ ਸਾਂਝ ਵੀ ਰੱਖਣ ਲੱਗੇ। ਮੁੱਕਦੀ ਗੱਲ ਇਹ ਕਿ ਸੱਚ ਨੂੰ ਪ੍ਰਗਟ ਕਰਨ ਲਈ ਮਹਾਰਾਜ ਨੇ ਬਿਧ ਬਣਾ ਹੀ ਦੇਣੀ ਹੁੰਦੀ ਹੈ। ਉਹਨਾਂ ਨੇ ਮੈਨੂੰ ਦੱਸਣਾ ਸ਼ੁਰੂ ਕੀਤਾ ਕਿ ਦਰਸ਼ਨ ਸੰਧੂ ਉਹਨਾਂ ਨੂੰ ਕੀ ਕਹਿੰਦਾ ਰਿਹਾ ਹੈ ਅਤੇ ਉਹ ਸਾਰੇ ਹੀ ਉਸ ਦੀਆਂ ਗੱਲਾਂ ਵਿਚ ਆ ਕੇ ਕੋਰਟ ’ਚ ਗਵਾਹੀ ਦੇਣ ਲਈ ਤਿਆਰ ਹੋਏ।

ਦਰਸ਼ਨ ਸਿੰਘ ਨੇ ਆਪ ਚੈਲੰਜ ਕੀਤਾ ਕਿ ਕੈਮਰਿਆਂ ਦੇ ਸਾਹਮਣੇ ਆ ਕੇ ਜਸਜੀਤ ਸਿੰਘ ਗੱਲਾਂ ਦਾ ਜੁਆਬ ਦਵੇ। ਮੈਂ ਮੰਨ ਗਿਆ ਅਤੇ ਟਰਲੱਕ ਵਾਲੇ ਸੰਦੀਪ ਜੰਟੀ ਹੋਰਾਂ ਨੇ ਫਰੀਮੌਂਟ ਗੁਰੂਘਰ ਦੀ ਤਰੀਕ ਮਿੱਥ ਦਿੱਤੀ। ਮੈਨੂੰ ਪਤਾ ਸੀ ਕਿ ਦਰਸ਼ਨ ਸੰਧੂ ਮੇਰੇ ਨਾਲ ਪਬਲਿਕ ਮੀਟਿੰਗ ਨਹੀਂ ਕਰੇਗਾ ਅਤੇ ਇਹ ਗੱਲ ਮੈਂ ਸੰਦੀਪ ਨੂੰ ਦੱਸੀ। ਉਹ ਕਹਿੰਦਾ ਹੋ ਹੀ ਨਹੀਂ ਸਕਦਾ, ਹੁਣ ਤਰੀਕ ਤਾਂ ਮਿੱਥ ਦਿੱਤੀ ਹੈ। ਮੈਂ ਉਸ ਨੂੰ ਕਿਹਾ ਕਿ ਇਹ ਕੋਈ ਨਾ ਕੋਈ ਬਹਾਨਾ ਲੱਭ ਲੈਣਗੇ, ਕਿਉਂਕਿ ਜਿੰਨਾ ਝੂਠ ਇਹ ਲੋਕਾਂ ਕੋਲ ਬੋਲ ਚੁੱਕੇ ਸਨ, ਉਹਨੂੰ ਸਾਬਤ ਕਿਵੇਂ ਕਰਨਗੇ। ਦਰਸ਼ਨ ਸੰਧੂ ਨੇ ਬਹੁਤ ਬੜਕਾਂ ਮਾਰੀਆਂ ਕਿ ਜਸਜੀਤ ਬਹਾਨਾ ਬਣਾਕੇ ਇਸ ਗੱਲਬਾਤ ਤੋਂ ਭੱਜੂ, ਪਰ ਮੈਂ ਗੱਲਬਾਤ ਬਾਰੇ ਨਾਂਹ ਨਹੀਂ ਕੀਤੀ, ਕਿਉਂਕਿ ਮੈਨੂੰ ਇਸ ਦੀ ਆਦਤ ਦਾ ਪਤਾ ਸੀ ਕਿ ਇਹ ਸੱਚਾ ਤੇ ਦਲੇਰ ਹੋਣ ਦਾ ਪਰਚੰਡ ਰਚਣ ਲਈ ਇਹੋ ਜਿਹੀ ਨਾਹਰੇਬਾਜ਼ੀ ਕਰਦਾ ਰਹਿੰਦਾ ਹੈ। ਹੋਇਆ ਵੀ ਬਿਲਕੁਲ ਉਸੇ ਤਰ੍ਹਾਂ ਹੀ, ਐਨ ਤਰੀਕ ਵਾਲੇ ਦਿਨ ਗੁਰਮੀਤ ਸਿੰਘ ਕਾਲ ਕਰਕੇ ਕਹਿੰਦਾ ਹੈ ਕਿ ‘ਪਹਿਲਾਂ ਆਪਾਂ ਬਹਿ ਕੇ ਗੱਲ ਕਰ ਲਈਏ।’ ਪੰਚਾਇਤ ਵਿੱਚ ਆਉਣ ਤੋਂ ਬਾਅਦ ਮੈਂ ਉਸਦੀ ਬਹੁਤ ਇੱਜ਼ਤ ਕਰਦਾ ਸੀ ਅਤੇ ਉਸ ਵੱਲੋਂ ਕਹੀ ਹਰ ਗੱਲ ਮੰਨ ਵੀ ਲੈਂਦਾ ਸੀ। ਐਸ ਪੀ ਸਿੰਘ ਦੇ ਦਫਤਰ ਮੈਂ ਗੁਰਮੀਤ ਸਿੰਘ, ਜਸਦੀਪ ਜੱਸਾ, ਐਸ.ਸੀ. ਤੇ ਸ਼ਾਇਦ ਕਸ਼ਮੀਰ ਸਿੰਘ ਸ਼ਾਹੀ ਮਿਲੇ। ਜੱਸੇ ਨੇ ਦਸਿਆ ਕਿ ਦਰਸ਼ਨ ਦੇ ਕੁੱਝ ਸੁਆਲ ਹਨ। ਮੈਂ ਕਿਹਾ, ‘ਮੈਂ ਕੋਈ ਗ਼ੁਸਾ ਨਹੀਂ ਕਰਦਾ, ਮੀਟਿੰਗ ਵਿੱਚ ਆਕੇ ਜੁਆਬ ਦੇ ਦਿੰਦੈ।’

ਇਹ ਕਹਿੰਦੇ ਕਿ ‘ਤੂੰ ਮੀਟਿੰਗ ਨਾ ਕਰ ਅਸੀਂ ਉਹਨੂੰ ਚੁੱਪ ਕਰਾ ਦਿੰਦੇ ਹਾਂ।’ ਪਰ ਮੈ ਨਾ ਮੰਨਿਆ ਕਿ ਮੈਂ ਲੋਕਾਂ ਦੇ ਘਰਾਂ ’ਚ ਨਹੀਂ ਜਾਂਦਾ ਅਤੇ ਦਰਸ਼ਨ ਨੇ ਮੇਰਾ ਅਕਸ ਬਹੁਤ ਵਿਗਾੜਿਆ ਹੈ। ਮੇਰੇ ਕੋਲ ਪਬਲਿਕ ਮੀਟਿੰਗ ਕਰੇ ਬਿਨਾ ਹੋਰ ਕੋਈ ਚਾਰਾ ਨਹੀਂ, ਇਹਨੂੰ ਹੱਲ ਕਰਨ ਦਾ। ਫੇਰ ਕਾਫ਼ੀ ਬਹਿਸ ਤੋਂ ਬਾਅਦ ਗੁਰਮੀਤ ਸਿੰਘ ਕਹਿਣ ਲੱਗਾ, ‘ਜਸਜੀਤ ਸਿੰਹਾ, ਛੱਡ ਯਾਰ ਚੱਲ ਆਪਾਂ 2-2, 4-4 ਬੰਦੇ ਬੁਲਾ ਲੈਂਦੇ ਹਾਂ। ਪਬਲਿਕ ਮੀਟਿੰਗ ਵਿੱਚ ਕੁੱਝ ਨਹੀਂ ਨਿਕਲਣਾ ਅਤੇ ਅੱਜ ਦੀ ਮੀਟਿੰਗ ਤੂੰ ਰਹਿਣ ਦੇ’ ਮੈਂ ਕਿਹਾ, ‘ਚਲੋ ਠੀਕ ਐ ਪਰ ਹੁਣ ਤਾਂ 30-40 ਬੰਦੇ ਫਰੀਮੌਂਟ ਪਹੁੰਚ ਗਏ ਅਤੇ ਤੁਸੀਂ ਆਪ ਜਾਕੇ ਉਹਨਾਂ ਨੂੰ ਦੱਸੋ।’ ਗੁਰਮੀਤ ਸਿੰਘ ਕਹਿੰਦੇ ਠੀਕ ਐ ਮੈਂ ਆਏ ਸੱਜਣਾਂ ਨੂੰ ਬੇਨਤੀ ਕਰ ਦਿੰਦਾ ਹਾਂ। ਗੁਰਮੀਤ ਸਿੰਘ ਨੇ ਫਰੀਮੌਂਟ ਆ ਕੇ ਸਾਰਿਆਂ ਨੂੰ ਦੱਸਿਆ ਪਰ ਬਹੁਤੇ ਬੰਦਿਆਂ ਨੂੰ ਗੱਲ ਚੰਗੀ ਨਾ ਲੱਗੀ ਕਿਉਂਕਿ ਉਹਨਾਂ ਸਾਰਿਆਂ ਕੋਲ ਹੀ ਦਰਸ਼ਨ ਸੰਧੂ ਕਈ ਸਾਲਾਂ ਤੋਂ ਗੱਲਾਂ ਕਰਦਾ ਆ ਰਿਹਾ ਸੀ ਅਤੇ ਉਹਨਾਂ ਨੂੰ ਵੀ ਸੀ ਆਹਮਣੋ-ਸਾਹਮਣੇ ਸੱਚ ਦਾ ਪਤਾ ਲੱਗੇ। ਚਲੋ ਪ੍ਰਾਈਵੇਟ ਮੀਟਿੰਗ ਥੋੜ੍ਹੇ ਦਿਨਾਂ ਵਿੱਚ ਤੈਅ ਕਰਨ ਦਾ ਵਾਅਦਾ ਕਰਕੇ ਉੱਠ ਪਏ। ਫਿਰ ਉਸ ਮੀਟਿੰਗ ਦੀ ਤਰੀਕ ਮਿਥੀ ਗਈ ਅਤੇ ਹੁਣ ਮੀਟਿੰਗ ਕੋਆਰਡੀਨੇਟ ਕਰਨ ਲਈ ਭਾਈ ਗੁਰਭੇਜ ਸਿੰਘ ਮੈਨੂੰ ਅਤੇ ਜੱਸੇ-ਦਰਸ਼ਨ ਨੂੰ ਮਿਲੇ। ਇੱਕ ਗੁਰਸਿੱਖ ਪਰਿਵਾਰ ਦੇ ਘਰ ਮੀਟਿੰਗ ਤੈਅ ਹੋਈ ਪਰ ਕਿਹਾ ਗਿਆ ਕਿ ਕੈਮਰੇ ਰਹਿਣ ਦਿਓ ਐਂਵੇ ਫ਼ਿਲਮ ਘੁੰਮਦੀ ਰਹਿੰਦੀ ਐ ਗੱਲ ਮੁੱਕਣੀ ਨਹੀਂ। ਮੈਂ ਫੇਰ ਮੰਨ ਗਿਆ ਕਿਉਂਕਿ ਹਾਲੇ ਤੱਕ ਮੈਨੂੰ ਗੁਰਮੀਤ ਸਿੰਘ ਦੀ ਇਮਾਨਦਾਰੀ ’ਤੇ ਸ਼ੱਕ ਨਹੀਂ ਸੀ। ਇਸਨੇ ਮੈਨੂੰ ਹਮੇਸ਼ਾ ਕਹਿਣਾ, ‘ਦਰਸ਼ਨ ਸਾਡੇ ਗਰੁੱਪ ਦਾ ਮੈਂਬਰ ਨਹੀਂ, ਸਾਡੇ ਬੰਦਿਆਂ ਦਾ ਦੋਸਤ ਐ, ਕੀ ਕਰੀਏ ਮੈਂ ਇਹਦੀ ਇਹ ਗੱਲ ਸੱਚ ਮੰਨ ਲੈਂਦਾ ਸੀ।

ਅਸੀਂ ਪਹੁੰਚ ਗਏ। ਗੁਰਮੀਤ ਸਿੰਘ ਤੇ ਐਸ ਪੀ ਵੀ ਪਹੁੰਚ ਗਏ। ਭਾਈ ਗੁਰਭੇਜ ਸਿੰਘ ਹੋਰੀਂ ਵੀ ਆ ਗਏ ਪਰ ਦਰਸ਼ਨ ਸੰਧੂ ਤੇ ਜੱਸਾ ਨਾ ਆਏ। ਗੁਰਭੇਜ ਸਿੰਘ ਨੇ ਗੁਰਮੀਤ ਸਿੰਘ ਨੂੰ ਪੁਛਿਆ ਕਿ ਕਿਥੇ ਨੇ ਬੰਦੇ? ਤਾਂ ਭਾਈ ਸਾਹਿਬ ਕਹਿੰਦੇ ‘ਆਉਣਾ ਸੀ ਉਹਨਾਂ ਨੇ ਇੱਥੇ?’ ਮੈਂ ਵੈਸੇ ਪਹਿਲਾਂ ਕਸ਼ਮੀਰ ਸਿੰਘ ਨੂੰ ਕਹਿ ਚੁੱਕਾ ਸੀ ਕਿ ਉਹਨਾਂ ਨੇ ਆਉਣਾ ਨਹੀਂ ਜੇ ਆ ਵੀ ਗਏ ਤਾਂ ਗੁਰਮੀਤ ਸਿੰਘ ਤੇ ਗੁਰਭੇਜ ਸਿੰਘ ਦੇ ਦਬਾਅ ਹੇਠ ਰਾਜ਼ੀਨਾਮਾ ਹੀ ਹੋਣਾ ਹੈ, ਸੁਆਲ-ਜੁਆਬ ਨਹੀਂ ਹੋਣੇ, ਕਿਉਂਕਿ ਉਹਨਾਂ ਦਾ ਸਾਰਾ ਕੁੱਝ ਤਾਂ ਮੇਰੇ ਵਿਰੁੱਧ ਝੂਠ ਦੇ ਸਹਾਰੇ ਕੰਪੇਨ ਹੀ ਹੈ। ਗੁਰਭੇਜ ਸਿੰਘ ਨਾਲ ਅਮਰਦੀਪ ਵੀ ਆਇਆ ਅਤੇ ਉਥੇ ਕਾਫੀ ਦੇਰ ਗੱਲ ਚਲਦੀ ਰਹੀ। ਇਹ ਗੱਲ ਸ਼ਾਇਦ ਸਤੰਬਰ ਜਾਂ ਅਕਤੂਬਰ 2017 ਦੀ ਹੈ। ਗੁਰਮੀਤ ਸਿੰਘ ਕਹਿੰਦਾ ਕਿ ਆਪਾਂ ਜਨਵਰੀ 2018 ਤੱਕ ਸਾਰੇ ਚੁੱਪ ਕਰ ਜਾਈਏ ਤੇ ਮੈਨੂੰ ਭਰੋਸਾ ਦਿੱਤਾ ਕਿ ਦਰਸ਼ਨ ਹੋਰੀਂ ਮੇਰੇ ਵਿਰੁੱਧ ਕੁੱਝ ਨਹੀਂ ਬੋਲਣਗੇ। ਮੈਂ ਦਬਾਅ ਹੇਠ ਫਿਰ ਮੰਨ ਗਿਆ। ਜਨਵਰੀ ਆਈ ਹੋਈ ਹੋਈ, ਇਹਨਾਂ ਨੇ ਵੀ ਖੈਰ ਕੁੱਝ ਨਹੀਂ ਬੋਲਿਆ, ਮੈਂ ਵੀ ਸੋਚਿਆ ਛੱਡੋ ਖਹਿੜਾ ਚੁੱਪ ਹੀ ਭਲੀ।

ਸੁਪਰੀਮ ਕੌਂਸਲ ਦੀ ਚੋਣ ਵੇਲੇ ਚਲਦੀ ਬਹਿਸ ਵਿੱਚ ਮੇਰੇ ਬਾਰੇ ਦਰਸ਼ਨ ਨੇ ਫਿਰ ਉਹੀ ਇਲਜਾਮ ਲਾਉਣੇ ਸ਼ੁਰੂ ਕਰ ਦਿੱਤੇ। ਗੱਲ ਪੰਚਾਇਤ ਦੇ ਕੋਰ ਕਮੇਟੀ ਵਿੱਚ ਆਈ ਅਤੇ ਮੈਂ ਫਿਰ ਪਬਲਿਕ ਮੀਟਿੰਗ ਦੀ ਮੰਗ ਕੀਤੀ। ਹੁਣ ਤੱਕ ਜੱਸੇ ਬਾਰੇ ਮੈਂ ਚੁੱਪ ਸੀ ਹਾਲਾਂ ਕਿ ਮੇਰੇ ਵਿਰੋਧੀਆਂ ਨੂੰ ਇਕੱਠੇ ਕਰਨ ਦੀ ਕੜੀ ਇਹੀ ਸੀ। ਮੀਟਿੰਗ ਵਿੱਚ ਗਰਮਾ ਗਰਮੀ ਵੀ ਹੋਈ ਅਤੇ ਦੁਬਾਰਾ ਬੈਠ ਕੇ ਪਹਿਲਾਂ ਇਹ ਮਸਲਾ ਹੱਲ ਕਰਨ ਦੀ ਗੱਲ ਚੱਲੀ। ਹੁਣ ਮੈਨੂੰ ਅਹਿਸਾਸ ਹੋ ਗਿਆ ਸੀ ਕਿ ਗੁਰਮੀਤ ਸਿੰਘ ਨੂੰ ਭਰੋਸੇ ਵਿੱਚ ਲੈਕੇ ਹੀ ਸਾਰਾ ਕੁੱਝ ਹੋ ਰਿਹਾ ਸੀ। ਉਸਤੋਂ ਬਾਅਦ ਮੈਂ ਮਨ ਬਣਾ ਲਿਆ ਕਿ ਇਹ ਮਾਮਲਾ ਕੋਰਟ ਬਿਨਾ ਹੱਲ ਨਹੀਂ ਹੋਣਾ।

**-ਜਸਜੀਤ ਸਿੰਘ**

# ਕੈਨੇਡਾ ਦੇ ਸਿੱਖਾਂ ਨੇ ਬੇਘਰੇ ਲੋਕਾਂ ਨੂੰ ਗੁਰੂ-ਕਾ-ਲੰਗਰ ਛਕਾਇਆ



ਲੰਗਰ ਦੀ ਤਿਆਰੀ ਦੌਰਾਨ ਹਾਜ਼ਰ ਅਕਾਲ ਸਹਾਇ ਸੁਸਾਇਟੀ ਵਿਨੀਪੈਗ ਦੇ ਮੈਂਬਰ।

**ਵਿਨੀਪੈਗ/ਬਿਊਰੋ ਨਿਊਜ਼ :** ਅਕਾਲ ਸਹਾਇ ਸੁਸਾਇਟੀ ਵਿਨੀਪੈਗ (ਕੈਨੇਡਾ) ਦੀ ਅਗਵਾਈ ਵਿਚ ਸਿੱਖਾਂ ਵੱਲੋਂ ਕੜਾਕੇ ਦੀ ਠੰਢ ਵਿਚ 'ਗੁਰੂ-ਕਾ-ਲੰਗਰ ਲਾਇਆ ਗਿਆ। ਸਿੱਖਾਂ ਵੱਲੋਂ ਸਾਲਵੇਸ਼ਨ ਆਰਮੀ ਦੇ ਸਹਿਯੋਗ ਨਾਲ 140 ਹੈਨਰੀ ਐਵੇਨਿਊ ਵਿਨੀਪੈਗ ਵਿਚ ਲਗਾਏ ਇਸ ਲੰਗਰ ਬਾਰੇ ਸੁਸਾਇਟੀ ਦੇ ਮੈਂਬਰ ਦਲਜੀਤ ਸਿੰਘ ਸੰਧੂ ਨੇ ਦੱਸਿਆ ਕਿ ਬਾਬਾ ਨਾਨਕ ਫਰੀ ਕਿਚਨ ਸੰਸਥਾ ਅਧੀਨ ਵਿਨੀਪੈਗ ਦੀ ਸਮੂਹ ਸੰਗਤ ਦੇ ਸਹਿਯੋਗ ਨਾਲ ਗੁਰੂ ਨਾਨਕ ਸਾਹਿਬ ਦੇ ਸੰਦੇਸ਼ 'ਵੰਡ ਕੇ ਛਕੋ' ਉੱਤੇ ਚਲਦਿਆਂ ਬੇਘਰੇ ਤੇ ਲੋੜਵੰਦ ਲੋਕਾਂ ਨੂੰ ਬਿਨਾ ਭੇਤਭਾਵ ਅਤੇ ਵਿਤਕਰੇ ਤੋਂ ਲੰਗਰ ਛਕਾਇਆ ਗਿਆ। ਅਕਾਲ ਸਹਾਇ ਸੁਸਾਇਟੀ ਦੇ ਮੈਂਬਰਾਂ ਨੇ ਕਿਹਾ ਕਿ ਗੁਰੂ ਸਾਹਿਬਾਨ ਨੇ ਸਾਨੂੰ ਮਨੁੱਖਤਾ ਦੀ ਸੇਵਾ ਕਰਨ ਦੀ ਸਿੱਖਿਆ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਇਹ ਸੇਵਾ ਉਹ ਆਪਣੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਵਿਚੋਂ ਦਸਵੰਧ ਕੱਢ ਕੇ ਕਰਦੇ ਹਨ। ਇਸ ਮੌਕੇ ਗੁਰਵਿੰਦਰ ਸਿੰਘ ਗਰੇਵਾਲ, ਸਤਵੀਰ ਸਿੰਘ ਕਲੇਰ, ਰੁਪਿੰਦਰ ਸਿੰਘ ਬੈਦਵਾਨ, ਮਨਜੋਤ ਸਿੰਘ ਕੁਰਾਲੀ, ਅਰਵਿੰਦਰਪਾਲ ਸਿੰਘ, ਸ਼ਰਨਜੀਤ ਸਿੰਘ, ਮਨਦੀਪ ਸਿੰਘ, ਗੁਰਪ੍ਰੀਤ ਸਿੰਘ ਤੇ ਰਵਿੰਦਰ ਸਿੰਘ ਹਾਜ਼ਰ ਸਨ। ਉਨ੍ਹਾਂ ਦੱਸਿਆ ਕਿ ਇਸੇ ਸਥਾਨ ਉਤੇ ਹਰ ਮਹੀਨੇ ਦੇ ਪਹਿਲੇ ਸ਼ਨਿਚਰਵਾਰ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਲੰਗਰ ਲਾਇਆ ਜਾਵੇਗਾ।

## ਟੈਡੀ ਬੀਅਰ 'ਚੋਂ 10 ਕਰੋੜ ਦੀ ਹੈਰੋਇਨ ਬਰਾਮਦ

**ਜਲੰਧਰ/ਬਿਊਰੋ ਨਿਊਜ਼ :** ਨਸ਼ਾ ਤਸਕਰਾਂ ਨੇ ਨਸ਼ੇ ਨੂੰ ਸਪਲਾਈ ਕਰਨ ਲਈ ਨਵੇਂ-ਨਵੇਂ ਤਰੀਕੇ ਲੱਭ ਲਏ ਹਨ। ਅਜਿਹਾ ਹੀ ਮਾਮਲਾ ਸਾਹਮਣੇ ਆਇਆ ਹੈ ਜਲੰਧਰ ਤੋਂ ਜਿੱਥੇ ਪੁਲਿਸ ਨੇ ਨਾਕਾਬੰਦੀ ਦੌਰਾਨ ਬਿਧੀਪੁਰ ਫਾਟਕ ਕੋਲ ਇੱਕ ਨੀਲੇ ਰੰਗ ਦੀ ਸਵਿਫਟ ਗੱਡੀ ਨੂੰ ਰੋਕਿਆ ਤਾਂ ਉਸ ਵਿਚ 2 ਔਰਤਾਂ ਤੇ 2 ਮਰਦ ਬੈਠੇ ਸਨ। ਕਾਰ 'ਚ ਮਹਿਲਾਵਾਂ ਦੀ ਗੋਦੀ 'ਚ ਇਕ ਟੈਡੀ ਅਤੇ ਇਕ ਜੂਸ ਦਾ ਪੈਕਟ ਰੱਖਿਆ ਸੀ। ਜਦੋਂ ਉਸ ਨੂੰ ਚੈੱਕ ਕੀਤਾ ਗਿਆ ਤਾਂ ਉਸ 'ਚੋਂ ਕਰੀਬ 2 ਕਿੱਲੋ ਹੈਰੋਇਨ ਨਿਕਲੀ।ਤਫਤੀਸ਼ ਤੋਂ ਬਾਅਦ ਸਾਹਮਣੇ ਆਇਆ ਕਿ ਚਾਰੋਂ ਵਿਅਕਤੀ ਦਿੱਲੀ 'ਚ ਰਹਿ ਰਹੇ ਸਨ। ਇਹ ਹੀ ਨਹੀਂ ਉਹਨਾਂ ਵਿੱਚ ਇੱਕ ਨਾਈਜੀਰੀਅਨ ਔਰਤ ਅਤੇ ਇੱਕ ਮਿਜ਼ੋਰਮ ਦੀ ਰਹਿਣ ਵਾਲੀ ਮੈਫਿਓ ਸੀ। ਫਿਲਹਾਲ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

# ਸੀਰੀਆ ਤੋਂ ਅਮਰੀਕੀ ਫੌਜਾਂ ਦੀ ਸ਼ਰਤਾਂ ਤਹਿਤ ਹੋਵੇਗੀ ਵਾਪਸੀ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਜੌਹਨ ਬੋਲਟਨ ਨੇ ਕਿਹਾ ਹੈ ਕਿ ਸੀਰੀਆ ਤੋਂ ਅਮਰੀਕੀ ਫੌਜ ਨੂੰ ਕੁਝ ਸ਼ਰਤਾਂ ਉੱਤੇ ਹੀ ਵਾਪਸ ਬੁਲਾਇਆ ਜਾਵੇਗਾ। ਉਨ੍ਹਾਂ ਨੇ ਇਸ ਪ੍ਰਕਿਰਿਆ ਦੇ ਹੌਲੀ ਹੋਣ ਦੇ ਸੰਕੇਤ ਦਿੱਤੇ ਹਨ। ਬੋਲਟਨ ਤੁਰਕੀ ਨਾਲ ਸੀਰੀਆ ਤੋਂ ਅਮਰੀਕੀ ਫੌਜਾਂ ਦੇ ਰਣਨੀਤੀ ਤਹਿਤ ਵਾਪਸੀ ਬਾਰੇ ਗੱਲਬਾਤ ਕਰਨਗੇ। ਅਮਰੀਕਾ ਦੀ ਇਹ ਇੱਛਾ ਹੈ ਕਿ ਇਸਲਾਮਿਕ ਸਟੇਟ (ਆਈਐੱਸ) ਦੇ ਬਚਦੇ ਗਰੁੱਪਾਂ ਨੂੰ ਵੀ ਖ਼ਤਮ ਕੀਤਾ ਜਾਵੇ। ਤੁਰਕੀ ਅਤੇ ਇਸਰਾਈਲ ਦੇ ਦੌਰੇ ਦੌਰਾਨ ਉਨ੍ਹਾਂ ਕਿਹਾ ਕਿ ਆਈਐੱਸ ਤੋਂ ਕੁਰਦ ਲੜਾਕਿਆਂ ਦੀ ਸੁਰੱਖਿਆ ਦੀ ਗਰੰਟੀ ਤੁਰਕੀ ਲਵੇ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਸੀਰੀਆ ਤੋਂ ਫੌਜ ਵਾਪਸ ਬੁਲਾਉਣ ਦੀ ਯੋਜਨਾ ਦਾ ਕਾਫ਼ੀ ਵਿਰੋਧ ਹੋ ਰਿਹਾ ਸੀ। ਟਰੰਪ ਨੇ ਜਦੋਂ ਬੀਤੇ ਦਸੰਬਰ ਵਿਚ ਇਹ ਐਲਾਨ ਕੀਤਾ ਸੀ ਤਾਂ ਕਿਹਾ ਸੀ, 'ਉਹ ਸਾਰੇ ਵਾਪਸ ਆ ਰਹੇ ਹਨ, ਉਹ ਸਾਰੇ ਹੁਣੇ ਵਾਪਸ ਆਉਣਗੇ'। ਟਰੰਪ ਨੇ ਪਿਛਲੇ ਮਹੀਨੇ ਆਈਐੱਸ ਨੂੰ ਹਰਾ ਦੇਣ ਦੀ ਗੱਲ ਵੀ ਕਹੀ ਸੀ। ਇਸ ਵੇਲੇ ਸੀਰੀਆ ਵਿਚ 2,000 ਅਮਰੀਕੀ ਫੌਜੀ ਹਨ।ਇਸ ਘਟਨਾਕ੍ਰਮ ਨੇ ਅਮਰੀਕਾ ਦੇ ਸਹਿਯੋਗੀ ਦੇਸ਼ਾਂ ਤੇ ਰੱਖਿਆ ਅਧਿਕਾਰੀਆਂ ਨੂੰ ਹੈਰਾਨ ਕਰ ਕੇ ਰੱਖ ਦਿੱਤਾ ਸੀ।



ਇਸ ਐਲਾਨ ਤੋਂ ਬਾਅਦ ਅਮਰੀਕੀ ਰੱਖਿਆ ਸਕੱਤਰ ਜਿਮ ਮੈਟਿਸ ਤੇ ਸੀਨੀਅਰ ਸਹਾਇਕ ਬ੍ਰੈਟ ਮੈੱਕਗੁਰਕ ਨੇ ਅਸਤੀਫ਼ਾ ਦੇ ਦਿੱਤਾ ਸੀ। ਡਿਫੈਂਸ ਚੀਫ਼ ਆਫ਼ ਸਟਾਫ਼ ਕੇਵਿਨ ਸਵੀਨੇ ਨੇ ਵੀ ਅਹੁਦਾ ਛੱਡ ਦਿੱਤਾ ਸੀ। ਉਹ ਟਰੰਪ ਦੇ ਐਲਾਨ ਤੋਂ ਬਾਅਦ ਅਸਤੀਫ਼ਾ ਦੇਣ ਵਾਲੇ ਤੀਜੇ ਵੱਡੇ ਰੱਖਿਆ ਅਧਿਕਾਰੀ ਸਨ। ਇਸੇ ਦੌਰਾਨ ਉੱਤਰ-ਪੂਰਬੀ ਅਮਰੀਕੀ ਸਹਿਯੋਗੀ ਕੁਰਦਾਂ ਨੇ ਤੁਰਕੀ ਦਾ ਭਾਂਡਾ ਭੰਨ ਦਿੱਤਾ, ਜੋ ਕਿ ਉਨ੍ਹਾਂ ਨੂੰ ਅੱਤਵਾਦੀ ਸਮਝਦਾ ਹੈ। ਪਰ ਜਦੋਂ ਟਰੰਪ ਦਾ ਪਿਛਲੇ ਹਫ਼ਤੇ ਇਹ ਬਿਆਨ ਆਇਆ ਕਿ ਫੌਜ ਦੀ ਵਾਪਸੀ ਦੀ ਪ੍ਰਕਿਰਿਆ ਕਾਫ਼ੀ ਹੌਲੀ ਹੋਵੇਗੀ ਅਤੇ ਉਦੋਂ ਤੱਕ ਉਹ ਆਈਐੱਸ ਨਾਲ ਲੜਾਈ ਜਾਰੀ ਰੱਖਣਗੇ।

## ਟਰੰਪ ਵੱਲੋਂ ਦੇਸ਼ 'ਚ ਕੌਮੀ ਐਮਰਜੈਂਸੀ ਲਾਉਣ ਦਾ ਦਬਕਾ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਪਿਛਲੇ ਤਕਰੀਬਨ ਦੋ ਹਫ਼ਤਿਆਂ ਤੋਂ ਠੱਪ ਪਏ ਸਰਕਾਰੀ ਕੰਮਕਾਰ ਦਰਮਿਆਨ ਡੈਮੋਕਰੈਟ ਆਗੂਆਂ ਨਾਲ ਮੀਟਿੰਗ ਬੇਸਿੱਟਾ ਰਹਿਣ ਮਗਰੋਂ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਹ ਕਾਂਗਰਸ ਦੀ ਮਨਜ਼ੂਰੀ ਤੋਂ ਬਿਨਾਂ ਕੰਧ ਉਸਾਰਨ ਲਈ ਕੌਮੀ ਐਮਰਜੈਂਸੀ ਦਾ ਐਲਾਨ ਕਰ ਸਕਦੇ ਹਨ। ਇਸ ਤਰ੍ਹਾਂ ਰਾਸ਼ਟਰਪਤੀ ਡੋਨਲਡ ਟਰੰਪ ਨੇ ਧਮਕੀ ਦਿੱਤੀ ਹੈ ਕਿ ਜੇਕਰ ਕਾਂਗਰਸ ਨੇ ਮੈਕਸਿਕੋ ਸਰਹੱਦ 'ਤੇ ਕੰਧ ਦੀ ਉਸਾਰੀ ਲਈ 5.6 ਅਰਬ ਡਾਲਰ ਦੇ ਫੰਡ ਦੇਣ ਤੋਂ ਮਨ੍ਹਾਂ ਕੀਤਾ ਤਾਂ ਉਹ ਅਮਰੀਕਾ 'ਚ ਸਰਕਾਰ ਦਾ ਕੰਮਕਾਰ ਮਹੀਨਿਆਂ ਜਾਂ ਸਾਲਾਂ ਲਈ ਠੱਪ ਕਰ ਦੇਣਗੇ ਤੇ ਦੇਸ਼ ਵਿਚ ਕੌਮੀ ਐਮਰਜੈਂਸੀ ਦਾ ਐਲਾਨ ਕਰ ਦੇਣਗੇ।

ਡੈਮੋਕਰੈਟਾਂ ਵੱਲੋਂ ਮੀਡੀਆ ਨੂੰ ਟਰੰਪ ਦੀ ਧਮਕੀ ਬਾਰੇ ਦੱਸੇ ਜਾਣ ਮਗਰੋਂ ਟਰੰਪ ਨੇ ਵ੍ਹਾਈਟ ਹਾਊਸ ਦੇ ਰੋਜ਼ ਗਾਰਡਨ 'ਚ ਪੱਤਰਕਾਰਾਂ ਨੂੰ ਦੱਸਿਆ, 'ਮੈਂ ਬਿਲਕੁਲ ਇਹੀ ਕਿਹਾ ਹੈ।' ਸੈਨੇਟ ਮੈਂਬਰ ਚੱਕ ਸ਼ੂਮਰ ਨੇ ਕਿਹਾ, 'ਅਸੀਂ ਰਾਸ਼ਟਰਪਤੀ ਨੂੰ ਕਿਹਾ ਹੈ ਕਿ ਸਰਕਾਰ ਦਾ ਕੰਮਕਾਰ ਖੋਲ੍ਹਣ ਦੀ ਲੋੜ ਹੈ। ਉਨ੍ਹਾਂ ਵਿਰੋਧ ਕੀਤਾ ਤੇ ਕਿਹਾ ਕਿ ਉਹ ਸਰਕਾਰ ਦਾ ਕੰਮ ਲੰਮੇ ਸਮੇਂ ਲਈ ਠੱਪ ਰੱਖ ਸਕਦੇ ਹਨ। ਮਹੀਨਿਆਂ ਜਾਂ ਸਾਲਾਂ ਲਈ।'

ਇਸੇ ਦੌਰਾਨ ਭਾਰਤੀ-ਅਮਰੀਕੀ ਕਾਂਗਰਸ ਮੈਂਬਰ ਰਾਜਾ ਕ੍ਰਿਸ਼ਨਾਮੂਰਤੀ ਨੇ ਸਰਹੱਦੀ ਕੰਧ ਦੇ ਮਾਮਲੇ 'ਚ ਰਾਸ਼ਟਰਪਤੀ ਡੋਨਲਡ ਟਰੰਪ ਦੀ ਹਮਾਇਤ ਕੀਤੀ ਹੈ।

## ਪੁਲਿਸ ਅਧਿਕਾਰੀ ਦੀ ਮੌਤ ਉਪਰੰਤ ਸ਼ਰਨ ਸਬੰਧੀ ਕਾਨੂੰਨਾਂ ਬਾਰੇ ਬਹਿਸ ਛਿੜੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਪੁਲਿਸ ਅਧਿਕਾਰੀ ਰੋਨਿਲ ਸਿੰਘ ਦੀ ਡਿਊਟੀ ਦੌਰਾਨ ਕੀਤੀ ਹੱਤਿਆ ਦੇ ਮਾਮਲੇ ਵਿਚ ਅਮਰੀਕਾ 'ਚ ਗੈਰ ਕਾਨੂੰਨੀ ਤੌਰ 'ਤੇ ਰਹਿ ਰਹੇ ਵਿਅਕਤੀ ਦੀ ਗ੍ਰਿਫ਼ਤਾਰੀ ਉਪਰੰਤ ਅਮਰੀਕਾ ਦੇ ਸ਼ਰਨ ਸਬੰਧੀ ਕਾਨੂੰਨਾਂ ਉਪਰ ਬਹਿਸ ਛਿੜ ਪਈ ਹੈ। ਅਲੋਚਕਾਂ



ਵੱਲੋਂ ਇਸ ਕਿਸਮ ਦੇ ਕਤਲਾਂ ਲਈ ਅਮਰੀਕਾ ਦੀ ਇੰਮੀਗ੍ਰੇਸ਼ਨ ਨੀਤੀ ਨੂੰ ਦੋਸ਼ੀ ਠਹਿਰਾਇਆ ਜਾ ਰਿਹਾ ਹੈ। ਰੋਨਿਲ ਸਿੰਘ ਦੀ ਹੱਤਿਆ ਦੇ ਮਾਮਲੇ ਵਿਚ ਗੁਸਤਵਾ ਪਰੇਜ਼ ਆਰੀਆਗਾ ਨੂੰ ਜਿਸ ਸਮੇਂ ਗ੍ਰਿਫ਼ਤਾਰ ਕੀਤਾ ਗਿਆ, ਉਹ ਮੈਕਸੀਕੋ ਦੌੜ ਜਾਣ ਦੇ ਯਤਨ ਵਿਚ ਸੀ। ਹੱਤਿਆ ਦੀ ਜਾਂਚ ਕਰ ਰਹੇ ਸ਼ੈਰਿਫ ਐਡਮ ਕ੍ਰਿਸਆਨਸਨ ਨੇ ਕੈਲੀਫੋਰਨੀਆ ਦੇ ਸ਼ਰਨ ਕਾਨੂੰਨਾਂ ਨੂੰ ਨੁਕਸਦਾਰ ਦੱਸਦਿਆਂ ਕਿਹਾ ਕਿ ਇਹ ਕਾਨੂੰਨ ਦੋਸ਼ੀਆਂ ਨੂੰ ਦੇਸ਼ ਵਿਚੋਂ ਕੱਢ ਦੇਣ ਦੀ ਸਿਫ਼ਾਰਿਸ਼ ਕਰਨ ਤੋਂ ਰੋਕਦੇ ਹਨ। ਉਨ੍ਹਾਂ ਕਿਹਾ ਕਿ ਅਪਰਾਧੀਆਂ ਤੇ ਗੈਂਗ ਮੈਂਬਰਾਂ ਨੂੰ ਪਨਾਹ ਕਿਉਂ ਦਿੱਤੀ ਜਾ ਰਹੀ ਹੈ। ਇਹ ਇਕ ਭਖਦਾ ਮੁੱਦਾ ਹੈ ਜਿਸ ਉਪਰ ਵਿਚਾਰ ਵਟਾਂਦਰਾ ਕੀਤਾ ਜਾਣਾ ਚਾਹੀਦਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼ੈਰਿਫ ਨੇ ਅਪਰਾਧੀਆਂ ਨਾਲ ਨਜਿੱਠਣ ਲਈ ਸਖਤ ਕਾਨੂੰਨਾਂ ਦੀ ਮੰਗ ਕੀਤੀ।

# ਪਰਵਾਸੀ ਪਤੀਆਂ ਦੀਆਂ ਸਤਾਈਆਂ ਪਤਨੀਆਂ ਇਨਸਾਫ ਲਈ ਕੌਮਾਂਤਰੀ ਕਾਨੂੰਨ ਬਣਾਏ ਜਾਣ ਦੀਆਂ ਇਛੁੱਕ

## ਭਾਰਤ ਸਰਕਾਰ ਨੇ 33 ਭਗੌੜੇ ਪਤੀਆਂ ਦੇ ਪਾਸਪੋਰਟ ਕੀਤੇ ਰੱਦ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਰਤ ਖਾਸ ਕਰ ਕੇ ਪੰਜਾਬ ਵਿਚ ਐਨਆਰਆਈ ਪਤੀਆਂ ਦੁਆਰਾ ਦੁਰਕਾਰੀਆਂ ਪਤਨੀਆਂ ਦਾ ਮਾਮਲਾ ਕਾਫੀ ਪੇਚੀਦਾ ਬਣਿਆ ਹੋਇਆ ਹੈ। ਬਹੁਤ ਸਾਰੀਆਂ ਕੁੜੀਆਂ ਤਾਂ ਵਿਦੇਸ਼ ਗਏ ਪਤੀਆਂ ਦੀ ਉਡੀਕ ਵਿਚ ਉਮਰ ਵਿਹਾ ਗਈਆਂ ਹਨ ਪਰ ਪਤੀ ਪਰਮੇਸ਼ਰ ਜੀ ਦੇ ਵਿਦੇਸ਼ੀ ਧਰਤੀ ਉਤੇ ਬਿਨਾ ਦੱਸੇ ਦੂਜਾ ਵਿਆਹ ਕਰਵਾਉਣ ਦਾ ਪਤਾ ਹੀ ਕਿੰਨਾ ਚਿਰ ਬਾਅਦ ਲਗਦਾ ਹੈ। ਕਈਆਂ ਦੇ ਹੋਰ ਤਰ੍ਹਾਂ ਦੇ ਬਹੁਤ ਸਾਰੇ ਦਿਲ ਦੁਖਾਉਣ ਵਾਲੇ ਕਿੱਸੇ ਹਨ। ਵਿਆਹ ਤੇ ਤਲਾਕ ਬਾਰੇ ਵੱਖ-ਵੱਖ ਦੇਸ਼ਾਂ ਵਿਚ ਵੱਖ-ਵੱਖ ਤਰ੍ਹਾਂ ਦੇ ਕਾਨੂੰਨ ਹੋਣ ਕਰ ਕੇ ਗੱਲ ਕਿਸੇ ਬੰਨੇ ਨਾ ਲੱਗਣ ਕਾਰਨ ਮਾਮਲੇ ਸਾਲਾਂਬੱਧੀ ਉਲਝੇ ਹੀ ਰਹਿੰਦੇ ਹਨ। ਬਹੁਤ ਸਾਰੀਆਂ ਪੀੜਤ ਮਹਿਲਾਵਾਂ ਦਾ ਮੰਨਣਾ ਹੈ ਕਿ ਕਿਸੇ ਸਾਂਝੇ ਕੌਮਾਂਤਰੀ ਕਾਨੂੰਨ ਨਾਲ ਹੀ ਉਨ੍ਹਾਂ ਨੂੰ ਇਨਸਾਫ਼ ਮਿਲ ਸਕਦਾ ਹੈ। ਉਨ੍ਹਾਂ ਆਈਪੀਸੀ ਦੀ ਧਾਰਾ 498ਏ 'ਚ ਬਲਾਤਕਾਰ, ਕੁੱਟਮਾਰ, ਧੋਖਾਧੜੀ ਜਿਹੇ ਵੱਡੇ ਜੁਰਮਾਂ ਨੂੰ ਸ਼ਾਮਲ ਕੀਤੇ ਜਾਣ ਦੀ ਮੰਗ ਕੀਤੀ ਹੈ ਤਾਂ ਜੋ ਭਗੌੜੇ ਪਤੀਆਂ ਦੀ ਇਕ ਤੋਂ ਦੂਜੇ ਦੇਸ਼ ਹਵਾਲਗੀ ਸੰਭਵ ਹੋ ਸਕੇ। ਇਸ ਬਾਬਤ ਭਾਰਤ ਸਰਕਾਰ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਐਨਆਰਆਈ ਵਿਆਹਾਂ ਨਾਲ ਜੁੜੇ ਮਸਲਿਆਂ ਨਾਲ ਨਜਿੱਠਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸਰਕਾਰ ਨੇ ਹੁਣੇ ਜਿਹੇ 33 ਭਗੌੜੇ ਪਤੀਆਂ ਦੇ ਪਾਸਪੋਰਟ ਵੀ ਰੱਦ ਕੀਤੇ ਹਨ।

**ਭਗੌੜੇ ਪਤੀਆਂ ਖ਼ਿਲਾਫ਼ ਸਖ਼ਤ ਕਾਨੂੰਨ ਬਣਾਉਣ ਦੀ ਮੰਗ:** ਪਰਮਿੰਦਰ ਕੌਰ (ਬਦਲਿਆ ਨਾਮ) ਦਾ ਕਹਿਣਾ ਹੈ ਕਿ ਸੰਨ 2015 'ਚ ਉਸ ਦਾ ਵਿਆਹ ਇਕ ਸੁਫ਼ਨਾ ਪੂਰਾ ਹੋਣ ਵਰਗਾ ਸੀ ਅਤੇ ਉਸ ਮਗਰੋਂ 40 ਦਿਨ ਉਸ ਦੀ ਜ਼ਿੰਦਗੀ ਦੇ ਬਿਹਤਰੀਨ ਪਲ ਸਨ। ਅਚਾਨਕ ਉਸ ਦੇ ਪਤੀ ਦੇ ਪੜ੍ਹਾਈ ਪੂਰੀ ਕਰਨ ਲਈ ਕੈਨੇਡਾ ਜਾਣ ਤੋਂ ਬਾਅਦ ਹਾਲਾਤ ਬਦਲ ਗਏ। ਪਰਮਿੰਦਰ ਨੇ ਕਿਹਾ ਕਿ ਉਸ ਦੇ ਪਤੀ ਦੇ ਬਾਹਰ ਜਾਂਦਿਆਂ ਹੀ ਉਸ ਦੇ ਸਹੁਰਾ ਪਰਿਵਾਰ ਨੇ ਉਸ ਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਅਤੇ ਉਸ ਦੇ ਮਾਪਿਆਂ ਤੋਂ ਹਰ ਮਹੀਨੇ ਇਕ ਲੱਖ ਰੁਪਏ ਦਾਜ ਮੰਗਣਾ ਸ਼ੁਰੂ ਕਰ ਦਿੱਤਾ।

ਉਸ ਨੇ ਕਿਹਾ, "ਮਾਪਿਆਂ ਨੇ ਜਦੋਂ ਪੈਸੇ ਨਾ ਦਿੱਤੇ ਤਾਂ ਸਹੁਰੇ ਪਰਿਵਾਰ ਵਾਲਿਆਂ ਨੇ ਮੈਨੂੰ ਕੁੱਟਣਾ ਸ਼ੁਰੂ ਕਰ ਦਿੱਤਾ।" ਇਕ ਦਿਨ ਉਸ ਦੇ ਸਹੁਰੇ ਪਰਿਵਾਰ ਵਾਲੇ ਅਚਾਨਕ ਕੈਨੇਡਾ ਚਲੇ ਗਏ ਅਤੇ ਉਸ ਤੋਂ ਬਾਅਦ ਨਾ ਤਾਂ ਪਤੀ ਅਤੇ ਨਾ ਹੀ ਕਿਸੇ ਹੋਰ ਨਾਲ ਕੋਈ ਗੱਲਬਾਤ ਹੋਈ। ਮਗਰੋਂ ਉਸ ਦੇ ਪਤੀ ਨੇ ਇਕਤਰਫ਼ਾ ਤਲਾਕ ਦੇ ਕੇ ਦੂਜਾ ਵਿਆਹ ਕਰ ਲਿਆ। ਪਰਮਿੰਦਰ ਅਤੇ ਉਸ ਵਰਗੀਆਂ ਹੋਰ ਕਈ ਮਹਿਲਾਵਾਂ ਹੁਣ ਅਜਿਹੇ ਕੌਮਾਂਤਰੀ ਕਾਨੂੰਨ ਦੀ ਮੰਗ ਕਰ ਰਹੀਆਂ ਹਨ ਜਿਸ ਨਾਲ ਭਗੌੜੇ ਪਤੀਆਂ ਦੀ ਹਵਾਲਗੀ ਸੰਭਵ ਹੋ ਸਕੇ।

ਸ਼ਿਲਪਾ (ਬਦਲਿਆ ਨਾਮ) ਸੰਨ 2010 'ਚ ਵਿਆਹ ਕਰਕੇ ਅਮਰੀਕਾ ਜਾਣ ਤੋਂ ਪਹਿਲਾਂ ਆਈਟੀ ਕੰਪਨੀ 'ਚ ਕੰਮ ਕਰਦੀ ਸੀ। ਉਹ ਜਿਵੇਂ ਹੀ ਕੈਲੀਫੋਰਨੀਆ ਪੁੱਜੀ ਤਾਂ ਉਸ ਦੇ ਪਤੀ ਨੇ ਸਾਰੇ ਦਸਤਾਵੇਜ਼ ਅਤੇ ਪੈਸੇ ਲੈ ਲਏ। ਉਸ ਮੁਤਾਬਕ ਪਤੀ ਨੇ ਮਗਰੋਂ ਉਸ ਨੂੰ ਸੜਕ 'ਤੇ ਸੁੱਟ ਦਿੱਤਾ। ਉਸ ਕੋਲ ਭਾਰਤ ਆਉਣ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਬਚਿਆ ਸੀ। ਸ਼ਿਲਪਾ ਦਿੱਲੀ 'ਚ ਅੱਠ ਸਾਲ ਦੀ ਧੀ ਨਾਲ ਰਹਿੰਦੀ ਹੈ ਅਤੇ ਉਸ ਨੇ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਈ ਹੋਈ ਹੈ ਪਰ ਪਤੀ ਅਜੇ ਤਕ ਨਹੀਂ ਪਰਤਿਆ। ਉਸ ਨੂੰ ਸੋਸ਼ਲ ਮੀਡੀਆ ਤੋਂ ਪਤਾ ਲੱਗਾ ਕਿ ਪਤੀ ਨੇ ਦੂਜਾ ਵਿਆਹ ਕਰ ਲਿਆ ਹੈ।


ALL STATE INSURANCE

Allstate
You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES

Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
- ਕਾਰ ਟਰਾਂਸਫਰ/ਸਟਿੱਕਰ
- ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
- ਲਾਈਵ ਸਕੈਨ/ਫਿੰਗਰ ਪ੍ਰਿੰਟ
- ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
- ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਕਰਤਾਰਪੁਰ ਲਾਂਘੇ 'ਤੇ ਰਾਜਨੀਤੀ ਤਿਆਗ ਕੇ ਸਹਿਮਤੀ ਪ੍ਰਗਟ ਕਰਨ ਦੀ ਅਪੀਲ



ਹਰਦੇਵ ਸਿੰਘ, ਸੇਮ ਵਿਰਕ, ਜੀਵਨ ਸਿੰਘ, ਕਾਰੋਬਾਰੀ ਰਾਜਬੀਰ ਸਿੰਘ ਸੰਧੂ, ਮਨਮੋਹਣ ਸਿੰਘ ਧਾਲੀਵਾਲ ਤੇ ਬਾਬਾ ਬੁੱਢਾ ਸੰਸਥਾ ਦੇ ਪ੍ਰਧਾਨ ਸਤਵਿੰਦਰ ਸਿੰਘ ਸੰਧੂ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਸਿਆਟਲ ਦੇ ਬੁੱਧੀਜੀਵੀਆਂ ਤੇ ਕਾਰੋਬਾਰੀ ਵਰਗ ਨੇ ਅਪੀਲ ਕੀਤੀ ਹੈ ਕਿ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਰਾਜਨੀਤੀ ਤਿਆਗ ਕੇ ਸਿੱਖਾਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਸਭ ਨੂੰ ਆਪਸੀ ਸਹਿਮਤੀ ਪ੍ਰਗਟ ਕਰਨੀ ਚਾਹੀਦੀ ਹੈ, ਕਿਉਂਕਿ 71 ਸਾਲਾਂ ਬਾਅਦ ਸਿੱਖਾਂ ਦੀ ਅਰਦਾਸ ਮਨਜ਼ੂਰ ਹੋਈ ਹੈ। ਸਿਆਟਲ ਦੇ ਬੁੱਧੀਜੀਵੀ ਵਰਗ ਵੱਲੋਂ ਹਰਦੇਵ ਸਿੰਘ ਤੇ ਨਾਮਵਰ ਕਾਰੋਬਾਰੀ ਰਾਜਬੀਰ ਸਿੰਘ ਸੰਧੂ ਨੇ ਅਪੀਲ ਕੀਤੀ ਹੈ ਕਿ ਕਰਤਾਰਪੁਰ ਦੇ ਲਾਂਘੇ ਉਤੇ ਰਾਜਨੀਤੀ ਨਹੀਂ ਕਰਨੀ ਚਾਹੀਦੀ ਸਗੋਂ ਹਰੇਕ ਨੂੰ ਸਿੱਖਾਂ ਦੀਆਂ ਭਾਵਨਾਵਾਂ ਨੂੰ ਸਮਝ ਕੇ ਸਹਿਮਤੀ ਦੇਣੀ ਚਾਹੀਦੀ ਹੈ। ਬਾਬਾ ਬੁੱਢਾ ਸੰਸਥਾ ਦੇ ਪ੍ਰਧਾਨ ਸਤਵਿੰਦਰ ਸਿੰਘ ਸੰਧੂ ਤੇ ਮਨਮੋਹਣ ਸਿੰਘ ਧਾਲੀਵਾਲ ਨੇ ਵੀ ਲਾਂਘੇ ਲਈ ਦੋਨਾਂ ਸਰਕਾਰਾਂ ਦੀ ਸਹਿਮਤੀ ਦਾ ਸਵਾਗਤ ਕੀਤਾ ਹੈ ਅਤੇ ਆਸ ਪ੍ਰਗਟਾਈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰਪੁਰਬ ਤੇ ਕਰਤਾਰਪੁਰ ਲਾਂਘੇ ਨੂੰ ਚਾਲੂ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਿੱਖ ਕੌਮ ਲਈ ਕਰਤਾਰਪੁਰ ਸਾਹਿਬ ਦੇ ਗੁਰਦੁਆਰਾ ਸਾਹਿਬ ਦੀ ਵਿਸ਼ੇਸ਼ ਮਹਾਨਤਾ ਹੈ, ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਉਮਰ ਦੇ ਪਿਛਲੇ 18 ਸਾਲਾਂ ਤੋਂ ਵੱਧ ਬਿਤਾਏ ਅਤੇ ਨਾਮ ਜਪਣ, ਕਿਰਤ ਕਰਨ, ਵੰਡ ਛਕਣ ਦਾ ਉਪਦੇਸ਼ ਦਿੱਤਾ। ਦੇਸ਼ ਵਿਦੇਸ਼ ਵਿਚ ਬੈਠੇ ਹਰੇਕ ਸਿੱਖ ਦੀ ਤਮੰਨਾ ਹੈ ਕਿ ਕਰਤਾਰਪੁਰ ਸਾਹਿਬ ਦੇ ਦਰਸ਼ਨ ਕੀਤੇ ਜਾਣ।

## ਪੁਲਵਾਮਾ 'ਚ ਗੋਲੀ ਮਾਰ ਕੇ ਸਿੱਖ ਦੀ ਹੱਤਿਆ

**ਸ੍ਰੀਨਗਰ/ਬਿਊਰੋ ਨਿਊਜ਼ :** ਜੰਮੂ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਵਿਚ ਕਥਿਤ ਦਹਿਸ਼ਤਗਰਦਾਂ ਨੇ ਇਕ ਸਿੱਖ ਸਿਮਰਨਜੀਤ ਸਿੰਘ ਨੂੰ ਤਰਾਲ ਖੇਤਰ ਦੇ ਖਾਸੀਪੋਰਾ ਵਿਚ ਗੋਲੀ ਮਾਰ ਕੇ ਹਲਾਕ ਕਰ ਦਿੱਤਾ। ਉਂਝ ਅਜੇ ਇਹ ਯਕੀਨ ਨਾਲ ਨਹੀਂ ਕਿਹਾ ਜਾ ਸਕਦਾ ਕਿ ਇਸ ਹੱਤਿਆ ਪਿੱਛੇ ਕਿਸ ਦਾ ਹੱਥ ਹੈ। ਆਮ ਕਰਕੇ ਕਸ਼ਮੀਰੀ ਖਾੜਕੂਆਂ ਦੀ ਸਿੱਖਾਂ ਉਤੇ ਕਿਸੇ ਹਮਲੇ ਦੀ ਸੰਭਾਵਨਾ ਘੱਟ ਹੀ ਹੈ।

# ਬੰਦੀ ਸਿੰਘਾਂ ਵੱਲੋਂ ਸਮੂਹ ਸੰਗਤਾਂ ਨੂੰ ਨਵਾਂ ਸਾਲ ਮੁਬਾਰਕ

### *ਪੰਥ ਨੂੰ ਅਕਾਲੀ ਫੂਲਾ ਸਿੰਘ ਵਰਗਾ ਜਥੇਦਾਰ ਚਾਹੀਦਾ*

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ :** ਚੰਡੀਗੜ੍ਹ ਦੀ ਬੁੜੈਲ ਜੇਲ੍ਹ ਅੰਦਰ ਬੰਦ ਭਾਈ ਪਰਮਜੀਤ ਸਿੰਘ ਭਿਉਰਾ, ਜਗਤਾਰ ਸਿੰਘ ਤਾਰਾ ਅਤੇ ਹੋਰ ਸਮੂਹ ਸਿੰਘਾਂ ਨੇ ਆਪਣੇ ਵੱਡੇ ਭਰਾਤਾ ਭਾਈ ਜਰਨੈਲ ਸਿੰਘ ਰਾਹੀਂ, ਜੋ ਕਿ ਭਾਈ ਭਿਉਰਾ ਨਾਲ ਮੁਲਾਕਾਤ ਕਰਕੇ ਆਏ ਹਨ, ਨਵੇਂ ਈਸਵੀ ਸਾਲ ਦੀਆਂ ਸਿੱਖ ਕੌਮ ਨੂੰ ਮੁਬਾਰਕਾਂ ਦਿੰਦਿਆਂ ਪੂਰਨ ਆਜ਼ਾਦੀ ਅਤੇ ਚੜ੍ਹਦੀ ਕਲਾ ਲਈ ਸੁਨੇਹੇ ਭੇਜੇ ਹਨ। ਸੁਨੇਹੇ ਵਿਚ ਕਿਹਾ ਕਿ, "ਸਮੂਹ ਪੰਥਕ ਜਥੇਬੰਦੀਆਂ, ਪੰਥਕ ਦਰਦੀਆਂ, ਗੁਰਸਿੱਖ ਪਰਿਵਾਰਾਂ ਸਮੇਤ ਆਪ ਸਭ ਨੂੰ ਨਵੇਂ ਸਾਲ ਦੀ ਆਮਦ ਉਤੇ 'ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰ ਨਦਰਿ ਕਰੇ' ਦੇ ਗੁਰਬਾਣੀ ਮਹਾਂਵਾਕ ਮੁਤਾਬਕ ਮੁਬਾਰਕਵਾਦ ਅਤੇ ਸਿੱਖ ਕੌਮ ਦੇ ਹਰਿਆਵਲ ਦਸਤੇ ਸਮੂਹ ਬੱਚਿਆਂ ਨੂੰ ਪਿਆਰ। ਪੜ੍ਹਨ ਸੁਣਨ ਵਾਲਿਆਂ ਨੂੰ, ਸਮੇਤ ਸਮੂਹ ਸਬੰਧੀਆਂ, ਰਿਸ਼ਤੇਦਾਰਾਂ, ਸ਼ਰੀਕੇ-ਕਬੀਲੇ ਨੂੰ ਬੀਤੇ ਸਾਲ ਦੇ ਗੁਜ਼ਰਨ ਅਤੇ ਨਵੇਂ ਈਸਵੀ ਸਾਲ ਦੀ ਦਰਵਾਜ਼ਿਆਂ ਉਤੇ ਦਸਤਕ ਨੂੰ ਜੀ ਆਇਆਂ ਨੂੰ ਆਖਦਿਆਂ ਗੁਰੂ ਫਤਹਿ ਪ੍ਰਵਾਨ ਹੋਵੇ।"

ਬੰਦੀ ਸਿੰਘਾਂ ਨੇ ਉਮੀਦ ਪ੍ਰਗਟਾਈ ਕਿ ਨਵੇਂ ਸਾਲ ਵਿੱਚ, ਜਨਰਲ ਸੁਬੇਗ ਸਿੰਘ ਵਰਗਾ ਕੋਈ ਯੋਧਾ, ਭਾਈ ਅਮਰੀਕ ਸਿੰਘ ਜੀ ਵਰਗੇ ਸੱਚੇ ਸਿਪਾਹੀਆਂ ਨੂੰ ਨਾਲ ਲੈ ਕੇ, ਕੌਮ ਦੇ ਗੱਲੋਂ ਹਿੰਦੋਸਤਾਨੀ ਗੁਲਾਮੀ ਲਾਹ ਕੇ, ਖਾਲਿਸਤਾਨ ਦੀ ਆਜ਼ਾਦੀ ਪ੍ਰਾਪਤ ਕਰਨ ਲਈ, ਨਵੇਂ ਨਕਸ਼ੇ ਉਲੀਕ ਕੇ ਕਮਰ-ਕੱਸੇ ਕਰੇਗਾ।

ਉਨ੍ਹਾਂ ਕਿਹਾ ਕਿ ਨਵਾਂ ਸਾਲ ਸਿੱਖ ਕੌਮ ਲਈ ਸੁਹਿਰਦ ਪੰਥਕ ਜਥੇਬੰਦੀਆਂ ਦੀਆਂ ਕਲਮਾਂ ਨੂੰ ਅਤੇ ਸ਼ੁਰੂ ਕੀਤੇ ਆਜ਼ਾਦੀ ਦੇ ਮਿਸ਼ਨ ਨੂੰ ਹੋਰ ਵੀ ਸੁਮੱਤ ਅਤੇ ਤਾਕਤ ਬਖਸ਼ੇ ਤਾਂ ਕਿ ਪੰਜਾਬ ਅੰਦਰ ਮਚੀ ਹੋਈ ਹਿੰਦੋਸਤਾਨੀ ਹਨੇਰਗਰਦੀ, ਨਸ਼ਿਆਂ ਦੀ ਲਾਹਨਤ, ਭ੍ਰਿਸ਼ਟਾਚਾਰ ਅਤੇ ਰਿਸ਼ਵਤਖੋਰੀ ਉਪ੍ਰੰਤ ਸਿੱਖ ਸਮਾਜ ਅੰਦਰ ਫੈਲ ਰਹੀ ਅਸ਼ਲੀਲ ਫੈਸ਼ਨਪ੍ਰਸਤੀ, ਜਾਤ ਪਾਤ, ਭਰੂਣ ਹੱਤਿਆ ਵਰਗੀਆਂ ਸਮਾਜਿਕ ਬੁਰਾਈਆਂ ਨੂੰ ਮੂੰਹ ਤੋੜ ਜਵਾਬ ਦਿੰਦੇ ਹੋਏ,



ਸਿੱਖ ਕੌਮ ਦੇ ਗਲੋਂ ਗੁਲਾਮੀ ਦੀਆਂ ਜੰਜ਼ੀਰਾ ਤੋੜ ਕੇ ਖਾਲਸਾ ਰਾਜ ਦੇ ਸੰਕਲਪ ਨੂੰ ਗੁਰੂ ਗਿਆਨ ਰਾਹੀਂ ਪੂਰਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਸਮੂਹ ਸਿੱਖ ਮਾਪੇ ਆਪਣੀਆਂ ਬੱਚੀਆਂ ਦੇ ਜੀਵਨ ਅੰਦਰ, ਸਦਾ ਕੌਰ, ਮਾਈ ਭਾਗੋ, ਦਲੇਰ ਕੌਰ, ਬਘੇਲ ਕੌਰ, ਪੰਜਾਬ ਕੌਰ, ਹਰਿਸ਼ਰਨ ਕੌਰ ਵਰਗਾ ਜੀਵਨ ਮਾਰਗ ਭਰਨ ਦੀ ਕੋਸ਼ਿਸ਼ ਕਰਨ ਤਾਂ ਕਿ ਆਪਣਾ ਕੌਮੀ ਭਵਿੱਖ ਉਜਲਾ ਹੋਵੇ ਅਤੇ ਸਿੱਖ ਪਰਿਵਾਰਾਂ ਦਾ ਨਾਮ ਰੌਸ਼ਨ ਹੋਵੇ।

ਅਖੀਰ ਵਿੱਚ ਲਿਖਿਆ ਕਿ, "ਭਾਵਨਾ ਭਰੀ ਅਰਦਾਸ ਹੈ ਕਿ ਨਵਾਂ ਸਾਲ ਸਭ ਪੰਥਕ ਧਿਰਾਂ ਨੂੰ ਅਤੇ ਸਮੂਹ ਸਿੱਖ ਪਰਿਵਾਰਕ ਮੈਂਬਰਾਂ ਨੂੰ ਏਕਤਾ ਅਤੇ ਇਤਫਾਕ ਦੀ ਮਾਲਾ ਵਿੱਚ ਇੱਕਤਰ ਕਰਨ ਵਾਲਾ ਹੋਵੇ ਅਤੇ ਦੇਸ਼ ਵਿਦੇਸ਼ ਦੀਆਂ ਜੇਲ੍ਹਾਂ ਵਿੱਚ ਬੰਦੀ ਸਿੰਘ-ਸਿੰਘਣੀਆਂ ਤੇ ਬੱਚਿਆਂ ਦੀ ਬੰਦ ਖਲਾਸੀ ਹੋਵੇ ਤਾਂ ਕਿ ਉਹ ਸਿੱਖ ਕੌਮ ਦੀ ਚੜ੍ਹਦੀ ਕਲ੍ਹਾ ਲਈ ਹੋਰ ਵੀ ਉਪਰਾਲੇ ਕਰ ਸਕਣ। ਦੇਸ਼ ਵਿਦੇਸ਼ ਵਿੱਚ ਵਸਦੇ ਸਮੁੱਚੇ ਖਾਲਸਾ ਪੰਥ ਅੰਦਰ ਕੌਮੀ ਆਜ਼ਾਦੀ ਦੀ ਪ੍ਰਾਪਤੀ ਦੀ ਤੜਪ ਪੈਦਾ ਹੋਵੇ ਤਾਂ ਕਿ ਸਮੁੱਚੀ ਸਿੱਖ ਕੌਮ ਤੰਦਰੁਸਤੀ ਅਤੇ ਚੜ੍ਹਦੀ ਕਲ੍ਹਾ ਵਾਲਾ ਜੀਵਨ ਦੁਨੀਆ ਦੇ ਨਕਸ਼ੇ ਉਤੇ ਰੂਪਵਾਨ ਹੋ ਕੇ ਬਤੀਤ ਕਰ ਸਕੇ। ਪਰਦੇਸੀਂ ਬੈਠੇ ਸਿੱਖਾਂ ਲਈ, ਵਤਨ ਪੰਜਾਬ ਖਾਲਿਸਤਾਨ ਤੋਂ ਆਉਣ ਵਾਲੀ ਹਵਾ ਦੇ ਬੁੱਲੇ ਸੁੱਖ ਸ਼ਾਂਤੀ ਦੇ ਪੈਗਾਮ ਅਤੇ ਸਿੱਖ ਕੌਮ ਦੀ ਆਜ਼ਾਦੀ ਦਾ ਸੰਦੇਸ਼ ਲਿਆਉਣ, ਇਹੋ ਨਵੇਂ ਸਾਲ ਤੋਂ ਦਿਲੀ ਤਮੰਨਾ ਹੈ। ਅਗੋਂ ਗੁਰੂ ਜੀ ਭਲੀ ਕਰਨ। ਸੋਚ ਸਾਡੀ-ਤੁਹਾਡੀ-ਕ੍ਰਿਪਾ ਗੁਰੂ ਕੀ।"

## ਸ਼੍ਰੋਮਣੀ ਕਮੇਟੀ ਵੱਲੋਂ ਹਰਿਮੰਦਰ ਸਾਹਿਬ 'ਚ ਫੋਟੋਗ੍ਰਾਫੀ ਕਰਨ 'ਤੇ ਰੋਕ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ 'ਚ ਫੋਟੋਗ੍ਰਾਫੀ ਅਤੇ ਵੀਡੀਓਗ੍ਰਾਫੀ ਕਰਨ 'ਤੇ ਰੋਕ ਲਗਾ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਵੱਲੋਂ ਪਰਿਕਰਮਾ ਵਾਲੀ ਥਾਂ ਉਤੇ ਬੋਰਡ ਲਗਾ ਕੇ ਸੰਗਤ ਨੂੰ ਇਸ ਸਬੰਧੀ ਜਾਣੂ ਕਰਵਾਇਆ ਗਿਆ। ਜਾਣਕਾਰੀ ਮੁਤਾਬਕ ਇਸ ਸਬੰਧੀ ਕਮੇਟੀ ਵੱਲੋਂ ਕਿਹਾ ਗਿਆ ਹੈ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਆਉਣ ਵਾਲੇ ਸ਼ਰਧਾਲੂਆਂ ਨੂੰ ਪਰਿਕਰਮਾ ਕਰਨ ਵੇਲੇ ਫ਼ੋਟੋਗ੍ਰਾਫ਼ੀ ਜਾਂ ਵੀਡਿਓਗ੍ਰਾਫ਼ੀ ਕਰਨ ਵਾਲਿਆਂ ਕਾਰਨ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਜਿਸ ਨੂੰ ਵਿਚਾਰਦਿਆਂ ਕਮੇਟੀ ਵਲੋਂ ਇਥੇ ਫੋਟੋਗ੍ਰਾਫੀ ਉਤੇ ਪਾਬੰਦੀ ਲਗਾਉਣ ਦਾ ਫੈਸਲਾ ਕੀਤਾ ਗਿਆ ਹੈ।










## ਬੀਜੇਪੀ ਨੇ ਦਲਿਤਾਂ ਨੂੰ ਰਿਝਾਉਣ ਲਈ ਪਕਾਈ ਖਿਚੜੀ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਮਿਸ਼ਨ- 2019 ਨੂੰ ਸਫਲ ਬਣਾਉਣ ਲਈ ਭਾਰਤੀ ਜਨਤਾ ਪਾਰਟੀ ਸਮੇਤ ਭਾਰਤ ਦੀ ਹਰ ਛੋਟੀ-ਵੱਡੀ ਪਾਰਟੀ ਕਈ ਤਰ੍ਹਾਂ ਦੇ 'ਪਾਪੜ ਵੇਲ' ਰਹੀ ਹੈ। ਇੱਥੋਂ ਦੇ ਇਤਿਹਾਸਕ ਰਾਮ ਲੀਲਾ ਮੈਦਾਨ ਵਿਚ ਭਾਜਪਾ ਵੱਲੋਂ ਦਲਿਤਾਂ ਨੂੰ ਨਾਲ ਜੋੜਨ ਲਈ 'ਭੀਮ ਮਹਾਂਸੰਗਮ' ਤਹਿਤ 5 ਹਜ਼ਾਰ ਕਿਲੋ 'ਸਮਰਸਤਾ ਖਿਚੜੀ' ਇਕੋ ਵੱਡੇ ਕੜਾਹੇ ਵਿਚ ਪਕਾ ਕੇ ਭਾਜਪਾ ਦੇ ਕਾਰਕੁਨਾਂ ਵਿਚ ਵਰਤਾਈ ਗਈ। ਸਮਾਗਮ ਭਾਜਪਾ ਦੇ ਅਨੁਸੂਚਿਤ ਜਾਤੀ ਮੋਰਚੇ ਵੱਲੋਂ ਵਿਉਂਤਿਆ ਗਿਆ ਸੀ ਤੇ ਇਸ ਰਾਹੀਂ ਆਗਾਮੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਐੱਸਸੀ/ਐੱਸਟੀ ਵਰਗ ਨੂੰ ਪਲੋਸਣ ਦੀ ਕੋਸ਼ਿਸ਼ ਕੀਤੀ ਗਈ। ਸਮਾਗਮ ਦੌਰਾਨ ਭਾਜਪਾ ਦੇ ਸੂਬਾ ਪ੍ਰਧਾਨ ਮਨੋਜ ਤਿਵਾੜੀ ਦੀ ਅਗਵਾਈ ਹੇਠ ਐਨਡੀਏ ਸਰਕਾਰ ਦੀਆਂ ਐੱਸਸੀ., ਐੱਸਟੀ. ਵਰਗ ਲਈ ਸ਼ੁਰੂ ਕੀਤੀਆਂ ਗਈਆਂ ਯੋਜਨਾਵਾਂ ਦਾ ਖ਼ੂਬ ਗੁਣਗਾਨ ਕੀਤਾ ਗਿਆ। ਸ੍ਰੀ ਤਿਵਾੜੀ ਨੇ ਕਿਹਾ ਕਿ ਬਣਾਈ ਗਈ ਖਿਚੜੀ ਲਈ ਤਿੰਨ ਲੱਖ ਐੱਸਸੀ, ਐੱਸਟੀ ਘਰਾਂ ਵਿੱਚੋਂ ਦਾਲ-ਚੌਲ ਇਕੱਠੇ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਰੋਸਾ ਪ੍ਰਗਟਾਇਆ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਦਲਿਤ ਭਾਈਚਾਰਾ ਪ੍ਰਧਾਨ ਮੰਤਰੀ ਦੇ ਨਾਲ ਖੜ੍ਹਾ ਹੈ। ਇਹ ਖਿਚੜੀ 400 ਕਿਲੋ ਚੌਲ, 100 ਕਿਲੋ ਦਾਲਾਂ, 100 ਲੀਟਰ ਤੇਲ, 2500 ਲਿਟਰ ਪਾਣੀ ਤੇ 250 ਕਿਲੋ ਮਸਾਲੇ ਪਾ ਕੇ ਤਿਆਰ ਕੀਤੀ ਗਈ ਹੈ। ਇਸ ਤੋਂ ਪਹਿਲਾਂ ਤਿੰਨ ਹਜ਼ਾਰ ਕਿਲੋ ਖਿਚੜੀ ਬਣਾਉਣ ਦਾ ਵਿਸ਼ਵ ਰਿਕਾਰਡ ਨਾਗਪੁਰ ਦੇ ਵਿਸ਼ਨੂੰ ਮਨੋਹਰ ਦੇ ਨਾਂ ਸੀ ਤੇ ਜਿਸ ਨੇ ਪੰਜ ਹਜ਼ਾਰ ਕਿਲੋ ਖਿਚੜੀ ਬਣਾ ਕੇ ਆਪਣੇ ਹੀ ਰਿਕਾਰਡ ਨੂੰ ਤੋੜਿਆ। ਪਾਰਟੀ ਆਗੂ ਰਾਮਲਾਲ ਨੇ ਕਿਹਾ ਕਿ ਹਰ ਮੈਂਬਰ ਦਸ ਦਸ ਪਰਿਵਾਰਾਂ ਨੂੰ ਪ੍ਰਧਾਨ ਮੰਤਰੀ ਦੀਆਂ ਜਨਕਲਿਆਣ ਯੋਜਨਾਵਾਂ ਬਾਰੇ ਜਾਣਕਾਰੀ ਦੇਵੇਗਾ। ਸੀਨੀਅਰ ਆਗੂ ਥਾਵਰਚੰਦ ਗਹਿਲੌਤ ਨੇ ਕਿਹਾ ਕਿ ਭੀਮ ਰਾਓ ਅੰਬੇਦਕਰ ਦੀ ਜਨਮਭੂਮੀ, ਸਿੱਖਿਆ ਭੂਮੀ, ਮਹਾਪਰੀਨਿਰਵਾਣ ਤੇ ਅੰਤਿਮ ਸਸਕਾਰ ਸਥਲ ਨੂੰ ਪੰਚ-ਤੀਰਥਾਂ ਦੇ ਰੂਪ ਵਿਚ ਸਥਾਪਤ ਕਰਨ ਦਾ ਟੀਚਾ ਪੂਰਾ ਕੀਤਾ ਗਿਆ।

## ਜਿਨ੍ਹਾਂ ਨੂੰ ਭਾਰਤ 'ਚ ਡਰ ਲਗਦਾ, ਉਨ੍ਹਾਂ ਨੂੰ ਬੰਬ ਨਾਲ ਉਡਾ ਦੇਣਾ ਚਾਹੀਦਾ : ਭਾਜਪਾ ਵਿਧਾਇਕ ਸੈਣੀ

**ਮੁਜ਼ੱਫਰਨਗਰ/ਬਿਊਰੋ ਨਿਊਜ਼ :** ਉਤਰ ਪ੍ਰਦੇਸ਼ ਦੇ ਮੁਜ਼ੱਫਰਪੁਰ ਨਗਰ ਤੋਂ ਭਾਜਪਾ ਦੇ ਵਿਧਾਇਕ ਵਿਕਰਮ ਸੈਣੀ ਨੇ ਇਕ ਵਿਵਾਦਤ ਅਤੇ ਗੈਂਗਸਟਰਾਂ ਵਾਲੀ ਬੋਲੀ ਵਾਲਾ ਬਿਆਨ ਦਿੱਤਾ ਹੈ। ਵਿਕਰਮ ਸੈਣੀ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਨੂੰ ਭਾਰਤ 'ਚ ਡਰ ਲਗਦਾ ਹੈ ਉਨ੍ਹਾਂ ਨੂੰ ਬੰਬ ਨਾਲ ਉਡਾ ਦੇਣਾ ਚਾਹੀਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਅਜਿਹੇ ਲੋਕਾਂ ਨੂੰ ਦੇਸ਼ ਛੱਡ ਕੇ ਚਲਿਆ ਜਾਣਾ ਚਾਹੀਦਾ। ਸੈਣੀ ਦੇ ਇਸ ਬਿਆਨ ਦਾ ਵੀਡੀਓ ਵੀ ਸਾਹਮਣੇ ਆਇਆ ਹੈ, ਜਿਸ 'ਚ ਉਹ ਬੋਲ ਰਹੇ ਹਨ ਕਿ ਜੋ ਦੇਸ਼ ਧ੍ਰੋਹੀ ਹਨ ਜਾਂ ਫਿਰ ਜੋ ਕਹਿੰਦੇ ਹਨ ਸਾਨੂੰ ਦੇਸ਼ 'ਚ ਖਤਰਾ ਹੈ ਅਤੇ ਅਸੀਂ ਇੱਥੇ ਸੁਰੱਖਿਅਤ ਨਹੀਂ ਹਾਂ, ਮੈਂ ਉਨ੍ਹਾਂ ਲਈ ਬੋਲ ਰਿਹਾ ਹਾਂ ਕਿ ਉਨ੍ਹਾਂ ਨੂੰ ਬੰਬ ਨਾਲ ਉਡਾ ਦੇਣਾ ਚਾਹੀਦਾ ਹੈ। ਸੈਣੀ ਨੇ ਕਿਹਾ ਕਿ ਅਜਿਹੇ ਲੋਕਾਂ ਲਈ ਸਖਤ ਕਾਨੂੰਨ ਬਣੇ ਅਤੇ ਉਨ੍ਹਾਂ ਦੇ ਖਿਲਾਫ ਸਜ਼ਾ ਦਾ ਪ੍ਰਬੰਧ ਹੋਵੇ। ਉੱਤਰ ਪ੍ਰਦੇਸ਼ ਕਾਂਗਰਸ ਪ੍ਰਧਾਨ ਰਾਜ ਬੱਬਰ ਨੇ ਵਿਕਰਮ ਸੈਣੀ ਦੇ ਵਿਵਾਦਤ ਬਿਆਨ 'ਤੇ ਪਲਟਵਾਰ ਕਰਦੇ ਹੋਏ ਕਿਹਾ ਕਿ ਅਜਿਹੇ ਬਿਆਨ 'ਤੇ ਭਾਜਪਾ ਵਿਧਾਇਕ ਨੂੰ ਗ੍ਰਿਫਤਾਰ ਕਰ ਲੈਣਾ ਚਾਹੀਦਾ ਹੈ ਅਤੇ ਸਜ਼ਾ ਦੇਣੀ ਚਾਹੀਦੀ ਹੈ। ਉਹ ਇਕ ਅੱਤਵਾਦੀ ਦੀ ਤਰ੍ਹਾਂ ਬੋਲ ਰਹੇ ਹਨ, ਉਨ੍ਹਾਂ ਦੇ ਅੱਤਵਾਦੀ-ਸਬੰਧ ਦੀ ਵੀ ਜਾਂਚ ਹੋਣੀ ਚਾਹੀਦੀ ਹੈ।

## ਭ੍ਰਿਸ਼ਟਾਚਾਰ ਕੇਸ : ਅਕਾਲੀ ਆਗੂ ਮਨਜੀਤ ਸਿੰਘ ਜੀਕੇ ਨੂੰ ਹੋਰ ਝਟਕਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਬਾਦਲ ਦਲ ਦੇ ਆਗੂ ਮਨਜੀਤ ਸਿੰਘ ਜੀਕੇ. ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਜੀਕੇ ਅਤੇ ਹੋਰਨਾਂ ਵਿਰੁੱਧ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਐੱਫਆਈਆਰ. ਦਰਜ ਕਰਨ ਦੇ ਹੁਕਮ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਸੈਸ਼ਨ ਕੋਰਟ ਨੇ ਵੀ ਖ਼ਾਰਜ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਹੇਠਲੀ ਅਦਾਲਤ ਨੇ ਵੀ ਉਨਾਂ ਵਿਰੁੱਧ ਕਾਰਵਾਈ ਕਰਨ ਦੇ ਹੁਕਮ ਦਿੱਤੇ ਸਨ। ਸੈਸ਼ਨ ਕੋਰਟ ਨੇ ਜੀਕੇ. ਅਤੇ ਹੋਰਨਾਂ ਵਿਰੁੱਧ ਐੱਫਆਈਆਰ. ਦਰਜ ਕਰਨ ਦੇ ਹੇਠਲੀ ਅਦਾਲਤ ਦੇ ਫ਼ੈਸਲੇ ਨੂੰ ਬਰਕਰਾਰ ਰੱਖਿਆ ਹੈ। ਹੁਣ ਜੀਕੇ ਖਿਲਾਫ ਕੇਸ ਦਰਜ ਹੋ ਸਕਦਾ ਹੈ।ਗੌਰਤਲਬ ਹੈ ਕਿ ਜੀਕੇ ਖ਼ਿਲਾਫ਼ ਕਮੇਟੀ ਵਿਚ ਕਥਿਤ ਭ੍ਰਿਸ਼ਟਾਚਾਰ ਕਰਨ ਦੇ ਦੋਸ਼ ਹਨ।ਪਟਿਆਲਾ ਹਾਊਸ ਅਦਾਲਤ ਦੇ ਸੈਸ਼ਨ ਜੱਜ ਸਤੀਸ਼ ਕੁਮਾਰ ਅਰੋੜਾ ਨੇ ਸੱਤ ਜਨਵਰੀ ਨੂੰ ਕੇਸ ਦੀ ਸੁਣਵਾਈ ਮਗਰੋਂ ਫ਼ੈਸਲਾ ਰਾਖਵਾਂ ਰੱਖ ਲਿਆ ਸੀ।



ਇਹ ਮਾਮਲਾ ਦਿੱਲੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਤੇ ਮੌਜੂਦਾ ਆਜ਼ਾਦ ਮੈਂਬਰ ਗੁਰਮੀਤ ਸਿੰਘ ਸ਼ੰਟੀ ਵੱਲੋਂ ਹੇਠਲੀ ਅਦਾਲਤ ਵਿਚ ਦਾਇਰ ਕਰਵਾਇਆ ਗਿਆ ਸੀ। ਇਸ ਨੂੰ ਜੀਕੇ ਨੇ ਸੈਸ਼ਨ ਅਦਾਲਤ ਵਿੱਚ ਚੁਣੌਤੀ ਦਿੱਤੀ ਸੀ। ਜੀਕੇ ਦੇ ਵਕੀਲਾਂ ਨੇ ਤਰਕ ਦਿੱਤਾ ਕਿ ਹੇਠਲੀ ਅਦਾਲਤ ਨੇ ਜੋ ਫ਼ੈਸਲਾ ਲਿਆ, ਉਹ ਗ਼ਲਤ ਸੀ। ਇਸ ਲਈ ਜੀਕੇ ਖ਼ਿਲਾਫ਼ ਹੇਠਲੀ ਅਦਾਲਤ ਵੱਲੋਂ ਕੇਸ ਦਰਜ ਕਰਨ ਦੇ ਦਿੱਤੇ ਫ਼ੈਸਲੇ ਨੂੰ ਰੱਦ ਕੀਤਾ ਜਾਵੇ। ਦੂਜੇ ਪਾਸੇ ਸ਼ੰਟੀ ਦੇ ਵਕੀਲ ਰਾਜਿੰਦਰ ਛਾਬੜਾ ਨੇ ਦਲੀਲ ਦਿੱਤੀ ਕਿ ਹੇਠਲੀ ਅਦਾਲਤ ਨੇ ਸਾਰੇ ਸਬੂਤਾਂ ਨੂੰ ਦੇਖਦਿਆਂ ਜੀਕੇ ਖ਼ਿਲਾਫ਼ ਕੇਸ ਦਰਜ ਕਰਨ ਦਾ ਸਹੀ ਤੇ ਢੁਕਵਾਂ ਫ਼ੈਸਲਾ ਕੀਤਾ ਸੀ।

## 'ਆਪ' ਨਾਲ ਨਹੀਂ ਹੋਵੇਗਾ ਪੰਜਾਬ ਕਾਂਗਰਸ ਦਾ ਗੱਠਜੋੜ

### *ਰਾਹੁਲ ਨਾਲ ਮੀਟਿੰਗ ਤੋਂ ਬਾਅਦ ਕੈਪਟਨ ਨੇ ਕੀਤਾ ਇਨਕਾਰ*

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਵਿਚ ਆਮ ਆਦਮੀ ਪਾਰਟੀ ਨਾਲ ਗੱਠਜੋੜ ਕੀਤੇ ਜਾਣ ਤੋਂ ਇਨਕਾਰ ਕੀਤਾ ਹੈ ਪਰ ਇਸ ਦੇ ਨਾਲ ਹੀ ਕਿਹਾ ਕਿ ਆਮ ਆਦਮੀ ਪਾਰਟੀ ਨਾਲ ਗੱਠਜੋੜ ਦਾ ਫੈਸਲਾ ਕਾਂਗਰਸ ਹਾਈਕਮਾਂਡ ਵੱਲੋਂ ਲਿਆ ਜਾਣਾ ਹੈ।

ਸਰਕਾਰ ਅਤੇ ਪਾਰਟੀ ਨਾਲ ਸਬੰਧਤ ਮੁੱਦਿਆਂ ਬਾਰੇ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਨਾਲ ਮੀਟਿੰਗ ਕਰਨ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਮੌਕੇ ਮੁੱਖ ਮੰਤਰੀ ਨੇ ਆਉਂਦੀਆਂ ਲੋਕ ਸਭਾ ਚੋਣਾਂ ਦੇ ਸੰਦਰਭ ਵਿਚ ਉਪਰੋਕਤ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਤਿੰਨ ਸੂਬਿਆਂ ਵਿਚ ਹਾਲ ਹੀ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਦੀ ਹੋਈ ਹੂੰਝਾ-ਫੇਰੂ ਜਿੱਤ ਲਈ ਰਾਹੁਲ ਗਾਂਧੀ ਨੂੰ ਵਧਾਈ ਦਿੱਤੀ। ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਕੋਈ ਵੀ ਹੋਂਦ ਨਾ ਹੋਣ ਅਤੇ ਅਰਵਿੰਦ ਕੇਜਰੀਵਾਲ ਦੀ ਪਾਰਟੀ ਨਾਲ ਕਾਂਗਰਸ ਨੂੰ ਸੂਬੇ ਵਿਚ ਗੱਠਜੋੜ ਨਾ ਕਰਨ ਦੀ ਕੋਈ ਵੀ ਜ਼ਰੂਰਤ



ਨਾ ਹੋਣ ਦੀ ਗੱਲ ਆਖਦੇ ਹੋਏ ਕੈਪਟਨ ਨੇ ਦੱਸਿਆ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੇ ਇਹ ਵਿਚਾਰ ਪਹਿਲਾਂ ਹੀ ਪਾਰਟੀ ਹਾਈਕਮਾਂਡ ਕੋਲ ਪ੍ਰਗਟ ਕਰ ਦਿੱਤੇ ਹਨ ਅਤੇ ਮੀਟਿੰਗ ਦੌਰਾਨ ਰਾਹੁਲ ਗਾਂਧੀ ਨਾਲ ਇਸ ਬਾਰੇ ਕੋਈ ਵਿਚਾਰ-ਵਟਾਂਦਰਾ ਨਹੀਂ ਹੋਇਆ। ਮੁੱਖ ਮੰਤਰੀ ਨੇ ਭਰੋਸਾ ਪ੍ਰਗਟ ਕੀਤਾ ਕਿ ਕਾਂਗਰਸ ਪਾਰਟੀ ਆਉਂਦੀਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿਚੋਂ 13 ਦੀਆਂ 13 ਸੀਟਾਂ 'ਤੇ ਜਿੱਤ ਹਾਸਲ ਕਰੇਗੀ ਅਤੇ ਜਿੱਤਣ ਵਾਲੇ ਉਮੀਦਵਾਰਾਂ ਦੀ ਪਾਰਟੀ ਵੱਲੋਂ ਚੋਣ ਕੀਤੀ ਜਾਵੇਗੀ।

ਕਰਤਾਰਪੁਰ ਲਾਂਘੇ ਦੇ ਸਬੰਧ ਵਿਚ ਕੈਪਟਨ ਨੇ ਕਿਹਾ ਕਿ ਪਾਕਿਸਤਾਨ ਨੇ ਆਪਣੇ ਪਾਸੇ ਪਹਿਲਾਂ ਹੀ ਨਿਰਮਾਣ ਕਾਰਜ ਸ਼ੁਰੂ ਕਰ ਦਿੱਤੇ ਹਨ, ਪਰ ਭਾਰਤੀ ਪੰਜਾਬ ਵਿਚ ਅਜੇ ਵਿਕਾਸ ਕੰਮ ਸ਼ੁਰੂ ਕੀਤੇ ਜਾਣੇ ਹਨ। ਇਮਾਰਤੀ ਬੁਨਿਆਦੀ ਢਾਂਚੇ ਦੇ ਵਾਸਤੇ ਜ਼ਮੀਨ ਪ੍ਰਾਪਤ ਕਰਨ ਲਈ ਸੂਬਾ ਸਰਕਾਰ ਨੂੰ ਕੇਂਦਰ ਤੋਂ ਅਜੇ ਕੋਈ ਵੀ ਫੰਡ ਪ੍ਰਾਪਤ ਨਹੀਂ ਹੋਇਆ।


# A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

## ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਮਾਸਿਕ ਇਕੱਤਰਤਾ



**ਯੂਬਾ ਸਿਟੀ/ਬਿਊਰੋ ਨਿਊਜ਼ :** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਮਹੀਨਾਵਾਰ ਇਕੱਤਰਤਾ ਗੁਰਦਵਾਰਾ ਸਾਹਿਬ ਟੈਰਾ ਬੁਆਇਨਾ, ਯੂਬਾ ਸਿਟੀ ਦੇ ਕਮਿਊਨਿਟੀ ਰੂਮ ਵਿਚ ਹੋਈ। ਇਸ ਵਿਚ ਸਭਾ ਵਲੋਂ ਪ੍ਰਕਾਸ਼ਿਤ ਕੀਤੇ ਜਾ ਰਹੇ ਸੋਵੀਨਰ ਬਾਰੇ ਅਤੇ 27 ਅਪ੍ਰੈਲ, 2019 ਨੂੰ ਕੀਤੀ ਜਾ ਰਹੀ ਅੰਤਰਰਾਸ਼ਟਰੀ ਸਾਹਿਤਕ ਕਾਨਫਰੰਸ ਬਾਰੇ ਵਿਚਾਰਾਂ ਹੋਈਆਂ।

ਇਸ ਬਾਰੇ ਜਾਣਕਾਰੀ ਦਿੰਦਿਆਂ ਇਕ ਪ੍ਰੈਸ ਰਿਲੀਜ਼ ਰਾਹੀਂ ਹਰਬੰਸ ਸਿੰਘ ਜਗਿਆਸੂ ਨੇ ਦੱਸਿਆ ਕਿ ਸਭਾ ਵਿਚ ਪਹਿਲੀ ਵਾਰ ਸ਼ਾਮਲ ਹੋਏ ਕਵੀ ਸ਼ਾਮਪਾਲ ਨੂੰ ਹਾਜ਼ਰੀਨ ਦੇ ਰੂਬਰੂ ਕੀਤਾ ਗਿਆ। ਇਸ ਮੌਕੇ ਕਵੀ ਸ਼ਾਮਪਾਲ ਨੇ ਆਪਣੀਆਂ ਰਚਨਾਵਾਂ ਵੀ ਸੁਣਾਈਆਂ, ਜਿਨ੍ਹਾਂ ਦੀ ਭਰਵੀਂ ਯਲਾਘਾ ਹੋਈ। ਸਭਾ ਦੇ ਮੈਂਬਰ ਸੂਫੀ ਗਾਇਕ ਜੁਗਿੰਦਰ ਸ਼ੌਕੀ ਨੇ ਵੀ ਖੂਬ ਰੌਣਕ ਲਾਈ। ਇਨ੍ਹਾਂ ਪਿਛੋਂ ਸਭਾ ਦੇ ਪ੍ਰਧਾਨ ਜਸਵੰਤ ਸਿੰਘ ਸ਼ੀਮਾਰ ਨੇ ਆਪਣੀ ਤਾਜ਼ਾ ਰਚਨਾ ਸੁਣਾਈ। ਉਪ ਪ੍ਰਧਾਨ ਸ. ਹਰਭਜਨ ਸਿੰਘ ਢੇਰੀ, ਜਿਨ੍ਹਾਂ ਇਸ ਮਿਲਣੀ ਦਾ ਪੂਰਾ ਪ੍ਰਬੰਧ ਕੀਤਾ ਸੀ, ਨੇ ਆਪਣੀ ਖ਼ੂਬਸੂਰਤ ਰਚਨਾ ਸੁਣਾਈ। ਸਾਹਿਤ ਸਭਾ ਦੇ ਬਾਨੀ ਡਾਇਰੈਕਟਰ ਮੁਹਿੰਦਰ ਸਿੰਘ ਘੱਗ, ਸਥਾਈ ਡਾਇਰੈਕਟਰ ਹਰਬੰਸ ਸਿੰਘ ਜਗਿਆਸੂ, ਤੇ ਗ਼ਜ਼ਲਗੋ ਇਕਵਿੰਦਰ ਸਿੰਘ ਨੇ ਆਪਣੀਆਂ ਤਾਜ਼ਾ ਰਚਨਾਵਾਂ ਪੇਸ਼ ਕੀਤੀਆਂ। ਇਸ ਇਕੱਤਰਤਾ ਵਿਚ ਸਭਾ ਦੇ ਸਹਾਇਕ ਪ੍ਰਬੰਧਕ ਫਕੀਰ ਸਿੰਘ ਮਲਹੀ, ਸਾਹਿਬਜ਼ਾਦਿਆਂ ਦੀ ਸ਼ਹੀਦੀ ਤੇ ਹੋਰ ਸਿੱਖ ਇਤਿਹਾਸ ਨੂੰ ਸਕੂਲਾਂ ਤੇ ਸੰਸਥਾਵਾਂ ਵਿਚ ਪ੍ਰਦਰਸ਼ਿਤ ਕਰਨ ਵਾਲੇ ਸੁਖਦੇਵ ਸਿੰਘ ਢਿਲੋਂ, ਸਮਾਜ ਸੇਵੀ ਮਨਜੀਤ ਕੌਰ ਤੇ ਫੋਟੋਗ੍ਰਾਫਰ ਪ੍ਰਤਾਪ ਸਿੰਘ ਸੈਣੀ ਨੇ ਵੀ ਹਾਜ਼ਰੀ ਭਰੀ।

# ਸਿੱਖਾਂ ਵੱਲੋਂ ਪਾਕਿ ਸਰਕਾਰ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਆਲੇ-ਦੁਆਲੇ ਦੀ ਕੁਦਰਤੀ ਦਿੱਖ ਬਰਕਰਾਰ ਰੱਖਣ ਦੀ ਅਪੀਲ

**ਵਾਸ਼ਿੰਗਟਨ/ਬਿਊਰੋ ਨਿਊਜ਼ :**
ਅਮਰੀਕਾ ਵਿਚ ਵਸਦੇ ਸਿੱਖਾਂ ਨੇ ਪਾਕਿਸਤਾਨ ਸਰਕਾਰ ਨੂੰ ਕਰਤਾਰਪੁਰ ਸਾਹਿਬ ਕੰਪਲੈਕਸ ਦੀ ਅਸਲ ਕੁਦਰਤੀ ਦਿੱਖ ਨੂੰ ਬਰਕਰਾਰ ਰੱਖਣ ਦੀ ਅਪੀਲ ਕੀਤੀ ਹੈ। ਅਮਰੀਕੀ ਸਿੱਖ ਕੌਂਸਲ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਗੁਰਦੁਆਰਾ ਸ਼੍ਰੀ ਕਰਤਾਰਪੁਰ ਸਾਹਿਬ ਨਤਮਸਤਕ ਹੋਣ ਲਈ ਦੇਸ਼ ਤੇ ਦੁਨੀਆ ਤੋਂ ਵੱਡੀ ਗਿਣਤੀ ਸ਼ਰਧਾਲੂ ਆਉਂਦੇ ਹਨ। ਉਨ੍ਹਾਂ ਦੇ ਰਹਿਣ ਲਈ ਸਰਾਂਵਾਂ ਜਾਂ ਹੋਰ ਨਿਰਮਾਣ ਕੰਪਲੈਕਸ ਤੋਂ ਕੁਝ ਦੂਰੀ 'ਤੇ ਹੀ ਬਣਾਏ ਜਾਣ ਤਾਂ ਕਿ ਗੁਰਦੁਆਰਾ ਸਾਹਿਬ ਦੇ ਆਲੇ-ਦੁਆਲੇ ਦੀ ਕੁਦਰਤੀ ਦਿੱਖ 'ਤੇ ਕੋਈ ਅਸਰ ਨਾ ਪਏ।

ਬਿਆਨ ਵਿਚ ਕਿਹਾ ਗਿਆ ਹੈ ਕਿ ਗੁਰਦੁਆਰਾ ਸਾਹਿਬ ਦੇ ਆਸ-ਪਾਸ ਖੇਤ ਤੇ ਕੁਦਰਤੀ ਜ਼ਮੀਨ ਹੇਠ ਤਕਰੀਬਨ 100 ਏਕੜ ਦਾ ਰਕਬਾ ਆਉਂਦਾ ਹੈ। ਇਹ ਸਾਰੀ ਜ਼ਮੀਨ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਹੈ। ਇਸ 'ਤੇ ਕਿਸੇ ਵੀ ਤਰ੍ਹਾਂ ਦੇ ਢਾਂਚੇ ਦਾ ਨਿਰਮਾਣ ਨਾ ਕੀਤਾ ਜਾਏ। ਇਸ ਨੂੰ ਆਪਣੀ ਅਸਲ ਦਿੱਖ ਵਿਚ ਹੀ ਰਹਿਣ ਦੇਣਾ ਚਾਹੀਦਾ ਹੈ। ਇਸ ਤੋਂ ਇਲਾਵਾ ਰਾਵੀ ਦਰਿਆ ਦੇ ਆਸ-ਪਾਸ ਜੰਗਲਾਂ ਨੂੰ ਵੀ ਬਰਕਰਾਰ ਰੱਖਣ ਲਈ ਕਿਹਾ ਗਿਆ ਹੈ। ਅਮਰੀਕੀ ਸਿੱਖ ਕੌਂਸਲ ਦੇ ਪ੍ਰਧਾਨ ਗੁਰਦਾਸ ਸਿੰਘ ਤੇ ਸਿੱਖ ਇਨ ਅਮਰੀਕਾ ਦੇ ਪ੍ਰਧਾਨ ਗੁਰਿੰਦਰਪਾਲ ਸਿੰਘ ਨੇ ਪਾਕਿਸਤਾਨੀ ਖ਼ਬਰ ਚੈਨਲ 'ਡਾਅਨ ਨਿਊਜ਼' ਨੂੰ ਫੋਨ 'ਤੇ ਦੱਸਿਆ ਕਿ ਪਾਕਿਸਤਾਨ ਸਰਕਾਰ ਕਰਤਾਰਪੁਰ ਸਾਹਿਬ ਕੰਪਲੈਕਸ ਦੇ ਪੁਰਾਤਨ ਤੇ ਸੱਭਿਆਚਾਰਕ ਢਾਂਚੇ ਅਤੇ ਲਾਅਨ ਵਿਚ ਫੇਰਬਦਲ ਕਰ ਸਕਦੀ ਹੈ। ਇਸ ਲਈ ਉਨ੍ਹਾਂ ਨੇ ਪਾਕਿਸਤਾਨ ਸਰਕਾਰ ਨੂੰ ਉਕਤ ਚਾਰਾਜੋਈ ਕੀਤੀ ਹੈ।

# ਸਿੱਖ ਬੁੱਧੀਜੀਵੀਆਂ ਵੱਲੋਂ ਪੰਥਕ ਕਨਫੈਡਰੇਸ਼ਨ ਕਾਇਮ ਕਰਨ ਦਾ ਫੈਸਲਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਇਥੇ ਪੰਥਕ ਸ਼ਖਸ਼ੀਅਤਾਂ ਤੇ ਸਿੱਖ ਬੁੱਧੀਜੀਵੀਆਂ ਦੀ ਹੋਈ ਇਕ ਮੀਟਿੰਗ ਵਿਚ ਮਹਿਸੂਸ ਕੀਤਾ ਗਿਆ ਕਿ ਮੌਜੂਦਾ ਦੌਰ ਵਿਚ ਸਿੱਖ ਪੰਥ ਤੇ ਪੰਜਾਬ ਦੇ ਹਿਤਾਂ ਦੀ ਕੋਈ ਵੀ ਧਿਰ ਤਰਜ਼ਮਾਨੀ ਨਹੀਂ ਕਰਦੀ। ਭਾਵੇਂ ਕੁਝ ਸੁਹਿਰਦ ਧਿਰਾਂ ਆਪਣੇ ਆਪਣੇ ਪੱਧਰ ਓਤੇ ਸਿੱਖ ਅਤੇ ਪੰਜਾਬ ਮਸਲਿਆਂ ਬਾਰੇ ਆਵਾਜ਼ ਉਠਾਉਣ ਦੇ ਯਤਨ ਕਰਦੀਆਂ ਹਨ ਪਰ ਉਨ੍ਹਾਂ ਦੀ ਆਵਾਜ਼ ਧੱਕੇ ਤੇ ਮੱਕਾਰੀ ਨਾਲ ਦਬਾ ਦਿੱਤੀ ਜਾਂਦੀ ਹੈ। ਮੀਟਿੰਗ ਵਿਚ ਇਹ ਆਮ ਰਾਇ ਸੀ ਕਿ ਪੰਜਾਬ ਨੂੰ ਹਰ ਪੱਖੋਂ ਅਣਗੌਲਿਆ ਕੀਤਾ ਜਾ ਰਿਹਾ ਹੈ। ਪੰਜਾਬ ਦੀ ਕਿਸਾਨੀ, ਜਵਾਨੀ ਅਤੇ ਦਲਿਤ ਵਰਗ ਦੀ ਹਾਲਤ ਤਰਸਯੋਗ ਬਣੀ ਹੋਈ ਹੈ। ਇਸ ਬਾਰੇ ਇਕ ਪ੍ਰੈਸ ਨੋਟ ਰਾਹੀਂ ਜਾਣਕਾਰੀ ਦਿੰਦਿਆਂ ਗੁਰਬਚਨ ਸਿੰਘ, ਦਫਤਰ ਸਕੱਤਰ ਕੇਂਦਰੀ ਗੁਰੂ ਸਿੰਘ ਸਭਾ ਚੰਡੀਗੜ੍ਹ ਨੇ ਦੱਸਿਆ ਕਿ ਸ੍ਰੀ ਅੰਮ੍ਰਿਤਸਰ ਵਿਚ ਹੋਈ ਪੰਥਕ ਅਸੈਂਬਲੀ ਵਿਚ ਉਭਾਰੇ ਗਏ ਪੰਥਕ ਮਸਲਿਆਂ; ਪੰਥ ਪ੍ਰਵਾਨਤ ਰਹਿਤ ਮਰਿਯਾਦਾ ਨੂੰ ਲਾਗੂ ਕਰਨ, ਸ੍ਰੀ ਅਕਾਲ ਤਖਤ ਸਾਹਿਬ ਦੇ ਸਰਬ-ਉਚ ਰੁਤਬੇ ਨੂੰ ਬਹਾਲ ਕਰਨ, ਸਿੱਖ ਅਦਾਰਿਆਂ ਵਿਚ ਸਿੱਖ ਦੋਖੀਆਂ ਦੀ ਵਧਦੀ ਜਾ ਰਹੀ ਦਖਲ-ਅੰਦਾਜ਼ੀ ਨੂੰ ਰੋਕਣ ਆਦਿ ਮਸਲਿਆਂ ਦੀ ਅਮਲੀ ਪੱਧਰ ਉਤੇ ਤਰਜ਼ਮਾਨੀ ਕਰਨ ਲਈ ਇਥੇ ਹੋਈ ਮੀਟਿੰਗ ਵਿਚ ਪੰਥਕ ਕਨਫੈਡਰੇਸ਼ਨ ਕਾਇਮ ਕਰਨ ਦਾ ਫੈਸਲਾ ਕੀਤਾ ਗਿਆ। ਇਹ ਪੰਥਕ ਕਨਫੈਡਰੇਸ਼ਨ ਧਾਰਮਿਕ, ਸੱਭਿਆਚਾਰਕ, ਰਾਜਸੀ ਅਤੇ ਸਿੱਖ ਪੰਥ ਦੀ ਹੋਂਦ ਤੇ ਹੋਣੀ ਨਾਲ ਸਬੰਧਤ ਮਸਲਿਆਂ ਬਾਰੇ ਵੱਖ-ਵੱਖ ਵਿਚਾਰ ਰੱਖਣ ਵਾਲੇ ਸਿੱਖਾਂ ਦੇ ਅੱਡ-ਅੱਡ ਸਮੂਹਾਂ ਤੇ ਸ਼ਖਸ਼ੀਅਤਾਂ ਦਾ ਇਕ ਸੰਗਠਨ ਹੋਵੇਗਾ, ਜਿਹੜੇ ਇਕ ਵੱਡੀ ਰਣਨੀਤੀ ਅਧੀਨ ਸੋਚ ਵਿਚਾਰ ਕੇ ਬਣੀ ਇਕ ਸਾਂਝੀ ਰਾਇ ਉਤੇ ਚੱਲਣ ਦੇ ਪਾਬੰਦ ਹੋਣਗੇ। ਪੰਥਕ ਕਨਫੈਡਰੇਸ਼ਨ ਆਪਣਾ ਅੰਗ ਬਣੀਆਂ ਅਨੇਕ ਸਿੱਖ ਜਥੇਬੰਦੀਆਂ ਤੇ ਸ਼ਖਸ਼ੀਅਤਾਂ ਵਿਚਕਾਰ ਮੌਜੂਦ ਵੱਖ=ਵੱਖ ਵਿਚਾਰਾਂ ਦਾ ਸਤਿਕਾਰ ਕਰਦੀ ਹੋਈ ਸਿੱਖ ਪੰਥ ਨੂੰ ਦਰਪੇਸ਼ ਅਹਿਮ ਮਸਲਿਆਂ ਬਾਰੇ ਆਮ ਸਹਿਮਤੀ ਬਣਾਉਣ ਲਈ ਹਰੇਕ ਦੀ ਰਾਇ ਨੂੰ ਮਾਨਤਾ ਦੇਵੇਗੀ ਤੇ ਜਾਤੀ ਅਤੇ ਸਵਾਰਥੀ ਹਿਤਾਂ ਤੋਂ ਉਪਰ ਉਠ ਕੇ ਅਪਸੀ ਸਦਭਾਵਨਾ ਤੇ ਪੰਥਕ ਸੇਵਾ ਨੂੰ ਮੁੱਖ ਰੱਖ ਕੇ ਕਿਸੇ ਸਾਂਝੀ ਰਾਇ ਉਤੇ ਪਹੁੰਚਣ ਦਾ ਯਤਨ ਕਰੇਗੀ। ਪੰਥਕ ਕਨਫੈਡਰੇਸ਼ਨ ਪੰਜਾਬ ਦੇ ਸਾਰੇ ਵਰਗ ਤੇ ਖਾਸ ਕਰਕੇ ਦਬੇ ਕੁਚਲੇ ਵਰਗਾਂ ਨੂੰ ਨਾਲ ਲੈ ਕੇ ਚੱਲਣ ਦਾ ਯਤਨ ਕਰੇਗੀ। ਮੀਟਿੰਗ ਵਿਚ ਪੰਥ ਤੇ ਪੰਜਾਬ ਨੂੰ ਦਰਪੇਸ਼ ਅਹਿਮ ਮਸਲਿਆਂ ਬਾਰੇ ਨੇੜ ਭਵਿੱਖ ਵਿਚ ਪੰਥਕ ਅਸੈਂਬਲੀ ਦੁਬਾਰਾ ਬੁਲਾਉਣ ਦਾ ਫੈਸਲਾ ਕੀਤਾ ਗਿਆ। 17 ਜਨਵਰੀ ਨੂੰ ਹੋਰਨਾਂ ਪੰਥਕ ਸ਼ਖਸ਼ੀਅਤਾਂ ਤੇ ਪੰਥਕ ਧਿਰਾਂ ਦੀ ਇਕ ਵੱਡੀ ਮੀਟਿੰਗ ਕਰ ਕੇ ਕਨਫੈਡਰੇਸ਼ਨ ਬਾਰੇ ਵਿਸਥਾਰੀ ਐਲਾਨ ਕੀਤਾ ਜਾਵੇਗਾ ਜਿਸ ਵਿਚ ਪੰਥਕ ਕਨਫੈਡ੍ਰੇਸ਼ਨ ਦਾ ਵਿਧਾਨ ਤੇ ਐਲਾਨਨਾਮਾ ਜਾਰੀ ਕੀਤਾ ਜਾਵੇਗਾ। ਮੀਟਿੰਗ ਵਿਚ ਜਥੇਦਾਰ ਗਿਆਨੀ ਕੇਵਲ ਸਿੰਘ, ਜਥੇਦਾਰ ਸੁਖਦੇਵ ਸਿੰਘ ਭੌਰ, ਸ. ਗੁਰਤੇਜ ਸਿੰਘ ਆਈਏਐਸ, ਸ. ਬੀਰਦਵਿੰਦਰ ਸਿੰਘ ਸਾਬਕਾ ਡਿਪਟੀ ਸਪੀਕਰ, ਸ. ਗੁਰਪ੍ਰੀਤ ਸਿੰਘ, ਪ੍ਰਧਾਨ, ਇੰਸਟੀਚਿਊਟ ਆਫ ਸਿੱਖ ਸਟੱਡੀਜ਼, ਪੱਤਰਕਾਰ ਸ. ਜਸਪਾਲ ਸਿੰਘ ਸਿੱਧੂ, ਭਾਈ ਹਰਸਿਮਰਨ ਸਿੰਘ, ਸ. ਨਵਕਿਰਨ ਸਿੰਘ ਐਡਵੋਕੇਟ, ਜਸਵਿੰਦਰ ਸਿੰਘ ਐਡਵੋਕੇਟ, ਸ. ਖੁਸ਼ਹਾਲ ਸਿੰਘ, ਜਨਰਲ ਸਕੱਤਰ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਅਤੇ ਗੁਰਬਚਨ ਸਿੰਘ ਅਧਾਰਿਤ ਪੰਥਕ ਕਨਫੈਡਰੇਸ਼ਨ ਦੇ ਕੰਮ ਨੂੰ ਚਲਾਉਣ ਲਈ ਕੋਰ ਕਮੇਟੀ ਬਣਾਈ ਗਈ।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਸਿੱਖ ਸਭਿਆਚਾਰ ਤੇ ਪੰਜਾਬੀ ਸਭਿਆਚਾਰ ਦਾ ਸਬੰਧ

**ਅਜਮੇਰ ਸਿੰਘ**

ਪੰਜਾਬੀ ਅਤੇ ਸਿੱਖ ਸਭਿਆਚਾਰ ਦੇ ਰੇੜਕੇ ਨੂੰ ਹੱਲ ਕਰਨ ਲਈ ਸਭ ਤੋਂ ਪਹਿਲੀ ਲੋੜ 'ਸਭਿਆਚਾਰ' ਬਾਰੇ ਸਹੀ ਸਮਝ ਬਣਾਉਣਾ ਹੈ। ਸਭਿਆਚਾਰ ਨੂੰ ਸਿਰਫ ਖਾਣ-ਪੀਣ, ਪਹਿਨਣ-ਪਚਰਨ ਤੇ ਮੌਜ-ਮਸਤੀ ਦੇ ਰੂਪਾਂ ਤਕ ਸੁੰਗੇੜ ਕੇ ਦੇਖਣ ਦੀ ਗਲਤੀ ਆਮ ਕੀਤੀ ਜਾਂਦੀ ਹੈ। ਇਹ ਗੱਲ ਅਕਸਰ ਹੀ ਅੱਖੋਂ ਓਹਲੇ ਕਰ ਦਿਤੀ ਜਾਂਦੀ ਹੈ ਕਿ ਕਿਸੇ ਵੀ ਬਹੁਪਰਤੀ ਤੇ ਗੁੰਝਲਦਾਰ ਵਰਤਾਰੇ ਦਾ ਅਸਲੀ ਤੱਤ ਉਸ ਦੀਆਂ ਬਾਹਰੀ ਕੰਨੀਆਂ ਤੋਂ ਨਹੀਂ, ਉਸ ਦੀ 'ਗਿਰੀ' ਤੋਂ ਨਿਰਧਾਰਿਤ ਹੁੰਦਾ ਹੈ। ਇਸ ਹਿਸਾਬ ਨਾਲ ਦੇਖਿਆਂ ਜਿਥੇ ਪੰਜਾਬੀ ਲੋਕਾਂ ਅੰਦਰ ਕੁਝ ਸਾਂਝੇ ਸਭਿਆਚਾਰਕ ਲੱਛਣਾਂ ਦੀ ਹੋਂਦ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ, ਉਥੇ ਨਾਲ ਹੀ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਹ ਸਾਂਝੇ ਲੱਛਣ (ਜਿਨ੍ਹਾਂ ਦਾ ਸਬੰਧ ਜਿਆਦਾ ਕਰਕੇ ਖਾਣ-ਪੀਣ, ਪਹਿਨਣ-ਪਚਰਨ ਤੇ ਮੌਜ-ਮਸਤੀ ਦੇ ਰੂਪਾਂ ਨਾਲ ਹੈ) ਕਿਸੇ ਵੀ ਤਰ੍ਹਾਂ ਪੰਜਾਬੀ ਸਭਿਆਚਾਰ ਦੇ ਅਸਲ ਤੱਤ ਨੂੰ ਰੂਪਮਾਨ ਨਹੀਂ ਕਰਦੇ।

ਸਭਿਆਚਾਰ ਦਾ ਅਸਲ ਤੱਤ ਉਹ ਗੱਲ ਹੈ ਜਿਹੜੀ ਕਿਸੇ ਭਾਈਚਾਰੇ ਦੇ ਮੈਂਬਰਾਂ ਨੂੰ ਇਕ ਖਾਸ ਕਿਸਮ ਦੇ ਸਾਂਚੇ ਵਿਚ ਢਾਲਦੀ ਹੈ; ਉਨ੍ਹਾਂ ਅੰਦਰ ਜ਼ਿੰਦਗੀ ਪ੍ਰਤੀ ਇਕ ਖਾਸ ਕਿਸਮ ਦਾ ਨਜ਼ਰੀਆ ਤੇ ਰਵੱਈਆ ਵਿਕਸਤ ਕਰਦੀ ਹੈ; ਉਨ੍ਹਾਂ ਅੰਦਰ ਖਾਸ ਕਿਸਮ ਦੀਆਂ ਸਮਾਜੀ ਤੇ ਸਭਿਆਚਾਰਕ ਕਦਰਾਂ-ਕੀਮਤਾਂ ਭਰਦੀ ਹੈ, ਅਥਵਾ ਉਨ੍ਹਾਂ ਦੀ ਸਮੁੱਚੀ ਸਖਸ਼ੀਅਤ ਤੇ ਜੀਵਨ-ਸ਼ੈਲੀ ਨੂੰ ਇਕ ਖਾਸ ਕਿਸਮ ਦੀ ਤਰਜ਼ ਉਤੇ ਢਾਲਦੀ ਹੈ। ਸਵਰਗਵਾਸੀ ਪ੍ਰਿੰ. ਤੇਜਾ ਸਿੰਘ ਦੇ ਸ਼ਬਦਾਂ ਵਿਚ, 'ਹਰ ਇਕ ਕੌਮ ਦੀ ਆਪੋ ਆਪਣੀ ਰੂਹ ਹੁੰਦੀ ਹੈ, ਆਪੋ ਆਪਣੀ ਅੰਦਰਲੀ ਬਿਰਤੀ ਹੁੰਦੀ ਹੈ, ਜਿਸ ਅਨੁਸਾਰ ਉਸ ਦੇ ਭਾਵ ਢਲਦੇ ਹਨ, ਇਸ ਨੂੰ ਕਲਚਰ ਆਖਦੇ ਹਨ।'

ਇਸ ਦ੍ਰਿਸ਼ਟੀ ਤੋਂ ਦੇਖਿਆਂ ਸਾਫ਼ ਪਰਗਟ ਹੋ ਜਾਂਦਾ ਹੈ ਕਿ ਪੰਜਾਬੀ ਸਮਾਜ ਦੇ ਤਿੰਨੋਂ ਮੁੱਖ ਧਾਰਮਿਕ ਵਰਗਾਂ -ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ- ਵਿਚਕਾਰ ਸਭਿਆਚਾਰ ਦੇ ਕੁਝ-ਕੁ ਪੱਖਾਂ ਦੀ ਸਾਂਝ ਦੇ ਬਾਵਜੂਦ ਉਨ੍ਹਾਂ ਦੀ 'ਰੂਹ' ਇਕੋ ਜਿਹੀ ਨਹੀਂ, ਉਨ੍ਹਾਂ ਦੇ 'ਅੰਦਰਲੀ ਬਿਰਤੀ' ਇਕੋ ਜਿਹੀ ਨਹੀਂ, ਉਨ੍ਹਾਂ ਦੇ 'ਭਾਵ' ਸਾਂਝੇ ਨਹੀਂ। ਜੋ ਹਕੀਕਤ ਵਿਚ ਮੌਜੂਦ ਨਹੀਂ ਉਸ ਦੀ ਕਲਪਨਾ ਹੀ ਕੀਤੀ ਜਾ ਸਕਦੀ ਹੈ ਅਤੇ ਕਲਪਨਾ ਕਦੇ ਵੀ ਯਥਾਰਥ ਦੀ ਥਾਂ ਨਹੀਂ ਲੈ ਸਕਦੀ।

ਪਰ ਇਸ ਹਕੀਕਤ ਨੂੰ ਪਰਵਾਨ ਕਰ ਲੈਣ ਦਾ ਅਰਥ ਇਹ ਕਦਾਚਿਤ ਨਹੀਂ ਲਿਆ ਜਾਣਾ ਚਾਹੀਦਾ ਕਿ ਪੰਜਾਬੀ ਸਮਾਜ ਦੇ ਅਲੱਗ ਅਲੱਗ ਧਾਰਮਿਕ ਅੰਗਾਂ ਦੇ ਆਪਸ ਵਿਚ ਰਲ ਮਿਲ ਕੇ ਰਹਿਣ ਦੀ ਕੋਈ ਸੰਭਾਵਨਾ ਜਾਂ ਗੁੰਜਾਇਸ਼ ਨਹੀਂ। ਇਹ ਗੁੰਜਾਇਸ਼ ਮੌਜੂਦ ਹੈ ਪਰ ਇਸ ਦੇ ਅਮਲ ਵਿਚ ਸਾਕਾਰ ਹੋਣ ਲਈ ਸਭ ਤੋਂ ਪਹਿਲੀ ਤੇ ਬੁਨਿਆਦੀ ਸ਼ਰਤ ਇਹ ਹੈ ਕਿ ਇਕ ਦੂਜੇ ਵਰਗ ਦੀ ਵੱਖਰੀ ਪਛਾਣ ਦੇ ਸੱਚ ਨੂੰ ਇਮਾਨਦਾਰੀ ਸਹਿਤ ਪਰਵਾਨ ਕੀਤਾ ਜਾਵੇ ਅਤੇ 'ਦੂਸਰੇ' ਦੇ ਆਪਣੀ ਵੱਖਰੀ ਪਛਾਣ ਕਾਇਮ ਰੱਖਣ ਦੇ ਅਧਿਕਾਰ ਦੀ ਤਹਿ-ਦਿਲੋਂ ਕਦਰ ਕੀਤੀ ਜਾਵੇ। 'ਦੂਸਰੇ' ਦੇ 'ਦੂਸਰੇਪਣ' ਨੂੰ ਹਿਕਾਰਤ ਦੀ ਦ੍ਰਿਸ਼ਟੀ ਨਾਲ ਦੇਖਣ ਵਾਲੀ ਪ੍ਰਵਿਰਤੀ ਤਿਆਗੀ ਜਾਵੇ। ਅਜਿਹਾ ਹੋਣ ਨਾਲ ਹੀ ਆਪਸੀ ਪਿਆਰ ਤੇ ਭਾਈਚਾਰਾ ਕਾਇਮ ਰੱਖਿਆ ਜਾ ਸਕਦਾ ਹੈ।



ਇਸ ਆਮ ਸਚਾਈ ਤੋਂ ਕੋਈ ਵੀ ਮੁਨਕਰ ਨਹੀਂ ਹੁੰਦਾ ਕਿ ਸਭਿਆਚਾਰ ਕੋਈ ਸਦਾ-ਸਥਿਰ ਰਹਿਣ ਵਾਲੀ ਸ਼ੈਅ ਨਹੀਂ। ਇਹ ਲਗਾਤਾਰ ਤਬਦੀਲ ਹੁੰਦਾ ਅਥਵਾ ਵਿਕਾਸ ਕਰਦਾ ਰਹਿੰਦਾ ਹੈ ਪਰ ਸਭਿਆਚਾਰ ਦੇ ਵਿਕਾਸ ਦੇ ਅਮਲ ਦੀਆਂ ਕੁਝ ਵਿਸੇਸ਼ਤਾਈਆਂ ਹਮੇਸ਼ਾ ਧਿਆਨ ਵਿਚ ਰਹਿਣੀਆਂ ਚਾਹੀਦੀਆਂ ਹਨ। ਆਮ ਨਿਯਮ ਦੇ ਤੌਰ 'ਤੇ ਇਹ ਵਿਕਾਸ ਦੋ ਕਿਸਮ ਦਾ ਹੋ ਸਕਦਾ ਹੈ। ਇਕ, ਜਿਸ ਨੂੰ ਅਸੀਂ ਮਿਕਦਾਰੀ ਪਰਿਵਰਤਨ ਜਾਂ ਸਹਿਜ-ਪੱਧਰੇ ਵਿਕਾਸ ਦਾ ਨਾਂ ਦੇ ਸਕਦੇ ਹਾਂ, ਜਦੋਂ ਸਭਿਆਚਾਰ ਦਾ ਮੂਲ ਤੱਤ ਅ-ਬਦਲ ਰਹਿੰਦਾ ਹੈ ਪਰ ਇਸ ਦੇ ਕੁਝ ਗੈਰ-ਪ੍ਰਮੁੱਖ ਪੱਖਾਂ ਵਿਚ ਤਬਦੀਲੀ ਆ ਜਾਂਦੀ ਹੈ। ਕੋਈ ਸਭਿਆਚਾਰ ਸਦੀਆਂ ਤਕ ਇਸ ਕਿਸਮ ਦੇ ਵਿਕਾਸ ਦਾ ਅਮਲ ਹੰਢਾ ਸਕਦਾ ਹੈ। ਪਰ ਇਤਿਹਾਸ ਅੰਦਰ ਕੁਝ ਮੋੜ ਅਜਿਹੇ ਆ ਜਾਂਦੇ ਹਨ ਜਦੋਂ ਕਿਸੇ ਸਭਿਆਚਾਰ ਅੰਦਰ ਸਿਫਤੀ ਪਰਿਵਰਤਨ ਦਾ ਪਿੜ ਤਿਆਰ ਹੋ ਜਾਂਦਾ ਹੈ। ਅਜਿਹਾ ਪਰਿਵਰਤਨ ਅਕਸਰ ਨਹੀਂ, ਇਤਿਹਾਸ ਅੰਦਰ ਬਹੁਤ ਹੀ ਵਿਰਲੇ ਮੌਕਿਆਂ 'ਤੇ ਵਾਪਰਦਾ ਹੈ, ਜਿਸ ਦੇ ਠੋਸ ਕਾਰਨ ਇਤਿਹਾਸ ਅੰਦਰ ਮੌਜੂਦ ਹੁੰਦੇ ਹਨ। ਇਸ ਵਿਕਾਸ ਦਾ ਅਮਲ ਕਦੇ ਵੀ ਸਰਲ-ਪੱਧਰਾ ਨਹੀਂ ਹੁੰਦਾ। ਇਹ ਅਮਲ ਹਮੇਸ਼ਾ ਹੀ ਇਨਕਲਾਬਾਂ ਨਾਲ ਜੁੜਿਆ ਹੁੰਦਾ ਹੈ, ਜਦੋਂ ਪੁਰਾਣੇ ਨੂੰ ਜੜ੍ਹੋਂ ਪੁੱਟਕੇ ਬਹੁਤ ਕੁਝ ਨਵਾਂ ਸਿਰਜਿਆ ਜਾਂਦਾ ਹੈ। ਸਿੱਖ ਇਨਕਲਾਬ ਇਸੇ ਵੰਨਗੀ ਵਿਚ ਆਉਂਦਾ ਹੈ। ਇਹ ਇਨਕਲਾਬ ਮਹੀਨਿਆਂ ਜਾਂ ਸਾਲਾਂ ਵਿਚ ਨੇਪਰੇ ਨਹੀਂ ਸੀ ਚੜ੍ਹਿਆ। ਇਸ ਨੂੰ ਤਕਰੀਬਨ ਦੋ ਸਦੀਆਂ ਲੱਗ ਗਈਆਂ ਸਨ (ਗੁਰੂ ਨਾਨਕ ਸਾਹਿਬ ਦੇ 'ਵੇਈਂ ਪ੍ਰਵੇਸ਼' ਤੋਂ ਆਰੰਭ ਹੋ ਕੇ ਨਾਂਦੇੜ ਵਿਖੇ ਦਸਮ ਪਾਤਸ਼ਾਹ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਬਖਸ਼ਣ ਤਕ)। ਇਸ ਨੂੰ ਇਕ ਵਰਤਾਰੇ ਦੇ ਰੂਪ ਵਿਚ ਹੀ ਸਮਝਿਆ ਜਾ ਸਕਦਾ ਹੈ। ਇਹ ਤਬਦੀਲੀ ਕਿਸੇ ਵੀ ਲਿਹਾਜ਼ ਨਾਲ ਸਧਾਰਨ ਨਹੀਂ ਸੀ। ਇਕ paradigm shift ਸੀ ਇਹ। ਜਦ paradigm shift ਵਾਪਰਦੀ ਹੈ ਤਾਂ ਪਿਛਲਾ ਬਹੁਤ ਕੁਝ (ਸਾਰਾ ਨਹੀਂ) ਰੱਦ ਤੇ ਬਹੁਤ ਕੁਝ ਬੇਲੋੜਾ ਅਥਵਾ ਅਸੰਗਤ ਹੋ ਜਾਂਦਾ ਹੈ। ਜਿਵੇਂ ਆਈਨਸਟੀਨ ਦੀ theory of relativity ਤੋਂ ਬਾਅਦ ਨਿਊਟਨ ਦੇ ਬਹੁਤ ਸਾਰੇ ਸਿਧਾਂਤ redundant ਹੋ ਗਏ ਸਨ। ਅਤੇ ਹੁਣ ਕੁਆਂਟਮ ਮਕੈਨਕਸ ਦੇ ਖੇਤਰ ਵਿਚ ਹੋਈਆਂ ਨਵੀਆਂ ਖੋਜਾਂ ਸਦਕਾ ਆਈਨਸਟੀਨ ਦੀਆਂ ਕੁਝ ਧਾਰਨਾਵਾਂ ਉਤੇ ਵੀ ਪ੍ਰਸ਼ਨ ਚਿੰਨ੍ਹ ਲੱਗ ਗਏ ਹਨ। ਸਿੱਖ ਇਨਕਲਾਬ ਤੋਂ ਬਾਅਦ, ਸਿੱਖ ਸਭਿਆਚਾਰ ਦੇ ਹਵਾਲੇ ਤੋਂ ਬਿਨਾ ਪੰਜਾਬੀ ਸਭਿਆਚਾਰ ਦੀ ਗੱਲ ਕਰ ਸਕਣੀ ਸੰਭਵ ਨਹੀਂ ਰਹਿ ਗਈ। ਅੱਜ ਜੇਕਰ ਕੋਈ ਜਣਾ ਪੰਜਾਬੀ ਸਭਿਆਚਾਰ ਨੂੰ ਸਿੱਖ ਸਭਿਆਚਾਰ ਨਾਲੋਂ ਉਤਮ ਮੰਨ ਕੇ ਚਲਦਾ ਹੈ, ਤਾਂ ਉਸ ਨੂੰ ਦੋ ਗੱਲਾਂ ਬਾਰੇ ਆਪਣੀ ਪੋਜੀਸ਼ਨ ਸਪਸ਼ਟ ਕਰਨੀ ਪਏਗੀ। ਜਾਂ ਤਾਂ ਇਹ ਦਰਸਾਉਣਾ ਪਏਗਾ ਕਿ ਸਿੱਖ ਇਨਕਲਾਬ ਨਾਲ ਪੰਜਾਬੀ ਸਮਾਜ ਤੇ ਸਭਿਆਚਾਰ ਅੰਦਰ ਕੋਈ ਸਿਫਤੀ ਤਬਦੀਲੀ ਨਹੀਂ ਵਾਪਰੀ ਸੀ। ਅਥਵਾ ਇਕ ਆਮ ਜਿਹਾ ਪਰਿਵਰਤਨ ਹੀ ਆਇਆ ਸੀ। ਜਾਂ ਫਿਰ ਉਸ ਨੂੰ ਸਿੱਖ ਇਨਕਲਾਬ ਤੋਂ ਬਾਅਦ ਪੰਜਾਬ ਦੀ ਧਰਤੀ ਉਤੇ ਵਾਪਰੀ ਇਸ ਨਾਲੋਂ ਵੀ ਵੱਡੀ ਜਾਂ ਉਤਮ ਤਬਦੀਲੀ ਦੀ ਦੱਸ ਪਾਉਣੀ ਪਏਗੀ। ਅਰਥਾਤ ਗੁਰੂ ਸਾਹਿਬਾਨ ਦੇ ਸੰਦੇਸ਼ ਨਾਲੋਂ ਕਿਸੇ ਵੱਡੇ ਸੰਦੇਸ਼ ਦਾ ਸਬੂਤ ਦੇਣਾ ਪਏਗਾ ਅਤੇ ਨਾਲ ਹੀ ਇਸ ਸੰਦੇਸ਼ ਦੀ ਬਦੌਲਤ ਇਤਿਹਾਸ ਵੱਲੋਂ ਅਸਲੋਂ ਹੀ ਨਵੀਂ ਕਰਵਟ ਲਏ ਜਾਣ ਦਾ ਠੋਸ ਵਰਣਨ ਕਰਨਾ ਪਏਗਾ। ਸਾਡੀ ਇਹ ਦ੍ਰਿੜ੍ਹ ਧਾਰਨਾ ਹੈ ਕਿ ਪੰਜਾਬ ਦੀ ਧਰਤੀ ਉਤੇ ਨਾ ਤਾਂ ਗੁਰੂ ਸਾਹਿਬਾਨ ਨਾਲੋਂ ਵੱਧ ਪ੍ਰਤਿਭਾਸ਼ਾਲੀ ਕੋਈ ਹੋਰ ਪੈਗੰਬਰ ਪੈਦਾ ਹੋਇਆ ਹੈ, ਨਾ ਸਿੱਖ ਚਿੰਤਨ ਨਾਲੋਂ ਵਧੇਰੇ ਚਮਤਕਾਰੀ ਕੋਈ ਹੋਰ ਚਿੰਤਨ ਪੈਦਾ ਹੋਇਆ ਹੈ ਜਿਸ ਨੇ ਸਿੱਖ ਅਮਲ ਨਾਲੋਂ ਵੱਡੇ ਅਮਲ ਨੂੰ ਜਨਮ ਦਿਤਾ ਹੋਵੇ ਅਤੇ ਸਿੱਖ ਸਦਾਚਾਰ ਦੀ ਅਪੂਰਣਤਾ ਜ਼ਾਹਰ ਕੀਤੀ ਹੋਵੇ। ਪੰਜਾਬ ਦਾ ਪਿਛਲੇ ਪੰਜ ਸੌ ਸਾਲਾਂ ਦਾ ਸਮੁੱਚਾ ਅਮਲ ਸਾਡੇ ਸਾਹਮਣੇ ਪਿਆ ਹੈ। ਇਸ ਨੂੰ ਅਧਾਰ ਬਣਾ ਕੇ ਜੇਕਰ ਕੋਈ ਦਾਨਸ਼ਵਰ ਪੰਜਾਬੀ ਸਭਿਆਚਾਰ ਨੂੰ ਸਿੱਖ ਸਭਿਆਚਾਰ ਨਾਲੋਂ ਉਤਮ ਦਰਸਾ ਦੇਵੇ ਤਾਂ ਸਾਨੂੰ ਸਿੱਖ ਸਭਿਆਚਾਰ ਨੂੰ ਛੱਡ ਕੇ ਪੰਜਾਬੀ ਸਭਿਆਚਾਰ ਅਪਣਾਉਣ ਵਿਚ ਕੋਈ ਇਤਰਾਜ਼ ਨਹੀਂ ਹੋਵੇਗਾ।

ਮੇਰਾ ਵਿਸ਼ਵਾਸ ਹੈ ਕਿ ਸਾਨੂੰ ਕਿਸੇ ਵੀ ਸਿਧਾਂਤ ਜਾਂ ਧਾਰਨਾ ਬਾਰੇ ਅਮੂਰਤ ਰੂਪ ਵਿਚ ਬਹਿਸ ਕਰਨ ਨਾਲੋਂ, ਕਿਸੇ ਸਿਧਾਂਤ ਦੀ ਸਾਰਥਿਕਤਾ ਨੂੰ ਜ਼ਿੰਦਗੀ ਦੇ ਠੋਸ ਅਮਲ ਨਾਲ ਜੋੜ ਕੇ ਦੇਖਣਾ ਚਾਹੀਦਾ ਹੈ। ਇਹ ਸਿੱਕੇਬੰਦ ਪਹੁੰਚ ਅਪਣਾ ਕੇ ਹੀ ਕਿਸੇ ਸਾਰਥਿਕ ਨਿਰਣੇ ਉਤੇ ਅੱਪੜਿਆ ਜਾ ਸਕਦਾ ਹੈ।


DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਮਾਰਚ ਦੇ ਪਹਿਲੇ ਹਫਤੇ ਲੋਕ ਸਭਾ ਚੋਣਾਂ ਦਾ ਐਲਾਨ ਹੋਣ ਦੀ ਸੰਭਾਵਨਾ

## ਮਿਸ਼ਨ 2019 : ਭਾਜਪਾ ਦਾ ਨਾ ਪ੍ਰਚਾਰ ਦਿਖੇਗਾ ਨਾ ਪ੍ਰਚਾਰਕ, ਪ੍ਰੰਤੂ ਹਰੇਕ ਤਕ ਪਹੁੰਚੇਗੀ ਗੱਲ

- **ਯੂਪੀ 'ਚ 37-37 ਸੀਟਾਂ 'ਤੇ ਲੜਨਗੇ ਸਪਾ-ਬਸਪਾ, ਕਾਂਗਰਸ ਨੂੰ ਛੱਡੀਆਂ 2 ਸੀਟਾਂ**
- **ਕੇਂਦਰੀ ਪਾਰਟੀਆਂ ਪਈਆਂ ਕਮਜ਼ੋਰ, ਗੱਠਜੋੜ ਲਈ ਪ੍ਰਾਂਤਕ ਪਾਰਟੀਆਂ ਵੱਲ ਝਾਕ**

ਨਵੀਂ ਦਿੱਲੀ/ਬਿਊਰੋ ਨਿਊਜ਼ :
ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਗ੍ਰਹਿ ਸੂਬੇ ਗੁਜਰਾਤ 'ਚ ਸੱਤਾਧਾਰੀ ਭਾਜਪਾ ਦੇ ਸੀਨੀਅਰ ਆਗੂ ਅਤੇ ਮੀਤ ਪ੍ਰਧਾਨ ਆਈਕੇ ਜਾਡੇਜਾ ਲੋਕ ਸਭਾ ਚੋਣ ਦੀਆਂ ਤਿਆਰੀਆਂ ਦੇ ਸਿਲਸਿਲੇ 'ਚ ਆਯੋਜਿਤ ਪਾਰਟੀ ਵੱਲੋਂ ਇਕ ਮੀਟਿੰਗ ਤੋਂ ਪਹਿਲਾਂ ਪੱਤਰਕਾਰਾਂ ਨੂੰ ਕਿਹਾ ਕਿ ਮਾਰਚ ਦੇ ਪਹਿਲੇ ਹਫਤੇ 'ਚ ਲੋਕ ਸਭਾ ਚੋਣਾਂ ਦੀਆਂ ਮਿਤੀਆਂ ਦਾ ਐਲਾਨ ਹੋਣ ਦੀ ਪੂਰੀ ਸੰਭਾਵਨਾ ਹੈ। ਇਸ ਹਿਸਾਬ ਨਾਲ ਵਰਕਰਾਂ, ਆਗੂਆਂ, ਸੰਗਠਨ ਅਤੇ ਸਰਕਾਰ ਚੋਣਾਂ ਦੀ ਤਿਆਰੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਇਸ ਲਿਹਾਜ ਨਾਲ ਚੁਣਾਵੀਂ ਪ੍ਰੋਗਰਾਮ ਦਾ ਰੋਡ ਮੈਪ ਤਿਆਰ ਕਰ ਰਹੀ ਹੈ। ਮਿਸ਼ਨ 2019 ਲਈ ਭਾਜਪਾ ਆਪਣੇ ਸੰਗਠਨ ਤੋਂ ਇਲਾਵਾ ਕਈ ਮੋਰਚਿਆਂ 'ਤੇ ਕੰਮ ਕਰੇਗੀ। ਇਸ 'ਚ ਭਾਜਪਾ ਆਪਣੇ ਵਰਕਰਾਂ ਦੀ ਬਜਾਏ, ਹੁਣ ਆਪਣੇ ਸਮਰਥਕਾਂ ਨੂੰ ਜੋੜੇਗੀ ਜੋ ਸਮਾਜ 'ਚ ਤਾਂ ਸਰਗਰਮ ਰਹਿੰਦਾ ਹੈ, ਪ੍ਰੰਤੂ ਪਾਰਟੀ ਦੇ ਪ੍ਰੋਗਰਾਮਾਂ 'ਚ ਨਹੀਂ ਆਉਂਦਾ। ਇਹ ਵਰਗ ਸੋਸ਼ਲ ਮੀਡੀਆ 'ਤੇ ਵੀ ਕਾਫੀ ਸਰਗਰਮ ਹੈ। ਇਹ ਵਰਗ ਅਸਿੱਧੇ ਤੌਰ 'ਤੇ ਸਰਕਾਰ ਦੇ ਹੱਕ 'ਚ ਕੰਮ ਕਰੇਗਾ। ਇਹ ਵਰਗ ਸਰਕਾਰ ਦੇ ਸਮਰਥਨ ਨਾਲ ਵਿਰੋਧੀ ਪਾਰਟੀਆਂ 'ਤੇ ਵੀ ਹਮਲੇ ਕਰੇਗਾ। ਸੰਨ 2019 ਦੀਆਂ ਚੋਣਾਂ ਲਈ ਭਾਜਪਾ ਨੇ ਲਗਭਗ ਇਕ ਸਾਲ ਪਹਿਲਾਂ ਹੀ ਜ਼ਮੀਨੀ ਤਿਆਰੀ ਸ਼ੁਰੂ ਕਰ ਦਿੱਤੀ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਮੇਰਾ ਬੂਥ ਸਭ ਤੋਂ ਮਜ਼ਬੂਤ' ਪ੍ਰੋਗਰਾਮ ਰਾਹੀਂ ਦੇਸ਼ ਦੇ ਤਮਾਮ ਲੋਕ ਸਭਾ ਖੇਤਰਾਂ ਦੇ ਵਰਕਰਾਂ ਨਾਲ ਨਮੋ ਐਪ ਦੀ ਮਦਦ ਰਾਹੀਂ ਸਿੱਧਾ ਵੀਡੀਓ ਸੰਵਾਦ ਵੀ ਕਰ ਰਹੇ ਹਨ। ਚੋਣਾਂ ਨੇੜੇ ਆਉਣ ਨਾਲ ਹੀ ਭਾਜਪਾ ਨੇ ਆਪਣਾ ਦਾਇਰਾ ਅਤੇ ਵਿਸਥਾਰਤ ਕੀਤਾ ਹੈ। ਪਾਰਟੀ ਦੇ ਵਰਕਰਾਂ ਨੂੰ ਆਪਣੇ ਕੰਮ ਨਾਲ ਜੋੜਨਗੇ, ਪ੍ਰੰਤੂ ਉਹ ਇਸ ਤੋਂ ਅਲੱਗ ਵੀ ਲੋਕਾਂ ਤੱਕ ਪਹੁੰਚ ਬਣਾ ਰਹੀ ਹੈ। ਇਸ 'ਚ ਭਾਜਪਾ ਖੁਦ ਪ੍ਰਚਾਰ ਕਰਦੀ ਨਹੀਂ ਦਿਖਾਈ ਦੇਵੇਗੀ, ਸਗੋਂ ਦੂਜੇ ਲੋਕਾਂ ਰਾਹੀਂ ਆਪਣੀ ਗੱਲ ਬੁਲਾਵੇਗੀ।

ਸੂਤਰਾਂ ਅਨੁਸਾਰ ਇਸ ਮੁਹਿੰਮ ਦੇ ਤਹਿਤ ਪਾਰਟੀ ਆਪਣੇ ਵੱਖ-ਵੱਖ ਸਮਰਥਕ ਵਰਗਾਂ ਤੱਕ ਪਹੁੰਚ ਰਹੀ ਹੈ। ਇਨ੍ਹਾਂ 'ਚ ਅਧਿਆਪਕ, ਡਾਕਟਰ, ਵਕੀਲ, ਛੋਟੇ ਦੁਕਾਨਦਾਰ, ਨਾਈ, ਧੋਬੀ, ਪਾਨ ਅਤੇ ਚਾਹ ਦੀ ਦੁਕਾਨ ਚਲਾਉਣ ਵਾਲੇ, ਮੰਦਰਾਂ ਦੇ ਪੁਜਾਰੀ, ਹੋਸਟਲ ਦੇ ਵਿਦਿਆਰਥੀ ਅਤੇ ਕੰਮਕਾਜੀ ਲੋਕਾਂ ਦੇ ਸਮੂਹ ਸ਼ਾਮਲ ਹੈ। ਇਹ ਲੋਕ ਇਕ ਸਮੇਂ 'ਚ ਕਈ ਲੋਕਾਂ ਨਾਲ ਸੰਪਰਕ 'ਚ ਰਹਿੰਦੇ ਹਨ। ਆਮ ਚਰਚਾ ਦੌਰਾਨ ਇਨ੍ਹਾਂ ਰਾਹੀਂ ਪਾਰਟੀ ਆਪਣੀ ਉਪਲੱਬਧੀਆਂ ਦੀ ਬਜਾਏ ਕਾਂਗਰਸ ਦੇ ਪੁਰਾਣੇ ਘੁਟਾਲੇ ਯਾਦ ਕਰਵਾਏਗੀ। ਇਹ ਇਕ ਤਰ੍ਹਾਂ ਦੀ ਬੇਹੱਦ ਗੁਪਚੁਪ ਮੁਹਿੰਮ ਹੋਵੇਗੀ, ਜਿਸ 'ਚ ਕਿਸੇ ਨੂੰ ਵੀ ਇਸ ਗੱਲ ਦੀ ਭਿਣਕ ਨਹੀਂ ਲਗੇਗੀ ਕਿ ਭਾਜਪਾ ਵੱਲੋਂ ਇਹ ਮੁਹਿੰਮ ਚਲਾਈ ਜਾ ਰਹੀ ਹੈ। ਇਸਦੇ ਤਹਿਤ ਫੇਸਬੁੱਕ, ਟਵੀਟ ਆਦਿ 'ਤੇ ਸਰਗਰਮ ਲੋਕਾਂ ਰਾਹੀਂ ਅਤੇ ਸਭ ਤੋਂ ਜ਼ਿਆਦਾ ਵਟਸਐਪ ਗਰੁੱਪਾਂ ਰਾਹੀਂ ਲੋਕਾਂ ਤੱਕ ਸੰਦੇਸ਼ ਪਹੁੰਚਾਏ ਜਾਣਗੇ। ਜ਼ਿਕਰਯੋਗ ਹੈ ਕਿ ਸੰਨ 2014 ਦੀਆਂ ਆਮ ਚੋਣਾਂ 'ਚ ਭਾਜਪਾ ਨੇ ਫੇਸਬੁੱਕ ਤੇ ਟਵੀਟਰ ਰਾਹੀਂ ਧੂੰਆਂਧਾਰ ਮੁਹਿੰਮ ਚਲਾਈ ਸੀ। ਹੁਣ ਇਸ ਸੋਸ਼ਲ ਮੀਡੀਆ 'ਤੇ ਦੂਜੀਆਂ ਪਾਰਟੀਆਂ ਵੀ ਕਾਫੀ ਸਰਗਰਮ ਹਨ। ਅਜਿਹੇ 'ਚ ਭਾਜਪਾ ਨਵੇਂ ਤਰੀਕੇ ਅਪਣਾ ਰਹੀ ਹੈ।




### ਯੂਪੀ 'ਚ ਕਾਂਗਰਸ ਬਸਪਾ ਤੇ ਸਮਾਜਵਾਦੀ ਪਾਰਟੀ ਅੱਗੇ ਪਈ ਕਮਜ਼ੋਰ

ਉਤਰ ਪ੍ਰਦੇਸ਼ 'ਚ ਸਮਾਜਵਾਦੀ ਪਾਰਟੀ (ਐਸਪੀ) ਤੇ ਬਹੁਜਨ ਸਮਾਜ ਪਾਰਟੀ (ਬੀਐਸਪੀ) ਵਿਚ ਲੋਕ ਸਭਾ ਚੋਣਾਂ ਲਈ ਮਹਾਂਗਠਜੋੜ ਦੀ ਮੋਟੇ ਤੌਰ 'ਤੇ ਸਹਿਮਤੀ ਬਣ ਗਈ ਹੈ। ਸਪਾ ਅਤੇ ਬਸਪਾ ਦੋਵੇਂ 37-37 ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕਰਨਗੇ, ਜਦੋਂ ਕਿ ਰਾਸ਼ਟਰੀ ਲੋਕ ਦਲ ਲਈ ਦੋ ਸੀਟਾਂ ਛੱਡੀਆਂ ਜਾਣਗੀਆਂ। ਦੋ ਸੀਟਾਂ ਕਾਂਗਰਸ ਲਈ ਅਮੇਠੀ ਤੇ ਰਾਏਬਰੇਲੀ ਛੱਡੀਆਂ ਜਾਣਗੀਆਂ। ਇਸ ਤੋਂ ਇਲਾਵਾ ਦੋ ਸੀਟਾਂ ਭਾਜਪਾ ਦੇ ਸੰਭਾਵਿਤ ਬਾਗੀਆਂ ਲਈ ਰੱਖਣ 'ਤੇ ਸਹਿਮਤੀ ਬਣੀ ਹੈ। ਸੂਤਰਾਂ ਮੁਤਾਬਕ ਅਜੀਤ ਸਿੰਘ ਦੀ ਰਾਲੋਦ ਲਈ ਮਥੁਰਾ ਤੇ ਬਾਗਪਤ ਸੀਟ ਛੱਡੀ ਜਾ ਸਕਦੀ ਹੈ। ਬਾਗਪਤ ਤੋਂ ਅਜੀਤ ਸਿੰਘ ਦੀ ਪਰੰਪਰਾਗਤ ਸੀਟ ਰਹੀ ਹੈ, ਜਦੋਂਕਿ ਜਯੰਤ ਚੌਧਰੀ ਮਥੁਰਾ ਸੀਟ ਜਿੱਤ ਚੁੱਕੇ ਹਨ। ਪ੍ਰੰਤੂ ਇਹ ਦੋਵੇਂ ਪਿਛਲੀਆਂ ਲੋਕ ਸਭਾ ਚੋਣਾਂ 'ਚ ਆਪਣੀ ਸੀਟ ਨਹੀਂ ਬਚਾ ਸਕੇ ਸਨ। ਕਾਂਗਰਸ ਦੀ ਸਾਬਕਾ ਪ੍ਰਧਾਨ ਸੋਨੀਆ ਗਾਂਧੀ ਲਈ ਰਾਏਬਰੇਗੀ ਤੇ ਪਾਰਟੀ ਪ੍ਰਧਾਨ ਰਾਹੁਲ ਗਾਂਧੀ ਲਈ ਅਮੇਠੀ ਸੀਟ 'ਤੇ ਸਪਾ-ਬਸਪਾ ਗਠਜੋੜ ਆਪਣਾ ਉਮੀਦਵਾਰ ਨਹੀਂ ਖੜ੍ਹਾ ਕਰੇਗੀ। ਅਜਿਹਾ ਇਥੇ ਭਾਜਪਾ ਨੂੰ ਹਰ ਹਾਲ 'ਚ ਰੋਕਣ ਲਈ ਕੀਤਾ ਜਾਵੇਗਾ। ਗਠਜੋੜ ਨੂੰ ਉਮੀਦ ਹੈ ਕਿ ਭਾਜਪਾ ਛੱਡ ਚੁਕੇ ਸੰਸਦ ਮੈਂਬਰ ਸਾਵਿਤਰੀ ਬਾਈ ਫੁਲੇ ਜੇਕਰ ਸਪਾ-ਬਸਪਾ ਨਾਲ ਆਉਂਦੀ ਹੈ ਤਾਂ ਉਨ੍ਹਾਂ ਨੂੰ ਇਕ ਸੀਟ ਦਿੱਤੀ ਜਾ ਸਕਦੀ ਹੈ। ਇਸ ਤਰ੍ਹਾਂ ਭਾਜਪਾ ਦੇ ਸਹਿਯੋਗੀ ਦਲ ਤੋਂ ਕੋਈ ਬਗਾਵਤ ਕਰਦਾ ਹੈ ਤਾਂ ਉਸਦੀ ਪਾਰਟੀ ਲਈ ਇਕ ਸੀਟ ਦਿੱਤੀ ਜਾ ਸਕਦੀ ਹੈ। ਕਾਂਗਰਸ ਨੂੰ ਦੋ ਸੀਟਾਂ ਮਿਲਣ ਤੋਂ ਸਾਫ ਹੈ ਕਿ ਉਹ ਗਠਜੋੜ ਤੋਂ ਬਾਹਰ ਹੀ ਰਹੇਗੀ। ਹੁਣ ਇਹ ਦੇਖਣਾ ਹੈ ਕਿ ਕਾਂਗਰਸ ਇਨ੍ਹਾਂ ਨਾਲ ਦੋਸਤਾਨਾ ਸੰਘਰਸ਼ ਕਰਦੀ ਹੈ ਜਾਂ ਮਜ਼ਬੂਤੀ ਨਾਲ ਲੜੇਗੀ। ਵੈਸੇ ਕਾਂਗਰਸ ਤੇ ਸ਼ਿਵਪਾਲ ਯਾਦਵ ਦੀ ਨਵੀਂ ਪਾਰਟੀ ਵਿਚਕਾਰ ਵੀ ਨਜ਼ਦੀਕੀਆਂ ਵਧਣ ਦੀਆਂ ਖਬਰਾਂ ਹਨ। ਜੇਕਰ ਇਨ੍ਹਾਂ ਦੋਵਾਂ 'ਚ ਸਮਝੌਤਾ ਹੋਇਆ ਤਾਂ ਸਪਾ ਲਈ ਅਲੱਗ ਮੁਸ਼ਕਲ ਹੋਵੇਗੀ।

### ਪੰਜਾਬ ਦੀਆਂ 13 ਸੀਟਾਂ 'ਤੇ ਚੋਣ ਲੜੇਗੀ 'ਆਪ'

ਆਮ ਆਦਮੀ ਪਾਰਟੀ ਨੇ ਲੋਕ ਸਭਾ ਚੋਣਾਂ-2019 ਲਈ ਤਿਆਰੀ ਸ਼ੁਰੂ ਕਰ ਦਿੱਤੀ ਹੈ ਤੇ 15 ਫਰਵਰੀ ਤੱਕ ਉਹ ਆਪਣੇ ਉਮੀਦਵਾਰਾਂ ਦਾ ਐਲਾਨ ਕਰੇਗੀ। ਦਿੱਲੀ, ਪੰਜਾਬ, ਹਰਿਆਣਾ, ਗੋਆ ਤੇ ਚੰਡੀਗੜ੍ਹ ਵਿਚ ਆਮ ਆਦਮੀ ਪਾਰਟੀ ਲੋਕ ਸਭਾ ਚੋਣ ਲੜਨ ਜਾ ਰਹੀ ਹੈ।

ਆਪ ਆਮ ਆਦਮੀ ਪਾਰਟੀ

ਆਪ ਪੰਜਾਬ ਦੀਆਂ 13 ਸੀਟਾਂ ਤੇ ਚੋਣ ਲੜੇਗੀ, ਇਸ ਤੋਂ ਇਲਾਵਾ ਉਹ ਹਰਿਆਣਾ ਦੀਆਂ 10 ਤੇ ਦਿੱਲੀ ਦੀਆਂ 7 ਸੀਟਾਂ ਤੇ ਚੋਣ ਲੜੇਗੀ। ਆਮ ਆਦਮੀ ਪਾਰਟੀ ਨੇ ਪੰਜਾਬ ਵਿਚ ਹੁਣ ਤੱਕ 5 ਉਮੀਦਵਾਰਾਂ ਦੀ ਘੋਸ਼ਣਾ ਕੀਤੀ ਹੈ, ਦਿੱਲੀ ਵਿਚ 5 ਸੀਟਾਂ ਤੇ ਇੰਚਾਰਜ ਐਲਾਨੇ ਜਾ ਚੁੱਕੇ ਹਨ, ਦੋ ਸੰਭਾਵਿਤ ਉਮੀਦਵਾਰ ਹਨ।

### *ਕੇਂਦਰੀ ਪਾਰਟੀਆਂ ਗਠਜੋੜ ਵਲ*

*ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ਵਰਗੇ ਅਹਿਮ ਸੂਬਿਆਂ ਵਿਚ ਭਾਜਪਾ ਦੀ ਹਾਰ ਤੋਂ ਬਾਅਦ ਹੁਣ ਖੇਤਰੀ ਅਤੇ ਛੋਟੀਆਂ ਪਾਰਟੀਆਂ ਨੇ ਭਾਜਪਾ ਨਾਲ ਜੋੜ-ਤੋੜ ਕਰਨਾ ਸ਼ੁਰੂ ਕਰ ਦਿੱਤਾ ਹੈ। ਤੇਲਗੂ ਦੇਸਮ ਪਾਰਟੀ ਇਕ ਸਾਲ ਪਹਿਲਾਂ ਭਾਜਪਾ ਨਾਲੋਂ ਨਾਤਾ ਤੋੜ ਚੁੱਕੀ ਹੈ ਅਤੇ ਹੁਣ ਉਪੇਂਦਰ ਕੁਸ਼ਵਾਹਾ ਦੀ ਪਾਰਟੀ ਨੇ ਵੀ ਗੱਠਜੋੜ ਤੋਂ ਕਿਨਾਰਾ ਕਰ ਲਿਆ ਹੈ। ਰਾਮ ਵਿਲਾਸ ਪਾਸਵਾਨ ਵਲੋਂ ਭਾਜਪਾ ਨਾਲ ਲੋਕ ਸਭਾ ਦੀਆਂ ਸੀਟਾਂ ਸਬੰਧੀ ਗੱਲਬਾਤ ਸ਼ੁਰੂ ਕੀਤੀ ਗਈ ਅਤੇ ਅਮਿਤ ਸ਼ਾਹ ਨੇ ਲੋਕ ਜਨਸ਼ਕਤੀ ਪਾਰਟੀ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ਲਈ 6 ਸੀਟਾਂ ਅਤੇ ਆਸਾਮ ਤੋਂ ਇਕ ਰਾਜ ਸਭਾ ਦੀ ਸੀਟ ਦੇਣ ਦਾ ਐਲਾਨ ਕਰ ਦਿੱਤਾ। ਅਪਨਾ ਦਲ, ਜਿਸ ਦੇ ਲੋਕ ਸਭਾ ਵਿਚ ਦੋ ਮੈਂਬਰ ਹਨ, ਨੇ ਵੀ ਕੈਬਨਿਟ ਵਿਚ ਅਹੁਦੇ ਲਈ ਭਾਜਪਾ ਨਾਲ ਗੱਲਬਾਤ ਸ਼ੁਰੂ ਕਰ ਦਿੱਤੀ ਹੈ।*

*ਅਸ਼ੀਸ਼ ਪਟੇਲ ਦੀ ਸ਼ਿਕਾਇਤ ਹੈ ਕਿ ਉੱਤਰ ਪ੍ਰਦੇਸ਼ ਵਿਚ ਭਾਜਪਾ ਨੇਤਾਵਾਂ ਵਲੋਂ ਉਸ ਦੀ ਪਾਰਟੀ ਨੂੰ ਦਰਕਿਨਾਰ ਕੀਤਾ ਜਾ ਰਿਹਾ ਹੈ। ਇਸੇ ਹੀ ਤਰ੍ਹਾਂ ਓਮ ਪ੍ਰਕਾਸ਼ ਰਾਜਭਰ ਨੇ ਸਿੱਧੇ ਤੌਰ 'ਤੇ ਕੇਂਦਰ ਅਤੇ ਉੱਤਰ ਪ੍ਰਦੇਸ਼ ਦੀ ਸਰਕਾਰ ਦੀ ਆਲੋਚਨਾ ਕੀਤੀ ਹੈ ਅਤੇ ਆਪਣੇ ਹਲਕੇ ਗਾਜ਼ੀਪੁਰ ਵਿਚ ਪ੍ਰਧਾਨ ਮੰਤਰੀ ਦੇ ਸਮਾਗਮ ਦੌਰਾਨ ਗ਼ੈਰ-ਹਾਜ਼ਰ ਰਹਿ ਕੇ ਵੀ ਉਨ੍ਹਾਂ ਨੇ ਆਪਣੀ ਨਿਰਾਸ਼ਾ ਜ਼ਾਹਰ ਕੀਤੀ। ਇਸ ਤੋਂ ਇਲਾਵਾ ਮਹਾਰਾਸ਼ਟਰ ਵਿਚ ਵੀ ਸ਼ਿਵ ਸੈਨਾ ਵਲੋਂ ਕੇਂਦਰ ਅਤੇ ਸੂਬਾ ਸਰਕਾਰ ਨਾਲੋਂ ਗੱਠਜੋੜ ਤੋੜਨ ਦੀਆਂ ਚਿਤਾਵਨੀਆਂ ਦਿੱਤੀਆਂ ਜਾ ਰਹੀਆਂ ਹਨ। ਭਾਜਪਾ ਸਾਹਮਣੇ ਅਜਿਹੇ ਹਾਲਾਤ ਹਿੰਦੀ ਸੂਬਿਆਂ ਵਿਚ ਹੋਈ ਵੱਡੀ ਹਾਰ ਤੋਂ ਬਾਅਦ ਹੀ ਪੈਦਾ ਹੋਏ ਹਨ।*

### ਪੰਜਾਬ-ਹਰਿਆਣਾ ਦੌਰੇ 'ਤੇ ਕੇਜਰੀਵਾਲ

ਆਪ ਦੇ ਮੁਖੀ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਰ ਜਲਦ ਪੰਜਾਬ ਦੌਰੇ 'ਤੇ ਆਉਣਗੇ ਜਿਸ ਦੌਰਾਨ ਉਹ 20 ਜਨਵਰੀ ਨੂੰ ਸੰਗਰੂਰ, 29 ਜਨਵਰੀ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਚ ਰੈਲੀ ਕਰਨਗੇ, ਇਸ ਦੇ ਨਾਲ ਹੀ ਉਹ 2 ਫਰਵਰੀ ਨੂੰ ਅੰਮ੍ਰਿਤਸਰ ਵਿਚ ਰੈਲੀ ਨੂੰ ਸੰਬੋਧਨ ਕਰਨਗੇ। ਇਸ ਦੇ ਨਾਲ ਹੀ ਕੇਜਰੀਵਾਲ ਹਰਿਆਣਾ ਦਾ ਵੀ ਦੌਰਾ ਕਰਨਗੇ। 5 ਜਨਵਰੀ ਤੋਂ 9 ਜਨਵਰੀ ਤੱਕ ਚਰਖੀ ਦਾਦਰੀ ਵਿਚ ਰੈਲੀ ਕਰਨਗੇ। ਹੁਣ ਦੇਖਣਾ ਇਹ ਹੋਵੇਗਾ ਕਿ ਉਹ ਪੰਜਾਬ ਵਿਚ ਕਿਹੜੇ-ਕਿਹੜੇ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰਦੀ ਹੈ ਕਿਉਂਕਿ ਖਹਿਰਾ ਨੂੰ ਵਿਰੋਧੀ ਧਿਰ ਦਾ ਨੇਤਾ ਪਦ ਤੋਂ ਹਟਾਏ ਜਾਣ, ਫੂਲਕਾ ਦੇ ਪਾਰਟੀ ਤੋਂ ਅਸਤੀਫ਼ਾ ਦਿੱਤੇ ਜਾਣ ਤੇ ਡਾ. ਧਰਮਵੀਰ ਗਾਂਧੀ ਦਾ ਪਾਰਟੀ ਤੋਂ ਬਾਗੀ ਹੋਣ ਤੋਂ ਬਾਅਦ ਪਾਰਟੀ ਖਾਸਾ ਕਮਜ਼ੋਰ ਹੋ ਗਈ ਜਾਪਦੀ ਹੈ।

**ਗੱਠਜੋੜ ਲਈ ਜੋੜ-ਤੋੜ :** ਤਿੰਨ ਸੂਬਿਆਂ ਵਿਚ ਜਿੱਤ ਹਾਸਲ ਕਰਨ ਤੋਂ ਬਾਅਦ ਕਾਂਗਰਸ ਨੂੰ ਉੱਤਰ ਪ੍ਰਦੇਸ਼ ਵਿਚ ਬਸਪਾ ਅਤੇ ਸਪਾ ਦੇ ਵਿਹਾਰ ਦੀ ਵੱਡੀ ਚਿੰਤਾ ਹੈ ਅਤੇ ਇਸ ਸਬੰਧ ਵਿਚ ਕਈ ਤਰ੍ਹਾਂ ਦੀਆਂ ਅਫ਼ਵਾਹਾਂ ਵੀ ਫੈਲ ਰਹੀਆਂ ਹਨ। ਅਖਿਲੇਸ਼ ਯਾਦਵ ਨੇ ਆਪਣੀ ਨਿਰਾਸ਼ਾ ਜ਼ਾਹਰ ਕਰਦੇ ਹੋਏ ਕਿਹਾ ਕਿ ਮੱਧ ਪ੍ਰਦੇਸ਼ ਵਿਚ ਸਪਾ ਦੇ ਇਕੋ-ਇਕ ਵਿਧਾਇਕ ਦੇ ਬਿਨਾਂ ਸ਼ਰਤ ਸਮਰਥਨ ਦੇ ਬਾਅਦ ਵੀ ਉਸ ਨੂੰ ਕੈਬਨਿਟ ਵਿਚ ਕੋਈ ਜਗ੍ਹਾ ਨਹੀਂ ਦਿੱਤੀ ਗਈ। ਬਸਪਾ ਪ੍ਰਧਾਨ ਮਾਇਆਵਤੀ ਨੇ ਵੀ ਕਮਲਨਾਥ ਸਰਕਾਰ ਤੋਂ ਆਪਣੇ ਦੋਵੇਂ ਵਿਧਾਇਕਾਂ ਦਾ ਸਮਰਥਨ ਵਾਪਸ ਲੈਣ ਤੱਕ ਦੀ ਧਮਕੀ ਦਿੱਤੀ ਹੈ। ਇਸੇ ਸਮੇਂ ਦੌਰਾਨ ਤੇਲੰਗਾਨਾ ਦੇ ਮੁੱਖ ਮੰਤਰੀ ਕੇ. ਚੰਦਰਸ਼ੇਖਰ ਰਾਓ ਨੇ ਮਾਇਆਵਤੀ ਅਤੇ ਅਖਿਲੇਸ਼ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਸੰਘੀ ਮੋਰਚੇ ਵਿਚ ਸ਼ਾਮਿਲ ਹੋਣ ਲਈ ਕਿਹਾ। ਸੂਤਰਾਂ ਦੇ ਅਨੁਸਾਰ ਮਾਇਆਵਤੀ ਅਤੇ ਅਖਿਲੇਸ਼ ਦੋਵੇਂ ਹੀ ਇਸ ਤੀਜੇ ਮੋਰਚੇ ਨਾਲ ਜੁੜਨ ਸਬੰਧੀ ਗੰਭੀਰ ਵਿਚਾਰ-ਵਟਾਂਦਰਾ ਕਰ ਰਹੇ ਹਨ। ਤ੍ਰਿਣਮੂਲ ਕਾਂਗਰਸ ਦੀ ਪ੍ਰਧਾਨ ਮਮਤਾ ਬੈਨਰਜੀ, ਜਿਸ ਦੇ ਕਿ ਸਾਂਝੇ ਪ੍ਰਗਤੀਸ਼ੀਲ ਗੱਠਜੋੜ ਦੀ ਚੇਅਰਪਰਸਨ ਸੋਨੀਆ ਗਾਂਧੀ ਨਾਲ ਕਾਫੀ ਚੰਗੇ ਸਬੰਧ ਹਨ, ਨੇ ਚੰਦਰਸ਼ੇਖਰ ਰਾਓ ਨਾਲ ਮੁਲਾਕਾਤ ਕੀਤੀ ਅਤੇ ਸੰਘੀ ਮੋਰਚੇ ਬਾਰੇ ਵਿਚਾਰ ਕੀਤਾ ਪਰ ਉਸ ਨਾਲ ਜੁੜਨ ਦਾ ਕੋਈ ਵੀ ਸੰਕੇਤ ਉਨ੍ਹਾਂ ਵਲੋਂ ਨਹੀਂ ਦਿੱਤਾ ਗਿਆ। ਕਰਨਾਟਕ ਵਿਚ ਭਾਵੇਂ ਕਾਂਗਰਸ ਦੇ ਸੂਬਾਈ ਨੇਤਾ ਜਨਤਾ ਦਲ (ਸੈਕੂਲਰ) ਨੂੰ ਲੋਕ ਸਭਾ ਲਈ ਜ਼ਿਆਦਾ ਸੀਟਾਂ ਨਹੀਂ ਦੇਣੀਆਂ ਚਾਹੁੰਦੇ ਪਰ ਕੇਂਦਰੀ ਲੀਡਰਸ਼ਿਪ ਸੂਬੇ ਵਿਚ ਆਪਣੇ ਗੱਠਜੋੜ ਨੂੰ ਕਿਸੇ ਵੀ ਤਰ੍ਹਾਂ ਨੁਕਸਾਨ ਨਹੀਂ ਪਹੁੰਚਾਉਣਾ ਚਾਹੁੰਦੀ। ਮੁੱਖ ਸਮੱਸਿਆ ਉੱਤਰ ਪ੍ਰਦੇਸ਼ ਵਿਚ ਗੱਠਜੋੜ ਬਣਾਉਣ ਸਬੰਧੀ ਹੈ, ਜਿਥੇ ਸਪਾ ਅਤੇ ਬਸਪਾ ਕਾਂਗਰਸ ਨੂੰ ਸਿਰਫ 8 ਸੀਟਾਂ ਹੀ ਦੇਣੀਆਂ ਚਾਹੁੰਦੇ ਹਨ। ਇਨ੍ਹਾਂ ਵਿਚ ਦੋ ਸੀਟਾਂ 'ਤੇ ਕਾਂਗਰਸ ਨੇ ਜਿੱਤ ਹਾਸਲ ਕੀਤੀ ਸੀ ਅਤੇ 6 ਸੀਟਾਂ ਉਹ ਹਨ, ਜਿੱਥੇ ਕਾਂਗਰਸ ਸੰਨ 2014 ਦੀਆਂ ਆਮ ਚੋਣਾਂ ਸਮੇਂ ਦੂਸਰੇ ਨੰਬਰ 'ਤੇ ਰਹੀ ਸੀ। ਰਾਜਨੀਤਕ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਲੋਕ ਸਭਾ ਦੀਆਂ ਚੋਣਾਂ ਲਈ ਕਾਂਗਰਸ ਨੂੰ ਵੀ ਝਾਰਖੰਡ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚ ਸਪਾ ਅਤੇ ਬਸਪਾ ਨਾਲ ਕੁਝ ਸੀਟਾਂ 'ਤੇ ਸਮਝੌਤਾ ਕਰਨਾ ਚਾਹੀਦਾ ਹੈ। ਉੱਤਰ ਪ੍ਰਦੇਸ਼ ਵਿਚ ਵੀ ਵਿਰੋਧੀ ਪਾਰਟੀਆਂ ਜ਼ਿਆਦਾ ਸੀਟਾਂ ਲੈ ਕੇ ਭਾਜਪਾ ਵਿਰੁੱਧ ਆਮ ਚੋਣਾਂ ਵਿਚ ਵਿਰੋਧੀ ਧਿਰ ਦੇ ਗੱਠਜੋੜ ਨੂੰ ਮਜ਼ਬੂਤ ਬਣਾਉਣਾ ਹੋਵੇਗਾ। ਪਰ ਤਾਜ਼ਾ ਜਾਣਕਾਰੀ ਅਨੁਸਾਰ ਉੱਤਰ ਪ੍ਰਦੇਸ਼ ਵਿਚ ਮਾਇਆਵਤੀ ਅਤੇ ਅਖਿਲੇਸ਼ ਯਾਦਵ ਵਿਚਕਾਰ ਜੋ ਸਮਝੌਤਾ ਹੋਇਆ ਹੈ, ਉਸ ਅਨੁਸਾਰ ਕਾਂਗਰਸ ਨੂੰ ਗੱਠਜੋੜ ਤੋਂ ਬਾਹਰ ਰੱਖਿਆ ਗਿਆ ਹੈ। ਪਰ ਅਜੇ ਤੱਕ ਇਸ ਸਬੰਧੀ ਕੋਈ ਐਲਾਨ ਨਹੀਂ ਕੀਤਾ ਗਿਆ। ਫਿਰ ਵੀ ਇਸ ਘਟਨਾਕ੍ਰਮ ਨਾਲ ਇਸ ਵੱਡੇ ਰਾਜ ਵਿਚ ਵਿਰੋਧੀ ਧਿਰ ਦਾ ਕੋਈ ਸਾਂਝਾ ਗੱਠਜੋੜ ਦੀਆਂ ਸੰਭਾਵਨਾਵਾਂ ਕਾਫੀ ਹੱਦ ਤੱਕ ਘੱਟ ਗਈਆਂ ਹਨ। ਆਉਣ ਵਾਲੇ ਦਿਨਾਂ 'ਚ ਹੀ ਤਸਵੀਰ ਸਾਫ਼ ਹੋ ਸਕੇਗੀ।

**ਬਦਲੇ ਸਮੀਕਰਨ :** ਹਾਲ ਹੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੀ ਹਾਰ ਤੋਂ ਬਾਅਦ ਹੁਣ ਭਾਜਪਾ ਸਿਰਫ 15 ਲੋਕ ਸਭਾ ਦੀਆਂ ਸੀਟਾਂ 'ਤੇ ਹੀ ਆਪਣਾ ਧਿਆਨ ਕੇਂਦਰਿਤ ਕਰ ਰਹੀ ਹੈ। ਵਿਧਾਨ ਸਭਾ ਚੋਣਾਂ ਵਿਚ ਹੋਈ ਹਾਰ ਲਈ ਭਾਜਪਾ ਭਾਵੇਂ ਵਸੁੰਧਰਾ ਰਾਜੇ ਨੂੰ ਜ਼ਿੰਮੇਵਾਰ ਠਹਿਰਾਉਣਾ ਚਾਹੁੰਦੀ ਹੈ ਪਰ ਕੋਈ ਵੀ ਆਗੂ ਉਸ ਨੂੰ ਦੋਸ਼ੀ ਠਹਿਰਾਉਣ ਲਈ ਅੱਗੇ ਨਹੀਂ ਆਉਣਾ ਚਾਹੁੰਦਾ। ਅਜਿਹੀ ਸਥਿਤੀ ਉਸ ਸਮੇਂ ਵੀ ਪੈਦਾ ਹੋਈ ਸੀ ਜਦੋਂ ਰਾਜਸਥਾਨ ਵਿਚ ਹੋਈਆਂ ਲੋਕ ਸਭਾ ਦੀਆਂ ਦੋ ਉਪ-ਚੋਣਾਂ ਦੌਰਾਨ ਭਾਜਪਾ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਕੇਂਦਰੀ ਲੀਡਰਸ਼ਿਪ ਨੇ ਵਸੁੰਧਰਾ ਰਾਜੇ ਵਿਰੁੱਧ ਕੋਈ ਵੀ ਫ਼ੈਸਲਾ ਕਰਨ ਦਾ ਹੌਸਲਾ ਤਾਂ ਨਹੀਂ ਕੀਤਾ ਪਰ ਸੂਬਾ ਪ੍ਰਧਾਨ ਨੂੰ ਜ਼ਰੂਰ ਬਦਲ ਦਿੱਤਾ ਗਿਆ ਸੀ। ਨਵੇਂ ਪ੍ਰਧਾਨ ਅਸ਼ੋਕ ਪ੍ਰਨਾਮੀ ਹੁਣ ਖ਼ੁਦ ਚੋਣ ਹਾਰ ਗਏ ਹਨ ਅਤੇ ਪ੍ਰਕਾਸ਼ ਜਾਵੇਡਕਰ, ਜਿਨ੍ਹਾਂ ਨੂੰ ਸੂਬੇ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ, ਨੇ ਆਪਣੀ ਰਿਪੋਰਟ ਵਿਚ ਕਿਹਾ ਸੀ ਕਿ ਪਾਰਟੀ ਸਿਰਫ 50 ਸੀਟਾਂ ਹੀ ਜਿੱਤ ਸਕਦੀ ਹੈ। ਪਰ ਵਿਧਾਨ ਸਭਾ ਦੀਆਂ 73 ਸੀਟਾਂ ਜਿੱਤਣ ਤੋਂ ਬਾਅਦ ਹੁਣ ਵਸੁੰਧਰਾ ਰਾਜੇ ਦੇ ਸਮਰਥਕਾਂ ਵਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹ ਸਭ ਵਸੁੰਧਰਾ ਦੀ ਮਿਹਨਤ ਦਾ ਹੀ ਨਤੀਜਾ ਹੈ। ਹੁਣ ਭਾਜਪਾ ਇਸ ਹਾਰ ਦਾ ਦੋਸ਼ ਕਿਸੇ ਹੋਰ ਉੱਪਰ ਲਾਉਣ ਦੀ ਤਾਕ ਵਿਚ ਹੈ, ਤਾਂ ਜੋ ਸੂਬੇ ਵਿਚ ਭਾਜਪਾ ਦੇ ਨੇਤਾਵਾਂ ਅਤੇ ਕਾਰਕੁਨਾਂ ਦੇ ਹੌਸਲੇ ਨੂੰ ਬਰਕਰਾਰ ਰੱਖਿਆ ਜਾ ਸਕੇ।

# ਪ੍ਰਧਾਨ ਮੰਤਰੀ ਮੋਦੀ ਨੇ ਗੁਰਦਾਸਪੁਰ 'ਚ ਰੈਲੀ ਕਰਕੇ ਚੋਣਾਂ ਦਾ ਬਿਗਲ ਵਜਾਇਆ

## *• ਭਾਸ਼ਣ ਦੇ ਕੇ ਤੁਰਦੇ ਬਣੇ ਪਰ ਪੰਜਾਬ ਦੇ ਪੱਲੇ ਕੁਝ ਨਾ ਪਾਇਆ • ਰੈਲੀ 'ਚ ਪਿਆ ਰੌਲਾ 'ਚੌਕੀਦਾਰ ਹੀ ਚੋਰ ਹੈ' ਦੇ ਨਾਹਰੇ ਗੂੰਜੇ*

ਗੁਰਦਾਸਪੁਰ/ਬਿਊਰੋ ਨਿਊਜ਼ :
3 ਜਨਵਰੀ ਦੀ ਪ੍ਰਧਾਨ ਮੰਤਰੀ ਦੀ ਗੁਰਦਾਸਪੁਰ ਰੈਲੀ ਪੰਜਾਬ ਦੇ ਲੋਕਾਂ ਅਤੇ ਖ਼ਾਸ ਕਰਕੇ ਇਸ ਸਰਹੱਦੀ ਜ਼ਿਲ੍ਹੇ ਦੇ ਵਸਨੀਕਾਂ ਨੂੰ ਨਿਰਾਸ਼ਾ ਤੋਂ ਵੱਧ ਕੁਝ ਨਹੀਂ ਦੇ ਸਕੀ। ਅਕਾਲੀ ਦਲ ਨੇ ਦਮਗਜੇ ਮਾਰੇ ਸਨ ਕਿ ਪ੍ਰਧਾਨ ਮੰਤਰੀ ਸੂਬੇ ਤੋਂ ਚੋਣ ਮੁਹਿੰਮ ਸ਼ੁਰੂ ਕਰਨ ਲਈ ਖ਼ਾਸ ਐਲਾਨ ਕਰਨਗੇ ਪਰ ਪ੍ਰਧਾਨ ਮੰਤਰੀ ਮੋਦੀ ਦੇ ਭਾਸ਼ਣ ਨੇ ਲੋਕਾਂ ਨੂੰ ਨਿਰਾਸ਼ ਹੀ ਕੀਤਾ ਅਤੇ ਵਿਰੋਧੀਆਂ ਨੂੰ ਪ੍ਰਬੰਧਕਾਂ ਦਾ ਮਜ਼ਾਕ ਉਡਾਉਣ ਦਾ ਇਕ ਹੋਰ ਮੌਕਾ ਜ਼ਰੂਰ ਦੇ ਦਿੱਤਾ। ਮੋਦੀ ਦੀ ਰੈਲੀ ਵਿਚ ਜਿੱਥੇ ਭਾਜਪਾ ਦੀ ਸੂਬਾਈ ਲੀਡਰਸ਼ਿਪ ਤੇ ਵੱਡੀ ਗਿਣਤੀ ਵਿਚ ਅਕਾਲੀ ਨੇਤਾ ਵੀ ਹਾਜ਼ਰ ਸਨ ਪਰ ਪਰਕਾਸ਼ ਸਿੰਘ ਬਾਦਲ ਸਿਹਤ ਠੀਕ ਨਾ ਹੋਣ ਦਾ ਕਾਰਨ ਦੱਸ ਕੇ ਗ਼ੈਰ ਹਾਜ਼ਰ ਰਹੇ, ਜੋ ਚਰਚਾ ਦਾ ਵਿਸ਼ਾ ਰਿਹਾ।

ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਦਾ ਜ਼ਿਆਦਾਤਰ ਸਮਾਂ ਕਾਂਗਰਸ ਨੂੰ ਕੋਸਣ ਵਿਚ ਹੀ ਲਗਾ ਦਿੱਤਾ ਅਤੇ ਇਕੋ ਪਰਿਵਾਰ ਦੇ ਹੱਥ ਸੱਤਾ ਸੌਂਪਣ ਵਰਗੇ ਸਿਆਸੀ ਹਮਲੇ ਵੀ ਕੀਤੇ। ਇਸ ਦੌਰੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਵਿਚ ਦੋ ਥਾਵਾਂ 'ਤੇ ਭਾਸ਼ਣ ਦਿੱਤਾ। ਪਹਿਲਾ ਭਾਸ਼ਣ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਚ ਸ਼ੁਰੂ ਹੋਈ 160ਵੀਂ ਇੰਡੀਅਨ ਸਾਇੰਸ ਕਾਂਗਰਸ ਦਾ ਉਦਾਘਟਨ ਕਰਦਿਆਂ ਦਿੱਤਾ ਜਿਸ ਵਿਚ ਪ੍ਰਧਾਨ ਮੰਤਰੀ ਨੇ ਲਾਲ ਬਹਾਦਰ ਸ਼ਾਸਤਰੀ ਦੇ ਦਿੱਤੇ ਨਾਅਰੇ 'ਜੈ ਜਵਾਨ, ਜੈ ਕਿਸਾਨ' ਜਿਸ ਵਿਚ ਬਾਅਦ ਵਿਚ ਅਟਲ ਬਿਹਾਰੀ ਵਾਜਪਾਈ ਨੇ 'ਜੈ ਵਿਗਿਆਨ' ਜੋੜਿਆ ਸੀ, ਵਿਚ ਹੋਰ ਵਾਧਾ ਕਰਦਿਆਂ 'ਜੈ ਅਨੁਸੰਧਾਨ' ਵੀ ਜੋੜ ਦਿੱਤਾ। ਦੂਸਰਾ ਭਾਸ਼ਣ ਭਾਜਪਾ ਤੇ ਅਕਾਲੀ ਦਲ ਵੱਲੋਂ ਗੁਰਦਾਸਪੁਰ ਵਿਚ ਕੀਤੀ ਰੈਲੀ ਵਿਚ ਦਿੱਤਾ ਜਿਸ ਵਿਚ ਉਨ੍ਹਾਂ ਨੇ ਕਾਂਗਰਸ 'ਤੇ ਨਿਸ਼ਾਨਾ ਸਾਧਿਆ। ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਪੰਜਾਬ ਲਈ ਕਈ ਯੋਜਨਾਵਾਂ ਸ਼ੁਰੂ ਕੀਤੀਆਂ, ਜਿਨ੍ਹਾਂ ਵਿੱਚ ਕਰਤਾਰਪੁਰ ਦਾ ਲਾਂਘਾ ਖੁੱਲ੍ਹਵਾਉਣਾ ਵੀ ਸ਼ਾਮਲ ਸੀ। ਉਨ੍ਹਾਂ ਨੇ ਸੰਨ 1984 ਦੇ ਸਿੱਖ ਕਤਲੇਆਮ ਵਿਚ ਕਾਂਗਰਸ ਦੀ ਕਥਿਤ ਭੂਮਿਕਾ, ਮੱਧ ਪ੍ਰਦੇਸ਼ ਦੇ ਨਵੇਂ ਬਣੇ ਮੁੱਖ ਮੰਤਰੀ (ਕਮਲ ਨਾਥ) ਨੂੰ ਬਚਾ ਕੇ ਰੱਖਣ ਅਤੇ ਐਨਡੀਏ ਵੱਲੋਂ ਕਰਤਾਰਪੁਰ ਲਾਂਘੇ ਦੀ ਪਹਿਲਕਦਮੀ ਵਰਗੇ ਕਈ ਭਾਵੁਕ ਮੁੱਦੇ ਛੂਹੇ। ਉਨ੍ਹਾਂ ਕਿਹਾ ਕਿ ਬਾਬਾ ਨਾਨਕ ਦੀ ਧਰਤੀ ਡੇਰਾ ਬਾਬਾ ਨਾਨਕ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸੂਬੇ 'ਚ ਪੂਰੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ ਅਤੇ ਬਾਬਾ ਨਾਨਕ ਜੀ ਦੇ ਸੰਦੇਸ਼ 'ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ' ਨੂੰ ਦੁਨੀਆ ਭਰ 'ਚ ਪਹੁੰਚਾਇਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਕਾਂਗਰਸ ਸਰਕਾਰ ਨੇ ਸ਼ੁਰੂ ਤੋਂ ਹੀ ਨਕਾਰਾਤਮਕ ਭੂਮਿਕਾ ਨਿਭਾਈ ਹੈ ਤੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਜੋ ਡੇਰਾ ਬਾਬਾ ਨਾਨਕ ਤੋਂ ਮਹਿਜ਼ 4 ਕਿੱਲੋਮੀਟਰ ਦੀ ਦੂਰੀ 'ਤੇ ਸਥਿਤ ਹੈ, ਉਸ ਨੂੰ ਆਪਣੇ ਦੇਸ਼ ਤੋਂ ਦੂਰ ਕਰ ਦਿੱਤਾ। ਵੰਡ ਤੋਂ ਬਾਅਦ ਇਸ ਮਹਾਨ ਅਸਥਾਨ ਨੂੰ ਆਪਣੇ ਦੇਸ਼ 'ਚ ਸ਼ਾਮਿਲ ਕੀਤਾ ਜਾ ਸਕਦਾ ਸੀ ਪਰ ਉਸ ਸਮੇਂ ਦੀ ਕਾਂਗਰਸ ਸਰਕਾਰ ਨੇ ਇਸ 'ਚ ਕੋਈ ਰੁਚੀ ਨਹੀਂ ਦਿਖਾਈ ਅਤੇ 71 ਸਾਲ ਤੋਂ ਲੋਕ ਇਸ ਅਸਥਾਨ ਦੇ ਦਰਸ਼ਨ ਦੂਰਬੀਨ ਰਾਹੀਂ ਕਰਦੇ ਆ ਰਹੇ ਹਨ। ਸਿੱਖਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਸਰਕਾਰ ਨੇ ਕਰਤਾਰਪੁਰ ਲਾਂਘਾ ਖੋਲ੍ਹਣ ਦਾ ਫ਼ੈਸਲਾ ਕੀਤਾ ਤਾਂ ਜੋ ਸ਼ਰਧਾਲੂਆਂ ਨੂੰ ਉਸ ਮਹਾਨ ਅਸਥਾਨ ਦੇ ਖੁੱਲ੍ਹੇ ਦਰਸ਼ਨ ਦੀਦਾਰ ਹੋ ਸਕਣ। ਇਹ ਲਾਂਘਾ ਅਤਿ ਆਧੁਨਿਕ ਸਹੂਲਤਾਂ ਨਾਲ ਲੈੱਸ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੁਲਤਾਨਪੁਰ ਲੋਧੀ 'ਚ 'ਪਿੰਡ ਬਾਬੇ ਨਾਨਕ ਦਾ' ਵਸਾਇਆ ਜਾਵੇਗਾ ਅਤੇ ਉਸ ਨੂੰ ਸਮਾਰਟ ਸਿਟੀ ਬਣਾਇਆ ਜਾਵੇਗਾ, ਜਿੱਥੇ ਕਰੋੜਾਂ ਦੇ ਪ੍ਰਾਜੈਕਟ ਸ਼ੁਰੂ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ ਹੋਰ ਗੁਰਧਾਮਾਂ ਦੇ ਦਰਸ਼ਨਾਂ ਲਈ ਵੀ ਕੇਂਦਰ ਸਰਕਾਰ ਉਪਰਾਲੇ ਕਰ ਰਹੀ ਹੈ।

ਉਨ੍ਹਾਂ 'ਕਾਂਗਰਸ ਨੂੰ ਦੋਸ਼ੀ ਠਹਿਰਾਉਂਦਿਆਂ ਕਿਹਾ ਕਿ ਗਾਂਧੀ ਪਰਿਵਾਰ ਦੇ ਇਸ਼ਾਰੇ 'ਤੇ '84 ਕਤਲੇਆਮ ਦੇ ਦੋਸ਼ੀਆਂ ਨੂੰ ਬਚਾਇਆ ਜਾਂਦਾ ਰਿਹਾ ਹੈ, ਜਦੋਂ ਕਿ ਭਾਜਪਾ ਸਰਕਾਰ ਦੇ ਸਮੇਂ ਹੀ ਅੱਜ ਦੋਸ਼ੀ ਸਲਾਖ਼ਾਂ ਦੇ ਪਿੱਛੇ ਗਏ ਹਨ। ਐਨਡੀਏ ਸਰਕਾਰ ਨੇ 1984 ਕਤਲੇਆਮ ਦੇ ਕੇਸ ਮੁੜ ਖੋਲ੍ਹੇ ਅਤੇ ਕੁਝ ਕਾਂਗਰਸੀ ਆਗੂਆਂ ਨੂੰ ਜੇਲ੍ਹ ਭੇਜਿਆ ਗਿਆ। ਉਨ੍ਹਾਂ ਨੇ ਆਪਣੀ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਵਿਕਾਸ ਸਕੀਮਾਂ ਦਾ ਜ਼ਿਕਰ ਕੀਤਾ। ਖ਼ਾਸ ਕਰਕੇ ਸਾਲ 2022 ਤੱਕ ਕਿਸਾਨਾਂ ਦੀ ਆਮਦਨੀ ਦੁੱਗਣੀ ਕਰਨੀ ਅਤੇ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨ ਦਾ ਟੀਚਾ ਦੱਸਿਆ। ਕਿਸਾਨਾਂ ਦੀ ਕਰਜ਼ ਮਾਫੀ ਬਾਰੇ ਵੀ ਮੋਦੀ ਬੋਲੇ ਅਤੇ ਕਿਹਾ, "ਰਾਹੁਲ ਗਾਂਧੀ ਅਤੇ ਕਾਂਗਰਸ ਦੀਆਂ ਸੂਬਾ ਸਰਕਾਰਾਂ ਦਾ ਦਾਅਵਾ ਨਾ ਸਿਰਫ਼ ਸਵਾਂਗ ਹੈ ਸਗੋ ਪਾਰਟੀ ਦਾ ਵੋਟਾਂ ਖਿੱਚਣ ਵਾਲਾ ਕਾਂਟਾ ਹੈ। ਦੂਸਰੇ ਪਾਸੇ ਮੌਜੂਦਾ ਐਨਡੀਏ ਸਰਕਾਰ ਨੇ ਸ਼ਾਹਪੁਰ ਕੰਢੀ ਬੰਨ੍ਹ, ਫੂਡ ਪਾਰਕ ਅਤੇ ਕਈ ਹੋਰ ਸਕੀਮਾਂ ਨੂੰ ਮਨਜ਼ੂਰੀ ਦਿੱਤੀ ਹੈ ਜਿਸ ਨਾਲ ਸੂਬੇ ਵਿਚ ਬਹੁਤ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਰੋਜ਼ਗਾਰ ਮਿਲੇਗਾ।"



ਗੁਰੂ ਨਾਨਕ ਜੀ ਦਾ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦਾ ਉਪਦੇਸ਼ ਦੁਨੀਆ ਭਰ 'ਚ ਫ਼ੈਲਾਵਾਂਗੇ
ਗਾਂਧੀ ਪਰਿਵਾਰ ਦੇ ਇਸ਼ਾਰੇ 'ਤੇ '84 ਕਤਲੇਆਮ ਦੇ ਦੋਸ਼ੀਆਂ ਨੂੰ ਬਚਾਇਆ ਜਾਂਦਾ ਰਿਹਾ-ਮੋਦੀ

### ਰੈਲੀ 'ਚ ਪਿਆ ਰੌਲਾ :

ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਪੰਜਾਬ ਦੇ ਗੁਰਦਾਸਪੁਰ ਵਿਖੇ ਕੀਤੀ ਗਈ ਰੈਲੀ 'ਚ ਪਿਆ ਕਾਫੀ ਰੌਲਾ-ਰੱਪਾ ਪੈਣ ਤੋਂ ਬਾਅਦ ਪੁਲਿਸ ਨੇ ਰੋਸ ਪ੍ਰਗਟਾਵਾ ਕਰ ਰਹੇ ਕਈ ਲੋਕਾਂ ਨੂੰ ਹਿਰਾਸਤ ਵਿਚ ਲਿਆ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਰੈਲੀ ਦੌਰਾਨ ਉਨ੍ਹਾਂ ਦੇ ਭਾਸ਼ਣ ਦੇਣ ਸਮੇਂ ਕੁਝ ਨੌਜਵਾਨਾਂ ਨੇ ਵਿਰੋਧ ਕੀਤਾ। ਨੌਜਵਾਨਾਂ ਨੇ ਮੋਦੀ ਨੂੰ ਕਾਲੀਆਂ ਝੰਡੀਆਂ ਦਿਖਾਈਆਂ ਤੇ "ਚੋਰ ਹੈ ਚੋਰ ਹੈ" ਦੇ ਨਾਅਰੇ ਵੀ ਲਾਏ। ਪੁਲਿਸ ਨੇ ਹੰਗਾਮਾ ਕਰਨ ਵਾਲੇ ਨੌਜਵਾਨਾਂ ਨੂੰ ਹਿਰਾਸਤ ਵਿਚ ਲੈ ਲਿਆ।

ਪ੍ਰਾਪਤ ਜਾਣਕਾਰੀ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਰੈਲੀ ਤੋਂ ਪਹਿਲਾਂ ਸਵੇਰ ਸਮੇਂ ਜਲੰਧਰ ਵਿਚ ਵੀ ਕੁਝ ਨੌਜਵਾਨਾਂ ਨੇ ਹੰਗਾਮੇ ਦੀ ਕੋਸ਼ਿਸ਼ ਕੀਤੀ, ਜਿਨ੍ਹਾਂ ਨੂੰ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ। ਇਹ ਨੌਜਵਾਨ ਯੂਥ ਕਾਂਗਰਸ ਦੇ ਨਾਲ ਸਬੰਧਤ ਦੱਸੇ ਜਾਂਦੇ ਹਨ।

ਗੁਰਦਾਸਪੁਰ ਵਿਚ ਰੈਲੀ ਸ਼ੁਰੂ ਹੋਣ ਮਗਰੋਂ ਜਿਸ ਸਮੇਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਆਪਣਾ ਭਾਸ਼ਣ ਦੇ ਰਹੇ ਸਨ ਤਾਂ ਪੰਡਾਲ ਵਿਚ ਮੌਜੂਦ ਕੁਝ ਨੌਜਵਾਨਾਂ ਨੇ ਆਪਣੀ ਜੇਬ ਵਿਚੋਂ ਕਾਲੀਆਂ ਝੰਡੀਆਂ ਕੱਢੀਆਂ ਤੇ ਪੀਐਮ ਨੂੰ ਦਿਖਾਉਣੀਆਂ ਸ਼ੁਰੂ ਕਰ ਦਿੱਤੀਆਂ। ਨਾਲ ਹੀ ਉਨ੍ਹਾਂ "ਚੋਰ ਹੈ, ਚੋਰ ਹੈ" ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਪੁਲਿਸ ਨੇ ਤੁਰੰਤ ਉਨ੍ਹਾਂ ਨੌਜਵਾਨਾਂ ਨੂੰ ਹਿਰਾਸਤ ਵਿਚ ਲੈ ਲਿਆ। ਬਾਅਦ ਵਿਚ ਪਤਾ ਲੱਗਾ ਕਿ ਉਹ ਕਾਂਗਰਸ ਦੇ ਵਿਦਿਆਰਥੀ ਵਿੰਗ ਐਨਐਸਯੂਆਈ ਦੇ ਕਾਰਕੁੰਨ ਸਨ।

### ਭਾਸ਼ਣ ਦੇ ਕੇ ਤੁਰਦੇ ਬਣੇ ਪਰ ਪੰਜਾਬ ਦੇ ਪੱਲੇ ਕੁਝ ਨਾ ਪਾਇਆ

ਪੰਜਾਬ ਵਿਚ ਦੋਹਾਂ ਪਾਰਟੀਆਂ ਦੀ ਹਾਲਤ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਹਾਲ ਹੀ ਦੀਆਂ ਪੰਚਾਇਤੀ ਚੋਣਾਂ ਵਿਚ ਬਾਦਲ ਪਿੰਡ ਵਿਚ ਹੀ ਅਕਾਲੀ ਦਲ ਦਾ ਉਮੀਦਵਾਰ ਸਰਪੰਚੀ ਦੀ ਚੋਣ ਹਾਰ ਗਿਆ। ਜ਼ਮੀਨੀ ਹਕੀਕਤ ਇਹ ਹੈ ਕਿ ਪੰਜਾਬ ਵਿਚ ਭਾਜਪਾ ਅਤੇ ਅਕਾਲੀ ਦਲ ਦੋਵੇਂ ਹੀ ਬੈਕਫੁੱਟ ਤੇ ਹਨ ਅਤੇ ਨੇੜਲੇ ਭਵਿੱਖ ਵਿਚ ਦੋਹਾਂ ਪਾਰਟੀਆਂ ਦੀ ਸਿਆਸੀ ਵਾਪਸੀ ਦੀ ਕੋਈ ਉਮੀਦ ਨਹੀਂ ਹੈ। ਦੋਹਾਂ ਦਾ ਪਾਰਟੀ ਕਾਡਰ ਦਾ ਮਨੋਬਲ ਡਿੱਗਿਆ ਹੋਇਆ ਹੈ ਅਤੇ ਦੁਚਿੱਤੀ ਵਿਚ ਹੈ। ਜਦੋਂ ਕੋਈ ਪ੍ਰਧਾਨ ਮੰਤਰੀ ਕਿਸੇ ਸੂਬਾ ਦਾ ਦੌਰਾ ਕਰਦਾ ਹੈ ਤਾਂ ਲੋਕਾਂ ਨੂੰ ਉਮੀਦ ਰਹਿੰਦੀ ਹੈ ਕਿ ਪ੍ਰਧਾਨ ਮੰਤਰੀ ਉਸ ਸੂਬੇ ਦੇ ਵਿਕਾਸ ਬਾਰੇ ਕੁਝ ਖ਼ਾਸ ਐਲਾਨ ਕਰੇਗਾ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਸੂਬੇ ਵਿਚ ਸਰਕਾਰ ਉਸ ਪਾਰਟੀ ਦੀ ਹੈ ਜੋ ਕੇਂਦਰ ਵਿਚ ਸੱਤਾਧਾਰੀ ਹੈ ਜਾਂ ਉਸ ਤੋਂ ਵਿਰੋਧੀ ਪਾਰਟੀ ਦੀ, ਕਿਉਂਕਿ ਪ੍ਰਧਾਨ ਮੰਤਰੀ ਨੂੰ ਸਾਰੇ ਸੂਬਿਆਂ ਦਾ ਸਰਬ-ਸਾਂਝਾ ਆਗੂ ਮੰਨਿਆ ਜਾਂਦਾ ਹੈ ਪਰ ਮੋਦੀ ਨੇ ਕੋਈ ਇਹੋ ਜਿਹਾ ਐਲਾਨ ਨਹੀਂ ਕੀਤਾ। ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਪ੍ਰਾਈਵੇਟ ਵਿੱਦਿਅਕ ਅਦਾਰਾ ਹੈ ਅਤੇ ਪੰਜਾਬ ਦਾ ਵਿੱਦਿਅਕ ਸੰਕਟ ਦਿਨੋ-ਦਿਨ ਡੂੰਘਾ ਹੁੰਦਾ ਜਾ ਰਿਹਾ ਹੈ। ਪੰਜਾਬ ਵਿਚ ਸਰਕਾਰੀ ਕਾਲਜਾਂ, ਮੈਡੀਕਲ ਕਾਲਜਾਂ, ਯੂਨੀਵਰਸਿਟੀਆਂ ਅਤੇ ਹੋਰ ਵਿੱਦਿਅਕ ਅਦਾਰਿਆਂ ਦੀ ਜ਼ਰੂਰਤ ਹੈ। ਇਸੇ ਤਰ੍ਹਾਂ ਸਰਕਾਰੀ ਖੇਤਰ ਦੀਆਂ ਯੂਨੀਵਰਸਿਟੀਆਂ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੀਆਂ ਹਨ ਤੇ ਬਹੁਤ ਸਾਰੀਆਂ ਥਾਵਾਂ 'ਤੇ ਪੜ੍ਹਾਉਣ ਵਾਲੇ ਪ੍ਰਾਧਿਆਪਕ ਠੇਕੇ 'ਤੇ ਹਨ। ਪ੍ਰਧਾਨ ਮੰਤਰੀ ਨੇ ਭਾਵੇਂ ਖੋਜ ਦੇ ਮਹੱਤਵ ਉੱਤੇ ਬਹੁਤ ਜ਼ੋਰ ਦਿੱਤਾ ਪਰ ਪੰਜਾਬ ਜਾਂ ਪੰਜਾਬ ਦੀਆਂ ਯੂਨੀਵਰਸਿਟੀਆਂ ਬਾਰੇ ਕੋਈ ਇਹੋ ਜਿਹਾ ਐਲਾਨ ਨਹੀਂ ਕੀਤਾ ਜਿਸ ਨਾਲ ਇਨ੍ਹਾਂ ਵਿਚ ਖੋਜ ਨੂੰ ਹੁਲਾਰਾ ਮਿਲ ਸਕਦਾ ਹੋਵੇ। ਗੁਰਦਾਸਪੁਰ ਸਰਹੱਦ ਨਾਲ ਲੱਗਦਾ ਜ਼ਿਲ੍ਹਾ ਹੈ ਤੇ ਸਰਹੱਦੀ ਖੇਤਰਾਂ ਵਿਚ ਵਸਦੇ ਲੋਕਾਂ ਨੂੰ ਤਰ੍ਹਾਂ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਏਥੋਂ ਦੇ ਕਿਸਾਨਾਂ ਨੂੰ ਕੰਡਿਆਲੀ ਤਾਰ ਤੋਂ ਪਾਰ ਆਪਣੀ ਜ਼ਮੀਨ ਵਿਚ ਖੇਤੀ ਕਰਨ ਵਾਸਤੇ ਬਹੁਤ ਔਕੜਾਂ ਝੱਲਣੀਆਂ ਪੈਂਦੀਆਂ ਹਨ। ਸ਼ਹਿਰਾਂ ਤੋਂ ਦੂਰ ਹੋਣ ਕਰਕੇ ਇਨ੍ਹਾਂ ਇਲਾਕਿਆਂ ਵਿਚ ਵਿੱਦਿਆ ਅਤੇ ਹੋਰ ਸਰਕਾਰੀ ਸਹੂਲਤਾਂ ਵੀ ਚੰਗੀ ਤਰ੍ਹਾਂ ਨਹੀਂ ਪਹੁੰਚਦੀਆਂ। ਇਸ ਲਈ ਇਸ ਖੇਤਰ ਦੇ ਲੋਕਾਂ ਨੂੰ ਵੀ ਉਮੀਦ ਰਹਿੰਦੀ ਹੈ ਕਿ ਸਰਕਾਰ ਸਰਹੱਦੀ ਲੋਕਾਂ ਲਈ ਕਿਸੇ ਵਿਸ਼ੇਸ਼ ਸਕੀਮ ਦਾ ਐਲਾਨ ਕਰੇਗੀ ਪਰ ਪ੍ਰਧਾਨ ਮੰਤਰੀ ਦਾ ਭਾਸ਼ਣ ਆਪਣੇ ਸਿਆਸੀ ਵਿਰੋਧੀਆਂ 'ਤੇ ਨਿਸ਼ਾਨਾ ਸਾਧਣ ਤੇ ਜਜ਼ਬਾਤੀ ਮਸਲਿਆਂ ਤਕ ਹੀ ਸੀਮਤ ਰਿਹਾ। ਪੰਜਾਬ ਵਿਚ ਕਿਸਾਨ ਕਰਜ਼ੇ ਮੁਆਫ਼ ਕਰਵਾਉਣ ਵਾਸਤੇ ਲੜਾਈ ਲੜ ਰਹੇ ਹਨ। ਕਿਸਾਨ ਖ਼ੁਦਕੁਸ਼ੀਆਂ ਦਾ ਰੁਝਾਨ ਵੀ ਠੱਲ੍ਹਣ ਦਾ ਨਾਂ ਨਹੀਂ ਲੈ ਰਿਹਾ। ਕੋਈ ਵੀ ਸੂਬਾ ਸਰਕਾਰ ਕੇਂਦਰੀ ਸਰਕਾਰ ਦੀ ਸਹਾਇਤਾ ਤੋਂ ਬਿਨਾਂ ਕਰਜ਼ਾ ਮੁਆਫ਼ੀ ਦੀ ਰਾਹ ਉੱਤੇ ਬਹੁਤ ਜ਼ਿਆਦਾ ਅਗਾਂਹ ਨਹੀਂ ਜਾ ਸਕਦੀ। ਪ੍ਰਧਾਨ ਮੰਤਰੀ ਨੇ ਭਾਵੇਂ ਸੰਨ 2022 ਤਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਤੇ ਜਿਣਸ ਲਈ ਵੱਧ ਮੁੱਲ ਦੇਣ ਬਾਰੇ ਦਾਅਵੇ ਦੁਹਰਾਏ ਪਰ ਕਿਸਾਨਾਂ ਨੂੰ ਕੋਈ ਠੋਸ ਰਾਹਤ ਦੇਣ ਬਾਰੇ ਐਲਾਨ ਨਹੀਂ ਕੀਤਾ। ਤਿੰਨ ਸੂਬਿਆਂ ਵਿਚ ਹਾਰਨ ਤੋਂ ਬਾਅਦ ਭਾਜਪਾ ਨੂੰ ਸਮਝਣਾ ਚਾਹੀਦਾ ਹੈ ਕਿ ਉਸ ਦੀ ਕੇਂਦਰੀ ਸਰਕਾਰ ਨੂੰ ਸਾਰਿਆਂ ਸੂਬਿਆਂ ਨੂੰ ਇਕ ਅੱਖ ਨਾਲ ਵੇਖਣਾ ਚਾਹੀਦਾ ਹੈ ਅਤੇ ਸਰਹੱਦੀ ਪ੍ਰਾਂਤ ਹੋਣ ਦੀ ਬਦੌਲਤ ਪੰਜਾਬ ਨੂੰ ਕੇਂਦਰੀ ਸਕੀਮਾਂ ਤੇ ਫੰਡਾਂ ਵਿਚੋਂ ਉਸ ਦਾ ਬਣਦਾ ਹਿੱਸਾ ਮਿਲਣਾ ਚਾਹੀਦਾ ਹੈ। ਪਰ ਮੋਦੀ ਸਰਕਾਰ ਨੇ ਪੰਜਾਬ ਨੂੰ ਫਿਰ ਅੱਖੋਂ ਪਰੋਖੇ ਕੀਤਾ ।ਇਸ ਮੌਕੇ ਕੇਂਦਰੀ ਮੰਤਰੀ ਬੀਬੀ ਹਰਸਿਮਰਤ ਕੌਰ ਬਾਦਲ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਭਾਜਪਾ ਪ੍ਰਧਾਨ ਸ਼ਵੇਤ ਮਲਿਕ, ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ, ਤਰੁਨ ਚੁੱਘ, ਬਲਵਿੰਦਰ ਸਿੰਘ ਭੂੰਦੜ, ਨਿਰਮਲ ਸਿੰਘ ਕਾਹਲੋਂ, ਬਿਕਰਮ ਸਿੰਘ ਮਜੀਠੀਆ, ਪ੍ਰੇਮ ਸਿੰਘ ਚੰਦੂਮਾਜਰਾ, ਗੁਲਜ਼ਾਰ ਸਿੰਘ ਰਣੀਕੇ, ਡਾ: ਦਲਜੀਤ ਸਿੰਘ ਚੀਮਾ, ਭਾਜਪਾ ਸਾਬਕਾ ਪ੍ਰਧਾਨ ਕਮਲ ਸ਼ਰਮਾ, ਅਵਿਨਾਸ਼ ਰਾਏ ਖੰਨਾ, ਸਵਰਨ ਸਲਾਰੀਆ ਆਦਿ ਹਾਜ਼ਰ ਸਨ।

### ਭਾਜਪਾ ਲਈ ਗੁਰਦਾਸਪੁਰ ਦੀ ਅਹਿਮੀਅਤ

ਸੰਨ 2014 ਦੀਆਂ ਆਮ ਚੋਣਾਂ ਦੇ ਅੰਕੜਿਆਂ ਉੱਤੇ ਜੇਕਰ ਗੌਰ ਕੀਤਾ ਜਾਵੇ ਤਾਂ ਅਕਾਲੀ ਦਲ ਤੇ ਭਾਜਪਾ ਨੇ ਸੂਬੇ ਦੀਆਂ 13 ਲੋਕ ਸਭਾ ਸੀਟਾਂ ਵਿੱਚੋਂ 6 ਸੀਟਾਂ ਜਿੱਤੀਆਂ ਸਨ। ਇਹਨਾਂ ਵਿੱਚੋਂ ਚਾਰ ਸੀਟਾਂ ਅਕਾਲੀ ਦਲ ਨੇ ਅਤੇ ਦੋ ਸੀਟਾਂ ਬੀਜੇਪੀ ਨੇ ਜਿੱਤੀਆਂ ਸਨ ਜਿਨ੍ਹਾਂ ਵਿਚ ਗੁਰਦਾਸਪੁਰ ਵੀ ਇਕ ਸੀ। ਭਾਜਪਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਗੱਲ ਤੋਂ ਭਲੀਭਾਂਤ ਜਾਣੂ ਹਨ ਕਿ ਗੁਰਦਾਸਪੁਰ ਇਲਾਕਾ ਰਾਜਨੀਤਿਕ ਤੌਰ ਉਤੇ ਉਸ ਲਈ ਪੰਜਾਬ ਦੀਆਂ ਬਾਕੀ ਥਾਵਾਂ ਤੋਂ ਕਾਫ਼ੀ ਚੰਗਾ ਹੈ।

ਇਸ ਦੇ ਗਵਾਹ ਪਾਰਟੀ ਦੇ ਮਰਹੂਮ ਸਾਂਸਦ ਵਿਨੋਦ ਖੰਨਾ ਸਨ ਜਿਨ੍ਹਾਂ ਨੇ ਚਾਰ ਵਾਰ ਇਸ ਇਲਾਕੇ ਤੋਂ ਸਾਂਸਦ ਵਜੋਂ ਪਾਰਟੀ ਲਈ ਜਿੱਤ ਦਰਜ ਕੀਤੀ। ਸੰਨ 2017 ਵਿਚ ਵਿਨੋਦ ਖੰਨਾ ਦੀ ਮੌਤ ਤੋਂ ਬਾਅਦ ਹੋਈ ਚੋਣ ਵਿਚ ਭਾਜਪਾ ਤੋਂ ਇਹ ਸੀਟ ਖੁੰਝ ਗਈ। ਇਸ ਸਮੇਂ ਇੱਥੋਂ ਕਾਂਗਰਸ ਦੇ ਸਾਂਸਦ ਸੁਨੀਲ ਜਾਖੜ ਲੋਕ ਸਭਾ ਮੈਂਬਰ ਹਨ। ਕਾਂਗਰਸ ਦੇ ਮੁਕਾਬਲੇ ਪਿਛਲੀ ਵਾਰ ਪਾਰਟੀ ਨੇ ਪੰਜਾਬ 'ਚ ਚੰਗਾ ਪ੍ਰਦਰਸ਼ਨ ਨਹੀਂ ਕੀਤਾ। ਗੁਰਦਾਸਪੁਰ ਕਿਉਂਕਿ ਭਾਜਪਾ ਦਾ ਗੜ੍ਹ ਰਿਹਾ ਹੈ ਅਤੇ ਇੱਥੇ ਪਾਰਟੀ ਵਿਚ ਨਵਾਂ ਜੋਸ਼ ਭਰਨ ਦੇ ਮਕਸਦ ਨਾਲ ਭਾਜਪਾ ਨੇ ਰੈਲੀ ਲਈ ਇਸ ਖੇਤਰ ਨੂੰ ਚੁਣਿਆ ਹੈ।

### ਸੁਖਬੀਰ ਬਾਦਲ ਦੇ ਲੰਮੇ ਭਾਸ਼ਣ ਤੋਂ ਅੱਕੇ ਲੋਕ

ਸੁਖਬੀਰ ਸਿੰਘ ਬਾਦਲ ਦਾ ਭਾਸ਼ਣ ਲੰਮਾ ਹੋ ਜਾਣ ਕਰਕੇ ਲੋਕ ਅੱਕ ਗਏ ਤੇ ਉਹ ਉਤਸ਼ਾਹ ਨਾਲ ਮੋਦੀ-ਮੋਦੀ ਦੇ ਨਾਅਰੇ ਲਗਾਉਣ ਲੱਗ ਪਏ। ਉੱਥੇ ਮੌਜੂਦ ਲੋਕਾਂ ਨੇ ਕਿਹਾ ਕਿ ਉਹ ਮੋਦੀ ਨੂੰ ਸੁਣਨ ਲਈ ਪਹੁੰਚੇ ਹਨ ਪਰ ਸੁਖਬੀਰ ਆਪਣਾ ਭਾਸ਼ਣ ਖ਼ਤਮ ਹੀ ਨਹੀਂ ਕਰ ਰਹੇ ਸਨ। ਜਦੋਂ ਲੋਕਾਂ ਦੇ ਇਸ ਰੋਹ ਨੂੰ ਸਟੇਜ 'ਤੇ ਬੈਠੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਸ਼ਵੇਤ ਮਲਿਕ ਸਮੇਤ ਹੋਰ ਲੀਡਰਸ਼ਿਪ ਨੇ ਦੇਖਿਆ ਤਾਂ ਸ਼ਵੇਤ ਮਲਿਕ ਨੇ ਸਟੇਜ ਸਕੱਤਰ ਰਾਕੇਸ਼ ਰਾਠੌਰ ਨੂੰ ਇਸ਼ਾਰੇ ਨਾਲ ਕੋਲ ਬੁਲਾ ਕੇ ਕੰਨ 'ਚ ਕੁਝ ਕਿਹਾ ਜਿਸ ਉਪਰੰਤ ਰਾਕੇਸ਼ ਰਾਠੌਰ ਵਲੋਂ ਇਕ ਪਰਚੀ 'ਤੇ ਕੁਝ ਲਿਖ ਕੇ ਸੁਖਬੀਰ ਦੇ ਮੂਹਰੇ ਰੱਖ ਦਿੱਤਾ ਜਿਸ ਤੋਂ ਬਾਅਦ ਸੁਖਬੀਰ ਨੇ ਆਪਣਾ ਭਾਸ਼ਣ ਜਲਦ ਖ਼ਤਮ ਕਰ ਦਿੱਤਾ।

### ਕੋਈ ਨਵਾਂ ਐਲਾਨ ਨਾ ਕੀਤੇ ਜਾਣ ਕਾਰਨ ਲੋਕ ਮਾਯੂਸ

ਮੋਦੀ ਦੀ ਗੁਰਦਾਸਪੁਰ 'ਚ ਹੋਈ ਉਨ੍ਹਾਂ ਦੀ ਪਹਿਲੀ ਰੈਲੀ ਤੋਂ ਲੋਕਾਂ ਨੂੰ ਬਹੁਤ ਆਸਾਂ ਸਨ। ਕਈ ਦਿਨਾਂ ਤੋਂ ਲੋਕ ਅੰਦਾਜ਼ੇ ਲਗਾ ਰਹੇ ਸਨ ਕਿ ਪ੍ਰਧਾਨ ਮੰਤਰੀ ਪੰਜਾਬ ਜਾਂ ਗੁਰਦਾਸਪੁਰ ਲਈ ਕੁਝ ਖ਼ਾਸ ਨਵਾਂ ਐਲਾਨ ਕਰਕੇ ਜਾਣਗੇ ਜਿਸ ਨੂੰ ਲੈ ਕੇ ਲੋਕ ਬਹੁਤ ਉਤਸ਼ਾਹਿਤ ਸਨ ਪਰ ਮੋਦੀ ਵਲੋਂ ਸਿਰਫ਼ ਆਪਣੀਆਂ ਪ੍ਰਾਪਤੀਆਂ ਤੇ ਪੁਰਾਣੇ ਪ੍ਰਾਜੈਕਟਾਂ ਨੂੰ ਹੀ ਗਿਣਾਇਆ ਗਿਆ। ਜਦੋਂ ਕਿ ਗੁਰਦਾਸਪੁਰ ਜਾਂ ਪੰਜਾਬ ਲਈ ਕੋਈ ਨਵਾਂ ਐਲਾਨ ਨਹੀਂ ਕੀਤਾ, ਜਿਸ ਕਾਰਨ ਲੋਕਾਂ ਵਿਚ ਮਾਯੂਸੀ ਦਾ ਆਲਮ ਦੇਖਣ ਨੂੰ ਮਿਲਿਆ।

## ਗਲਤ ਬਿਆਨੀ ਤੇ ਫਰੇਬ ਕਰਨ ਦਾ ਮਾਹਿਰ ਹੈ ਮੋਦੀ : ਕੈਪਟਨ

ਚੰਡੀਗੜ੍ਹ/ਬਿਊਰੋ ਨਿਊਜ਼ : ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਗਲਤ ਬਿਆਨੀ ਅਤੇ ਫਰੇਬ ਕਰਨ ਦਾ ਮਾਹਰ ਗਰਦਾਨਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਨੂੰ ਆਪਣੇ ਪਿਛਲੇ ਪੰਜ ਸਾਲਾਂ ਦੇ ਸਮੇਂ ਦੌਰਾਨ ਆਪਣੀ ਸਰਕਾਰ ਵੱਲੋਂ ਇੱਕ ਵੀ ਵਾਅਦੇ ਨੂੰ ਪੂਰਾ ਕੀਤੇ ਹੋਣ ਨੂੰ ਦਿਖਾਉਣ ਦੀ ਚੁਣੌਤੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੀਆਂ ਲੋਕ-ਵਿਰੋਧੀ ਅਤੇ ਫੁੱਟਪਾਊ ਨੀਤੀਆਂ ਕਾਰਨ ਦੇਸ਼ ਵਿਨਾਸ਼ ਅਤੇ ਤਬਾਹੀ ਵੱਲ ਗਿਆ ਹੈ। ਗੁਰਦਾਸਪੁਰ ਵਿਖੇ ਪ੍ਰਧਾਨ ਮੰਤਰੀ ਵੱਲੋਂ ਬੋਲੇ ਝੂਠ-ਦਰ-ਝੂਠ ਨੂੰ ਸਿੱਧੇ ਹੋ ਕੇ ਟੱਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ 'ਜੁਮਲੇਬਾਜ਼' ਪ੍ਰਧਾਨ ਮੰਤਰੀ ਨੇ ਛਲ, ਕਪਟ ਅਤੇ ਪਖੰਡ ਦੇ ਨਾਲ ਦੇਸ਼ ਨੂੰ ਨਿਵਾਣਾਂ 'ਤੇ ਲੈ ਆਂਦਾ ਹੈ, ਜਿਸ ਕਰਕੇ ਲੋਕਾਂ ਨੇ ਉਨ੍ਹਾਂ ਨੂੰ ਆਪਣੇ ਚੰਗੇ ਭਵਿੱਖ ਲਈ ਸੱਤਾ ਤੋਂ ਲਾਂਭੇ ਕਰਨ ਦਾ ਮਨ ਬਣਾ



ਲਿਆ ਹੈ। ਗੁਰਦਾਸਪੁਰ ਵਿਖੇ ਮੋਦੀ ਵੱਲੋਂ ਦਿੱਤੇ ਗਏ ਹਰ ਇਕ ਬਿਆਨ ਦਾ ਤੋੜ ਪੇਸ਼ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਆਉਂਦੀਆਂ ਲੋਕ ਸਭਾ ਚੋਣਾਂ ਵਿਚ ਆਪਣੀ ਪੱਕੀ ਹਾਰ ਨੂੰ ਦੇਖਦੇ ਹੋਏ ਪ੍ਰਧਾਨ ਮੰਤਰੀ ਬੁਰੀ ਤਰ੍ਹਾਂ ਨਿਰਾਸ਼ਾ ਵਿਚ ਚਲੇ ਗਏ ਹਨ ਅਤੇ ਉਹ ਲੋਕਾਂ ਨੂੰ ਗੁੰਮਰਾਹ ਕਰਨ ਦੀਆਂ ਨਿਰਾਸ਼ਾਜਨਕ ਕੋਸ਼ਿਸ਼ਾਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮੋਦੀ ਨੇ ਇਕ ਵਾਰੀ ਫਿਰ ਸੰਨ 1984 ਦੇ ਸਿੱਖ ਕਤਲੇਆਮ ਅਤੇ ਕਰਤਾਰਪੁਰ ਲਾਂਘੇ ਤੋਂ ਲੈ ਕੇ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਦੇ ਹਰ ਮੁੱਦੇ ਉੱਤੇ ਝੂਠ ਬੋਲਿਆ ਅਤੇ ਉਹ ਆਪਣੀਆਂ

ਬਾਕੀ ਸਫ਼ਾ 28 'ਤੇ

ਅੰਮ੍ਰਿਤਸਰ ਟਾਈਮਜ਼ AMRITSAR TIMES
09 ਜਨਵਰੀ 2019 ਤੋਂ 15 ਜਨਵਰੀ 2019

## ਧੀਆਂ ਦੀ ਲੋਹੜੀ ਤੇ ਟੁੱਟੀ-ਗੰਢਣ ਦਾ ਦਿਨ

**-ਮਨਜੀਤ ਸਿੰਘ ਟਿਵਾਣਾ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦਾ ਸਾਰ ਤੱਤ ਅਤੇ ਸਿੱਖ ਗੁਰੂ ਸਾਹਿਬਾਨਾਂ ਦਾ ਜੀਵਨ ਆਚਾਰ-ਵਿਵਹਾਰ ਸਾਨੂੰ ਹਰ ਦਿਨ-ਵਾਰ, ਤਿੱਥ-ਤਿਉਹਾਰ ਤੇ ਜੰਮਣ ਤੋਂ ਮਰਨ ਤਕ ਦੇ ਹਰ ਸੰਸਕਾਰ ਵਾਸਤੇ ਸੱਚ-ਕਰਮ ਨਿਭਾਉਣ ਦਾ ਰਸਤਾ ਦਿਖਾਉਂਦਾ ਹੈ। ਭਾਰਤੀ ਤੇ ਖਾਸ ਕਰਕੇ ਪੰਜਾਬੀ ਰਹਿਤਲ ਦੇ ਤਿਉਹਾਰਾਂ ਬਾਰੇ ਆਪਣੇ ਸਿੱਖਾਂ ਨੂੰ ਸੁਚੱਜੀ ਪਹੁੰਚ ਅਪਨਾਉਣ ਵਾਸਤੇ ਗੁਰੂ ਪਿਤਾ ਨੇ ਸਾਨੂੰ ਕਦੇ ਸਿੱਧੇ ਰੂਪ ਵਿਚ ਤਾਕੀਦ ਕੀਤੀ ਹੈ ਤੇ ਕਦੇ ਗੁਰਬਾਣੀ ਵਿਚਾਰ ਤੇ ਆਪਣੇ ਜੀਵਨ ਰਾਹੀਂ ਸੂਖਮ ਰੂਪ ਵਿਚ ਸਾਨੂੰ ਦਿਸ਼ਾ ਦਿਖਾਈ ਹੈ। ਸਰਦ ਰੁੱਤ ਦੇ 'ਲੋਹੜੀ' ਦੇ ਤਿਉਹਾਰ ਤੇ ਮਾਘੀ ਦੇ ਦਿਹਾੜੇ ਮੌਕੇ ਵੀ ਸਿੱਖ ਇਤਿਹਾਸ ਸਾਨੂੰ ਆਪਣੇ ਜੀਵਨ ਵਿਚ ਪਸਰੇ ਅਗਿਆਨ ਤੇ ਦੁਖਾਂ ਦੇ ਹਨੇਰੇ ਤੋਂ ਪਾਰ ਲੈ ਜਾਣ ਵਿਚ ਸਹਾਈ ਹੁੰਦਾ ਹੈ।

'ਲੋਹੜੀ' ਕਦੇ ਪੰਜਾਬੀਆਂ ਲਈ ਰੁੱਤ ਬਦਲਨ ਦੇ ਸੰਕੇਤ ਦਾ ਤਿਉਹਾਰ ਸੀ। ਸਾਡੇ ਬਹੁਤੇ ਤਿਉਹਾਰ ਮੂਲ ਰੂਪ 'ਚ ਰੁੱਤਾਂ ਦੇ ਬਦਲਣ ਦੇ ਪ੍ਰਤੀਕ ਵਜੋਂ ਹੀ ਹੋਂਦ 'ਚ ਆਏ ਹੋਏ ਹਨ। ਵਿਸਾਖੀ, ਬਸੰਤ ਪੰਚਮੀ ਤੇ ਹੋਲੀ ਆਦਿ ਵੀ ਇਸੇ ਲੜੀ ਅਧੀਨ ਆਉਂਦੇ ਹਨ। ਸਮਾਂ ਬੀਤਣ ਨਾਲ ਇਨਾਂ ਤਿਉਹਾਰਾਂ ਨੂੰ ਮਨਾਉਣ ਤੇ ਰੰਗਾਂ-ਢੰਗਾਂ ਵਿਚ ਵਿਕਾਰ ਵੀ ਆਉਂਦੇ ਗਏ ਤੇ ਕਈ ਹੋਰ ਮਿੱਥਕ ਕਹਾਣੀਆਂ ਜੁੜ ਜਾਣ ਕਰਕੇ ਇਹ ਆਪਣਾ ਰੂਪ ਵੀ ਵਟਾਉਂਦੇ ਗਏ। 'ਲੋਹੜੀ' ਦੇ ਤਿਉਹਾਰ ਨਾਲ ਵੀ ਅਜਿਹਾ ਕੁਝ ਹੀ ਵਾਪਰਿਆ ਜਦੋਂ ਇਹ ਮਰਦ ਪ੍ਰਧਾਨ ਸਮਾਜ ਦੇ ਪ੍ਰਭਾਵ ਅਧੀਨ ਕਿਸੇ ਨੂੰਹ-ਧੀ ਦੀ ਕੁੱਖ ਵਿਚੋਂ ਸਿਰਫ ਮੁੰਡਾ ਜੰਮਣ ਦੀਆਂ ਖੁਸ਼ੀਆਂ ਮਨਾਉਣ ਤਕ ਸੀਮਤ ਕਰ ਦਿੱਤਾ ਗਿਆ। 'ਲੋਹੜੀ' ਨੂੰ ਕਿਸੇ ਪਰਿਵਾਰ 'ਚ ਮੁੰਡੇ ਦੇ ਪੈਦਾ ਹੋਣ ਦੀ ਖੁਸ਼ੀ ਅਤੇ 'ਦੁੱਲਾ-ਭੱਟੀ' ਵਾਲੀ ਪੰਜਾਬੀ ਅਣਖ਼ ਨਾਲ ਜੋੜ ਕੇ ਮਨਾਇਆ ਜਾਂਦਾ ਹੈ। ਸਾਡੇ ਸਿਆਣਿਆਂ ਨੇ ਇਸ ਤਿਉਹਾਰ ਨੂੰ ਕੜਾਕੇ ਦੀ ਸਰਦੀ ਦੇ ਲੋਹੜੇ ਦਾ ਘਰ-ਘਰ, ਹਰ ਗਲੀ-ਮੁਹੱਲੇ ਵਿਚ ਅੱਗ ਬਾਲ ਕੇ ਮੁਕਾਬਲਾ ਕਰਨ ਦੀ ਭਾਵਨਾ ਨੂੰ ਦਰਸਾਉਣ ਦਾ ਪ੍ਰਤੀਕ ਵੀ ਬਣਾਇਆ ਹੈ। ਕਿਸੇ ਵੇਲੇ ਬਿਪਰਵਾਦੀ ਸੋਚ ਨੇ ਆਪਣੇ ਤੁੱਛ ਸਵਾਰਥ ਲਈ ਅਜਿਹੀਆਂ ਬਹੁਤ ਸਾਰੀਆਂ ਕੂੜ ਕਹਾਣੀਆਂ ਧਰਮ ਦੇ ਨਾਮ ਹੇਠ ਸਾਡੇ ਲੋਕਾਂ ਦੀ ਭੋਲੀ-ਭਾਲੀ ਸੋਚ ਅੰਦਰ ਇਸ ਕਦਰ ਘੁਸੇੜੀਆਂ ਕਿ ਇਹ ਸਾਡੇ ਲਹੂ ਵਿਚ ਰਚ ਗਈਆਂ। ਸਾਡੇ ਸਮਾਜ 'ਚ ਮੁੰਡਾ ਪੈਦਾ ਹੋਣ ਨੂੰ ਪਿੱਤਰਾਂ ਦੀ ਮੁਕਤੀ ਹੋਣ ਵਿਚ ਸਹਾਈ ਹੋਣ ਤਕ ਦੀਆਂ ਤਰਕਹੀਣ, ਮਨੋ-ਕਲਪਿਤ ਕਹਾਣੀਆਂ ਨਾਲ ਜੋੜ ਦਿੱਤਾ ਗਿਆ। ਇਸ ਤਰ੍ਹਾਂ 'ਲੋਹੜੀ' ਸਿਰਫ਼ ਮੁੰਡੇ ਜੰਮਣ ਦੀ ਖੁਸ਼ੀ ਤਕ ਸੀਮਤ ਹੋ ਗਈ। ਅੱਗੇ ਜਾ ਕੇ ਕੁੜੀਆਂ ਨੂੰ ਜੰਮਦਿਆਂ ਹੀ ਮਾਰ ਦੇਣ ਦੀ ਅਲਾਮਤ ਇਸੇ ਭੈੜੀ ਸੋਚ ਵਿਚੋਂ ਜਨਮੀ। 'ਲੋਹੜੀ' ਤੋਂ ਅਗਲੇ ਦਿਨ ਦੇਸੀ ਮਹੀਨੇ ਮਾਘ ਦੀ ਸੰਗਰਾਂਦ ਵਾਲੇ ਦਿਨ 'ਮਾਘੀ' ਮਨਾਈ ਜਾਂਦੀ ਹੈ। ਸਿੱਖ ਇਤਿਹਾਸ ਵਿਚ ਇਹ ਦਿਨ ਸਿੱਖਾਂ ਦੀ ਗੁਰੂ ਨਾਲੋਂ ਟੁੱਟੀ ਗੰਢਣ ਦਾ ਗਵਾਹ ਹੈ।

ਗੁਰੂ ਪਿਤਾ ਨੇ ਸਾਰੇ ਸਮਾਜ ਅਤੇ ਆਪਣੇ ਸਿੱਖਾਂ ਨੂੰ ਕੁੜੀ ਮਾਰਨ ਦੀ ਗੈਰ-ਮਾਨਵੀ, ਅਸਭਿਅਕ ਤੇ ਕਰੂਰਤਾ ਭਰੀ ਅਲਾਮਤ ਤੋਂ ਬਚਾਉਣ ਲਈ ਵੱਡਾ ਕਾਰਜ ਕੀਤਾ ਹੈ। ਪਹਿਲੀ ਪਾਤਸ਼ਾਹੀ ਗੁਰੂ ਨਾਨਕ ਸਾਹਿਬ ਨੇ ਪਹਿਲੀ ਵਾਰ ਔਰਤ ਜਾਤੀ ਦੇ ਸਵੈਮਾਣ ਨੂੰ ਜਗਾਉਂਦਿਆਂ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ।।' ਦਾ ਸ਼ਬਦ ਉਚਾਰਿਆ, ਗ੍ਰਹਿਸਤ ਧਰਮ ਨੂੰ ਉਤਮਤਾ ਦਾ ਦਰਜਾ ਦੇਣ ਦਾ ਇਕ ਭਾਵ ਉਸ ਸਮੇਂ ਦੇ ਸਮਾਜ ਵਿਚ ਔਰਤ ਜਾਤੀ ਨੂੰ ਹਿਕਾਰਤ ਨਾਲ ਦੇਖੇ ਜਾਣ ਦੀ ਸੋਚ ਦਾ ਮੂੰਹ ਭੰਨਣਾ ਵੀ ਸੀ।

ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਤਾਂ ਆਪਣੇ ਸਿੱਖਾਂ ਨੂੰ ਲਿਖਤੀ ਤੌਰ 'ਤੇ ਹੁਕਮਨਾਮਾ ਜਾਰੀ ਕਰਕੇ ਕੁੜੀਮਾਰਾਂ ਨਾਲ ਰੋਟੀ-ਬੇਟੀ ਤਕ ਦੀ ਸਾਂਝ ਨਾ ਰੱਖਣ, ਭਾਵ ਅਜਿਹੇ ਲੋਕਾਂ ਦੇ ਸਮਾਜਿਕ ਬਾਈਕਾਟ ਦੀ ਤਾਕੀਦ ਕੀਤੀ ਗਈ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕੁੱਲ ਚੌਂਤੀ ਹੁਕਮਨਾਮੇ ਮੰਨੇ ਗਏ ਹਨ, ਜਿਨ੍ਹਾਂ ਵਿਚੋਂ ਇਕ ਵਿਚ ਹੋਰ ਕਈ ਸਾਰੀਆਂ ਹਦਾਇਤਾਂ ਦੇ ਨਾਲ ਹੀ ਸਿੱਖਾਂ ਨੂੰ ਕੁੜੀ ਮਾਰਨ ਦੀ ਕੁਰਹਿਤ ਤੋਂ ਸਖਤੀ ਨਾਲ ਵਰਜਿਆ ਗਿਆ ਹੈ। 26 ਜੇਠ ਸੰਮਤ 1756 ਨੂੰ ਦਸਵੇਂ ਗੁਰੂ ਦੇ ਨਾਮ ਹੇਠ ਜਾਰੀ ਮਿਲਦੇ ਇਸ ਹੁਕਮਨਾਮੇ ਵਿਚ "..... ਮਾਸ ਖਾਵੈ ਨਾਹੀ । ਤਮਾਕੂ ਨਾ ਵਰਤਣਾ । ਭਾਦਣੀ ਤਥਾ ਕੰਨਿਯਾ ਮਾਰਨ ਵਾਲੇ ਸੇ ਮੇਲ ਨਾ ਰਖੋ।" ਦਰਜ ਹੈ।

ਅੱਜ ਭਾਵੇਂ ਮਨੁੱਖ ਦੀ ਸੋਚ ਵਿਚ ਪਹਿਲਾਂ ਨਾਲੋਂ ਕਈ ਪੱਖਾਂ ਵਿਚ ਨਿਖਾਰ ਵੀ ਆਇਆ ਹੈ। ਹੁਣ ਸਾਡੇ ਸਮਾਜ ਵਿਚ ਧੀਆਂ ਦੀ ਲੋਹੜੀ ਵੀ ਮਨਾਉਣੀ ਕਿਤੇ-ਕਿਤੇ ਸ਼ੁਰੂ ਹੋ ਗਈ ਹੈ। ਸਵਾਲ ਇਹ ਵੀ ਹੈ ਕਿ ਧੀਆਂ ਦੀ ਲੋਹੜੀ ਮਨਾਉਣ ਨਾਲ ਅਸੀਂ ਮੁੰਡੇ ਜੰਮਣ ਦੀ ਲਾਲਸਾ ਨਾਲ ਗ੍ਰਸੀ ਸੋਚ ਨੂੰ ਕਿੰਨਾ ਕੁ ਬਦਲ ਸਕੇ ਹਾਂ ? ਅੰਕੜਿਆਂ ਮੁਤਾਬਕ ਪੰਜਾਬ 'ਚ ਮੁੰਡੇ-ਕੁੜੀਆਂ ਦੀ ਅਨੁਪਾਤ 'ਚ ਹਜ਼ਾਰ ਪਿੱਛੇ 137 ਦਾ ਫ਼ਰਕ ਹਾਲਾਂ ਵੀ ਹੈ। ਹੁਣ ਕੁੜੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਕੁੱਖਾਂ ਵਿਚ ਹੀ ਮਾਰਨ ਦਾ ਰਿਵਾਜ਼ ਹੈ। ਕਾਫੀ ਸਾਰੇ ਪਰਚਾਰ ਕਾਰਨ ਬਹੁਤ ਥੋੜ੍ਹਾ ਅਸਰ ਹੋਇਆ ਹੈ। ਇਕ ਪਾਸੇ ਸਾਡੇ ਪੰਜਾਬ ਉਤੇ ਕੁੜੀਮਾਰ ਹੋਣ ਦਾ ਕਲੰਕ ਲੱਗ ਰਿਹਾ ਹੈ, ਦੂਜੇ ਪਾਸੇ ਇਸ ਤਰ੍ਹਾਂ ਕਰਕੇ ਅਸੀਂ ਗੁਰੂ-ਪਿਤਾ ਨੂੰ ਵੀ ਬੇਦਾਵਾ ਦੇ ਰਹੇ ਹਾਂ। ਜਿਹੜੇ ਤਿਉਹਾਰ ਸਾਡੇ ਸੱਭਿਆਚਾਰ ਨਾਲ ਗੂੜ੍ਹੇ ਰੂਪ ਵਿਚ ਜੁੜੇ ਹੋਏ ਹਨ, ਉਨ੍ਹਾਂ ਤਿਉਹਾਰਾਂ ਨੂੰ ਮਨਾਉਂਦੇ ਸਮੇਂ ਸਾਨੂੰ ਇਹ ਲੇਖਾ-ਜੋਖਾ ਤਾਂ ਕਰ ਹੀ ਲੈਣਾ ਚਾਹੀਦਾ ਹੈ ਕਿ ਆਖ਼ਰ ਅਸੀਂ ਕਿੱਥੇ ਖੜ੍ਹੇ ਹਾਂ ? ਸਾਡੇ ਪੁਰਖਿਆਂ ਦਾ ਉਹ ਇਖਲਾਕ, ਜਿਸ ਨੇ ਸਾਨੂੰ ਅਸਲੋਂ ਪਰਮ ਮਨੁੱਖ ਬਣਨ ਦੇ ਰਾਹ ਉਤੇ ਚੱਲਣ ਦੀ ਸ਼ਕਤੀ ਦਿੱਤੀ ਸੀ, ਉਹ ਹੁਣ ਕਿਥੇ ਗੁੰਮ ਗਿਆ ਹੈ ? ਕਦਰਾਂ-ਕੀਮਤਾਂ ਜਿਹੜੀਆਂ ਸਾਡੀ ਕੌਮ ਨੇ ਸੰਘਰਸ਼ ਕਰਕੇ, ਨਿਖਾਰੀਆਂ ਸਨ, ਉਹ ਆਖ਼ਰ ਮਾਂਦ ਕਿਉਂ ਪੈਂਦੀਆਂ ਜਾ ਰਹੀਆਂ ਹਨ ? ਸ਼ਾਇਦ ਅਸੀਂ ਆਪਣੇ ਮੂਲ ਨਾਲੋਂ ਟੁੱਟ ਕੇ ਆਪਣੀ ਹੋਂਦ ਗੁਆਉਣ ਵੱਲ ਨਿਰੰਤਰ ਵਧਦੇ ਜਾ ਰਹੇ ਹਾਂ। ਅਸੀਂ ਤਾਂ ਨਿੱਤ ਦਿਨ ਗੁਰੂ ਤੋਂ ਬੇਮੁੱਖ ਹੋ ਕੇ ਬੇਦਾਵਿਆਂ ਦੇ ਅੰਬਾਰ ਸਿਰਜਦੇ ਜਾ ਰਹੇ ਹਾਂ। 'ਲੋਹੜੀ' ਜਾਂ 'ਮਾਘੀ' ਦੀ ਸਾਰਥਿਕਤਾ ਤਾਂ ਹੀ ਮੰਨੀ ਜਾ ਸਕਦੀ ਹੈ, ਜੇ ਅਸੀਂ ਇਨ੍ਹਾਂ ਦਿਹਾੜਿਆਂ ਉਤੇ ਗੁਰੂ ਨਾਲੋਂ ਟੁੱਟੀ ਗੰਢਣ ਦਾ ਯਤਨ ਕਰੀਏ। ਆਓ ਗੁਰੂ ਪਿਤਾ ਅੱਗੇ ਅਰਦਾਸ ਕਰੀਏ ਕਿ ਸਾਡੇ ਚੇਤਿਆਂ ਦਾ 'ਮੁਕਤਸਰ' ਸਾਨੂੰ ਸਾਡੀ ਮੁਕਤੀ ਦਾ ਬਰ ਦੇਵੇ।

# ਭਾਰਤ ਦੀ ਮੋਦੀ ਹਕੂਮਤ ਦੇ ਪੌਣੇ ਪੰਜ ਵਰ੍ਹਿਆਂ ਦਾ ਲੇਖਾ-ਜੋਖਾ

**ਮੋਦੀ ਸਰਕਾਰ ਨੇ ਤਾਂ ਪਿਛਲੇ ਸਾਲਾਂ ਵਿਚ ਨੋਟਬੰਦੀ ਅਤੇ ਜੀਐੱਸਟੀ ਵਰਗੇ ਕਥਿਤ ਆਰਥਿਕ ਸੁਧਾਰ ਕਰਕੇ ਦਰਮਿਆਨੇ ਅਤੇ ਹੇਠਲੇ ਵਰਗ ਨੂੰ ਬਿਲਕੁੱਲ ਭੁੰਝੇ ਲਾਹ ਦਿੱਤਾ ਹੈ। ਇਸ ਸਮੇਂ ਵਿਚ ਜਿਵੇਂ ਮਹਿੰਗਾਈ, ਬੇਰੁਜ਼ਗਾਰੀ, ਔਰਤਾਂ ਦੀ ਬੇਪਤੀ ਵਧੀ ਹੈ, ਪ੍ਰਸ਼ਾਸਨ ਦੀ ਰਫ਼ਤਾਰ ਢਿੱਲੀ ਹੋਈ ਹੈ ਅਤੇ ਆਮ ਲੋਕਾਂ ਅਤੇ ਸਰਕਾਰ ਵਿਚ ਜਿਵੇਂ ਬੇਵਿਸ਼ਵਾਸੀ ਵਧੀ ਹੈ, ਅਜਿਹਾ ਪਹਿਲਾਂ ਕਦੇ ਘੱਟ ਹੀ ਵੇਖਣ ਵਿਚ ਆਇਆ ਹੈ।**



**ਸ਼ੰਗਾਰਾ ਸਿੰਘ ਭੁੱਲਰ**
(ਫੋਨ : 98141-22870)

ਭਾਰਤ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨੇ ਲਗਭਗ ਪੌਣੇ ਪੰਜ ਵਰ੍ਹੇ ਪੂਰੇ ਕਰ ਲਏ ਹਨ। ਪੰਜਵੇਂ ਅਤੇ ਆਖਰੀ ਵਰ੍ਹੇ



ਵਿਚ ਹੁਣ ਚੋਣ ਪਿੜ ਸਜਣ ਵਾਲਾ ਹੈ। ਉਂਜ ਤਾਂ ਉਨ੍ਹਾਂ ਨੂੰ ਜਦੋਂ ਵੀ ਕਦੀ ਮੌਕਾ ਮਿਲਦਾ ਹੈ ਤਾਂ ਇਹ ਕਹਿ ਕੇ ਆਪਣੀ ਪਿੱਠ ਥਾਪੜਨੋਂ ਨਹੀਂ ਮੁੜਦੇ ਕਿ ਜਿੰਨਾ ਕੰਮ ਉਨ੍ਹਾਂ ਦੀ ਸਰਕਾਰ ਨੇ ਕੀਤਾ ਹੈ, ਏਨਾ ਤਾਂ ਹਿੰਦੁਸਤਾਨ ਦੀਆਂ ਦੂਜੀਆਂ ਸਰਕਾਰਾਂ ਨੇ ਕਦੀ ਵੀ ਨਹੀਂ ਕੀਤਾ। ਸਾਫ ਜ਼ਾਹਿਰ ਹੈ ਕਿ ਉਨ੍ਹਾਂ ਦਾ ਵਿਅੰਗ ਅਕਸਰ ਅਤੇ ਵਿਸ਼ੇਸ਼ ਕਰਕੇ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ 'ਤੇ ਹੁੰਦਾ ਹੈ । ਇਸੇ ਦੌਰਾਨ ਮੋਦੀ ਸਰਕਾਰ ਨੇ ਆਪਣੀਆਂ ਚਾਰ ਸਾਲਾ ਪ੍ਰਾਪਤੀਆਂ ਦਾ ਇਕ ਚਿੱਠਾ ਪਿਛੇ ਜਿਹੇ ਅਖਬਾਰਾਂ ਦੇ ਪਹਿਲੇ ਪੰਨੇ 'ਤੇ ਪੂਰੇ ਸਫ਼ੇ ਦਾ ਇਸ਼ਤਿਹਾਰ ਛਪਾ ਕੇ ਪੇਸ਼ ਕੀਤਾ ਸੀ। ਉਨ੍ਹਾਂ ਲਈ ਇਹ ਕੰਮ ਮੂਲੋਂ ਹੀ ਨਵਾਂ ਨਹੀਂ। ਉਹ ਪਹਿਲੇ ਦਿਨੋਂ ਹੀ ਸਿੱਧੇ ਅਸਿੱਧੇ ਤੌਰ 'ਤੇ ਮੀਡੀਆ ਦੇ ਇਕ ਵੱਡੇ ਹਿੱਸੇ ਤੋਂ ਅਜਿਹੇ ਢੰਗ ਤਰੀਕਿਆਂ ਨਾਲ ਫਾਇਦਾ ਚੁੱਕਦੇ ਰਹੇ ਹਨ। ਮੋਦੀ ਸਰਕਾਰ ਦਾ ਜੋ ਇਸ਼ਤਿਹਾਰ ਪ੍ਰਕਾਸ਼ਤ ਕੀਤਾ ਗਿਆ ਸੀ, ਇਸ 'ਤੇ ਸਰਸਰੀ ਜਿਹੀ ਨਜ਼ਰ ਮਾਰਿਆਂ ਵੀ ਸਪੱਸ਼ਟ ਹੋਵੇਗਾ ਕਿ ਉਨ੍ਹਾਂ ਨੇ ਦੁਨੀਆ ਜਹਾਨ ਦਾ ਕੋਈ ਐਸਾ ਕੰਮ, ਵਿਉਂਤ ਜਾਂ ਘੋਸ਼ਣਾ ਨਹੀਂ ਛੱਡੀ ਜਿਹੜੀ ਹਿੰਦੁਸਤਾਨ ਵਿਚ ਸ਼ੁਰੂ ਨਹੀਂ ਕੀਤੀ ਗਈ ਦੱਸੀ ਅਤੇ ਜਿਸ ਦਾ ਲੋਕਾਂ ਨੂੰ ਫਾਇਦਾ ਨਹੀਂ ਹੋਇਆ। ਲਗਦੇ ਹੱਥ ਇਹ ਵੀ ਸਾਫ ਕਰ ਦਿੱਤਾ ਗਿਆ ਕਿ ਜੋ ਯੋਗਦਾਨ ਜਾਂ ਸਕੀਮਾਂ ਲਾਗੂ ਨਹੀਂ ਹੋਈਆਂ, ਉਹ ਆਉਣ ਵਾਲੇ ਸਮੇਂ ਵਿਚ ਯਕੀਨਨ ਅਮਲ ਵਿਚ ਲਿਆਂਦੀਆਂ ਜਾਣਗੀਆਂ। ਇਹ ਸਾਰਾ ਕੁਝ ਦੱਸ ਕੇ ਉਹ ਕਹਿਣਾ ਸ਼ਾਇਦ ਇਹ ਚਾਹੁੰਦੇ ਸਨ ਕਿ ਉਨ੍ਹਾਂ ਦੀ ਹਕੂਮਤ ਦੌਰਾਨ ਦੇਸ਼ ਬੜਾ ਖੁਸ਼ਹਾਲ ਹੋਇਆ ਅਤੇ ਵਿਦੇਸ਼ਾਂ ਵਿਚ ਇਸ ਦੇ ਕੱਦ ਬੁੱਤ ਵਿਚ ਬੜਾ ਵਾਧਾ ਹੋਇਆ ਹੈ।

ਦੇਖਿਆ ਜਾਵੇ ਅਤੇ ਹਕੀਕਤ ਵੀ ਇਹੀਓ ਹੈ ਕਿ ਅੱਜ ਦੀ ਜਮਹੂਰੀਅਤ ਵਿਚ ਸੱਤਾ 'ਤੇ ਬਿਰਾਜਮਾਨ ਨੇਤਾ ਕੁਝ ਵੀ ਕਹਿ ਸਕਦਾ ਹੈ । ਦੂਜਾ ਉਸ ਨੇ ਆਪਣੇ ਤੋਂ ਪਹਿਲੀਆਂ ਹਕੂਮਤਾਂ ਖਾਸ ਕਰਕੇ ਵਿਰੋਧੀ ਧਿਰਾਂ ਦੀਆਂ ਹਕੂਮਤਾਂ ਨੂੰ ਛੁਟਿਆਉਣਾ ਹੀ ਹੁੰਦਾ ਹੈ। ਹਾਲਾਂਕਿ ਦੂਜੇ ਪਾਸੇ ਕੌੜਾ ਸੱਚ ਇਹ ਵੀ ਹੈ ਕਿ ਪਿਛਲੇ ਸੱਤਰਾਂ ਵਰ੍ਹਿਆਂ ਵਿਚ ਵੱਖ-ਵੱਖ ਸਿਆਸੀ ਲੀਡਰਾਂ ਦੀ ਬਿਆਨਬਾਜ਼ੀ ਤਾਂ ਹੱਥਾਂ ਉੱਤੇ ਸਰ੍ਹੋਂ ਜਮਾਉਣ ਵਾਲੀ ਹੁੰਦੀ ਰਹੀ ਹੈ। ਵੋਟਰ ਵਿਚਾਰਾ ਉਹਦੇ ਸੁਪਨਜਾਲ ਵਿਚ ਫਸਦਾ ਜਾਂਦਾ ਹੈ। ਇਹ ਸੁਪਨਾ ਉਦੋਂ ਹੀ ਟੁੱਟ ਜਾਂਦਾ ਹੈ ਜਦੋਂ ਸਿਆਸਤਦਾਨ ਵੋਟਾਂ ਦੀ ਗਿਣਤੀ ਦੇ ਸਿਰ 'ਤੇ ਚੋਟੀ ਦਾ ਨੇਤਾ ਬਣ ਜਾਂਦਾ ਹੈ ਪਰ ਵੋਟਰ ਵਿਚਾਰਾ ਹੱਥ ਮਲਦਾ ਰਹਿ ਜਾਂਦਾ ਹੈ ਕਿਉਂਕਿ ਉਹਦੇ ਹੱਥ ਪੱਲੇ ਤਾਂ ਕੁਝ ਨਹੀਂ ਪੈਂਦਾ, ਉਹਦੀ ਹਾਲਤ ਪਹਿਲਾਂ ਵਾਲੀ ਹੀ ਰਹਿੰਦੀ ਹੈ। ਉਹਦਾ ਸਾਰਾ ਜੀਵਨ ਤੰਗੀਆਂ ਤੁਰਸ਼ੀਆਂ ਵਿਚ ਲੰਘ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਵਰ੍ਹਿਆਂ ਤੋਂ ਮੁੱਠੀ ਭਰ ਧਨਾਢ ਇਸ ਮੁਲਕ ਨੂੰ ਚਲਾ ਰਹੇ ਹਨ। ਕੁਝ ਫੀਸਦੀ ਹੀ ਹਨ ਇਹ ਧਨ ਕੁਬੇਰ। ਦੇਸ਼ ਦੀ ਬਹੁਤੀ ਜਨਤਾ ਗੁਰਬਤ ਦਾ ਜੀਵਨ ਹੰਢਾਉਂਦੀ ਹੈ। ਵੱਡੇ ਸ਼ਹਿਰਾਂ ਦੀਆਂ ਗੰਦੀਆਂ ਬਸਤੀਆਂ ਅਤੇ ਝੁੱਗੀਆਂ ਝੌਂਪੜੀਆਂ ਇਸ ਦੀ ਵੱਡੀ ਮਿਸਾਲ ਹਨ। ਦਿੱਲੀ ਦੇ ਜਿਸ ਮਹਾਨਗਰ ਤੋਂ ਆਜ਼ਾਦੀ ਤੋਂ ਪਿੱਛੋਂ ਹਕੂਮਤਾਂ ਬਣਦੀਆਂ ਅਤੇ ਬਦਲਦੀਆਂ ਰਹੀਆਂ ਹਨ, ਇਸ ਪੱਖੋਂ ਇਹ ਵੀ ਕਿਸੇ ਤਰ੍ਹਾਂ ਘੱਟ ਨਹੀਂ। ਕਈ ਏਕੜਾਂ ਵਿਚ ਬਣੇ ਵਿਸ਼ਾਲ ਅਤੇ ਖੂਬਸੂਰਤ ਬੰਗਲਿਆਂ ਵਿਚ ਰਹਿਣ ਅਤੇ ਮੁਲਕ ਨੂੰ ਚਲਾਉਣ ਵਾਲੇ ਸਿਆਸਤਦਾਨਾਂ ਨੂੰ ਇਸ ਦਾ ਕੋਈ ਅਹਿਸਾਸ ਸ਼ਾਇਦ ਬਿਲਕੁੱਲ ਨਹੀਂ।

ਫਿਰ ਵੀ ਚਲੋ ਮੋਦੀ ਦੇ ਰਿਪੋਰਟ ਕਾਰਡ ਵੱਲ ਪਰਤਦੇ ਹਾਂ। ਤੁਸੀਂ ਬੜੇ ਸੂਝਵਾਨ ਪਾਠਕ ਹੋ। ਚਲੋ ਤੁਸੀਂ ਹੀ ਦੱਸੋ ਕਿ ਪਿਛਲੇ ਸ਼ਾਸਨ-ਵਰ੍ਹਿਆਂ ਵਿੱਚ ਮੋਦੀ ਨੇ ਲਾਲ ਕਿਲੇ ਦੀ ਫਸੀਲ ਤੋਂ ਅਤੇ ਫਿਰ ਜਿਥੇ ਕਿਤੇ ਵੀ ਦੇਸ਼ ਵਿਦੇਸ਼ ਵਿਚ ਗਏ ਹਨ, ਉਨ੍ਹਾਂ ਨੇ ਸ਼ਬਦੀ ਬਾਣਾਂ ਨਾਲ ਜਿਵੇਂ ਆਪਣੇ ਸੁਪਨਜਾਲ ਵਿਚ ਦੇਸ਼ ਵਾਸੀਆਂ ਨੂੰ ਗ੍ਰਿਫਤ ਵਿਚ ਲਿਆ ਹੈ, ਇਸ ਵਿਚੋਂ ਕਿੰਨੇ ਕੁ ਸੁਪਨੇ ਹੁਣ ਤਕ ਯਥਾਰਥ ਵਿਚ ਬਦਲੇ ਹਨ ਅਤੇ ਕੀ ਉਨ੍ਹਾਂ ਦੇ ਬਦਲੇ ਜਾਣ ਦੀ ਉਮੀਦ ਵੀ ਹੈ ਜਾਂ ਨਹੀਂ ਜਾਂ ਫਿਰ ਕੀ ਇਹ ਸਮਝੀਏ ਕਿ ਚੋਟੀ ਦੇ ਸੱਤਾਧਾਰੀ ਲੀਡਰ ਖੁੱਕੀਂ ਵੜੇ ਪਕਾਉਣ ਵਿਚ ਬੜੇ ਮਾਹਿਰ ਮੰਨੇ ਜਾਂਦੇ ਹਨ। ਖਾਸ ਤੌਰ 'ਤੇ ਜਦੋਂ ਉਨ੍ਹਾਂ ਦੀ ਸਰਕਾਰ ਦਾ ਆਖਰੀ ਵਰ੍ਹਾ ਹੁੰਦਾ ਹੈ, ਜਿਸ ਨੂੰ ਸਹੀ ਸ਼ਬਦਾਂ ਵਿੱਚ ਪੁੱਠੀ ਗਿਣਤੀ ਦਾ ਨਾਂ ਦਿੱਤਾ ਜਾਂਦਾ ਹੈ, ਉਨ੍ਹਾਂ ਦੀ ਇਹ ਕਲਾ ਬਹੁਤਾ ਹੀ ਨਿਖਾਰ ਵਿਚ ਹੁੰਦੀ ਹੈ। ਸੱਚੀ ਗੱਲ ਇਹ ਹੈ ਕਿ ਮੋਦੀ ਕੋਲ ਬੜੀ ਲੱਛੇਦਾਰ ਸ਼ਬਦਾਵਲੀ ਹੈ ਅਤੇ ਜਜ਼ਬਾਤੀ ਅਪੀਲ ਵੀ, ਜਿਸ ਰਾਹੀਂ ਉਹ ਵੋਟਰ ਜਾਂ ਸਰੋਤੇ ਨੂੰ ਆਪਣੇ ਨਾਲ ਲੈ ਤੁਰਦਾ ਹੈ। ਦੂਜੇ ਪਾਸੇ ਇਨ੍ਹਾਂ ਭਾਵਨਾਵਾਂ ਨਾਲ ਪੇਟ ਤਾਂ ਨਹੀਂ ਭਰਦਾ। ਲੋਕਾਂ ਲਈ ਰੁਜ਼ਗਾਰ ਦਾ ਹੋਣਾ ਜ਼ਰੂਰੀ ਹੈ। ਰੁਜ਼ਗਾਰ ਲਈ ਸਿੱਖਿਅਕ ਹੋਣਾ ਵੀ ਜ਼ਰੂਰੀ ਹੈ। ਜੇ ਉਸ ਨੇ ਕਿਰਤ, ਮਿਹਨਤ, ਮਜ਼ਦੂਰੀ ਜਾਂ ਦਫਤਰੀ ਕੰਮ ਕਰਨਾ ਹੈ ਤਾਂ ਸਿਹਤ ਵੀ ਲਾਜ਼ਮੀ ਹੈ। ਕੀ ਸਮੁੱਚੇ ਜਾਂ ਲੋੜਵੰਦ ਭਾਰਤੀਆਂ ਕੋਲ ਇਹ ਸਭ ਕੁਝ ਹੈ ? ਜਵਾਬ ਭਲੀ ਭਾਂਤ ਤੁਸੀ ਦੇ ਸਕਦੇ ਹੋ ਕਿ ਪੜ੍ਹੇ ਲਿਖੇ ਅਤੇ ਬੇਰੁਜ਼ਗਾਰ ਯੁਵਕਾਂ ਦੇ ਨਾਲ ਨਾਲ ਅਨਪੜ੍ਹ ਅਤੇ ਅੱਧਪੜ੍ਹ ਲੋਕਾਂ ਨੂੰ ਰੁਜ਼ਗਾਰ ਦੇਣ ਵਿਚ ਵੀ ਮੋਦੀ ਸਰਕਾਰ ਦੀ ਭੂਮਿਕਾ ਕੀ ਰਹੀ ਹੈ ? ਯੁਵਕ ਕਿਸੇ ਦੇਸ਼ ਦੀ ਰੀੜ੍ਹ ਦੀ ਹੱਡੀ ਮੰਨੇ ਜਾਂਦੇ ਹਨ। ਇਨ੍ਹਾਂ ਖਾਲੀ ਹੱਥਾਂ ਨੂੰ ਕੰਮ ਦੀ ਲੋੜ ਹੈ। ਅੱਤਵਾਦ ਜਾਂ ਨਕਸਲਵਾਦ ਜਾਂ ਯੁਵਕਾਂ ਵਿੱਚ ਇਹ ਗੁੱਸਾ ਕਿਉਂ ਪੈਦਾ ਹੋਇਆ ? ਜਵਾਬ ਇਸ ਦਾ ਵੀ ਬੜਾ ਸਾਫ ਸਪੱਸ਼ਟ ਹੈ ਕਿ ਮੋਦੀ ਸਰਕਾਰ ਨੇ ਯੁਵਕਾਂ ਨੂੰ ਕਰੋੜਾਂ ਨੌਕਰੀਆਂ ਦੇਣ ਦਾ ਜੋ ਸੁਪਨਾ ਵਿਖਾਇਆ ਸੀ, ਉਹ ਅੱਧ ਵਿਚਾਲੇ ਹੀ ਦਫ਼ਨ ਹੋ ਗਿਆ ਹੈ। ਮੋਦੀ ਦੀ ਕਲਿਆਣਕਾਰੀ ਸਰਕਾਰ ਇਸ ਖੇਤਰ ਵਿੱਚ ਪੱਛੜ ਕਿਉਂ ਗਈ ?

ਆਪਣੇ ਜੁਮਲੇਬਾਜ਼ ਰਿਪੋਰਟ ਕਾਰਡ ਨੂੰ ਲੈ ਕੇ ਮੋਦੀ ਸਣੇ, ਕੀ ਅਮਿਤ ਸ਼ਾਹ ਅਤੇ ਕੀ ਪਾਰਟੀ ਦੇ ਹਰ ਵੱਡੇ ਛੋਟੇ ਲੀਡਰਾਂ ਨੇ ਇਕ ਦੂਜੇ ਦੀ ਰੱਜ ਕੇ ਪਿੱਠ ਥਾਪੜੀ ਹੈ। ਕੁਝ ਐਸੇ ਵੀ ਹਨ ਜੋ ਚੁੱਪ ਗੜੁੱਪ ਹਨ। ਦੂਜੇ ਪਾਸੇ ਵਿਰੋਧੀ ਪਾਰਟੀਆਂ ਅਤੇ ਵਿਸ਼ੇਸ਼ ਕਰਕੇ ਕਾਂਗਰਸ ਪਾਰਟੀ ਦੇ ਪ੍ਰਧਾਨ ਰਾਹੁਲ ਗਾਂਧੀ ਨੇ ਇਸ ਰਿਪੋਰਟ ਕਾਰਡ ਦੇ ਇਹ ਕਹਿ ਕੇ ਪਰਖਚੇ ਉਡਾ ਦਿੱਤੇ ਹਨ ਕਿ ਨਿਰਾ ਹੀ ਇਹ ਝੂਠ ਦਾ ਪੁਲੰਦਾ ਹੈ। ਮੋਦੀ ਸਰਕਾਰ ਨੇ ਤਾਂ ਪਿਛਲੇ ਚਾਰ ਸਾਲਾਂ ਵਿਚ ਨੋਟਬੰਦੀ ਅਤੇ ਜੀਐੱਸਟੀ ਵਰਗੇ ਕਥਿਤ ਆਰਥਿਕ ਸੁਧਾਰ ਕਰਕੇ ਦਰਮਿਆਨੇ ਅਤੇ ਹੇਠਲੇ ਵਰਗ ਨੂੰ ਬਿਲਕੁੱਲ ਭੁੰਝੇ ਲਾਹ ਦਿੱਤਾ ਹੈ। ਇਸ ਸਮੇਂ ਵਿਚ ਜਿਵੇਂ ਮਹਿੰਗਾਈ, ਬੇਰੁਜ਼ਗਾਰੀ, ਔਰਤਾਂ ਦੀ ਬੇਪਤੀ ਵਧੀ ਹੈ, ਪ੍ਰਸ਼ਾਸਨ ਦੀ ਰਫ਼ਤਾਰ ਢਿੱਲੀ ਹੋਈ ਹੈ ਅਤੇ ਆਮ ਲੋਕਾਂ ਅਤੇ ਸਰਕਾਰ ਵਿਚ ਜਿਵੇਂ ਬੇਵਿਸ਼ਵਾਸੀ ਵਧੀ ਹੈ, ਅਜਿਹਾ ਪਹਿਲਾਂ ਕਦੇ ਘੱਟ ਹੀ ਵੇਖਣ ਵਿਚ ਆਇਆ ਹੈ। ਰਾਹੁਲ ਗਾਂਧੀ ਵਿਰੋਧੀ ਧਿਰ ਦੇ ਨੇਤਾ ਕਰਕੇ ਅਯੋਗ ਵੀ ਕਹਿ ਸਕਦੇ ਹਨ ਅਤੇ ਇਹ ਸੁਭਾਵਿਕ ਵੀ ਹੈ ਕਿਉਂਕਿ ਅੱਜਕਲ੍ਹ ਪਾਰਲੀਮੈਂਟ ਜਾਂ ਅਸੈਂਬਲੀਆਂ ਦੇ ਅੰਦਰ ਜਾਂ ਬਾਹਰ ਵੱਖ-ਵੱਖ ਸਿਆਸੀ ਧਿਰਾਂ ਵਿੱਚ ਆਪਸੀ ਭਰੋਸੇਯੋਗਤਾ ਵੀ ਨਹੀਂ ਹੈ, ਸਗੋਂ ਸਿਰੇ ਦੀ ਸ਼ਰੀਕੇਬਾਜੀ ਸਾਹਮਣੇ ਆ ਗਈ ਹੈ। ਜੇ ਇਸ ਪਹਿਲੂ ਨੂੰ ਇਕ ਪਾਸੇ ਵੀ ਛੱਡ ਦਿੱਤਾ ਜਾਵੇ ਤਾਂ ਕੁਝ ਗੱਲਾਂ ਮੋਦੀ ਸਰਕਾਰ ਬਾਰੇ ਬੜੀਆਂ ਸਾਫ ਉੱਭਰ ਕੇ ਸਾਹਮਣੇ ਆਉਂਦੀਆਂ ਹਨ। ਪਹਿਲੀ, ਕਿ ਹੁਣੇ ਜਿਹੇ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਤੇ ਐਨਡੀਏ ਦਾ ਸਫਾਇਆ ਹੋ ਗਿਆ ਹੈ। ਇਹ ਜ਼ਾਹਰ ਹੈ ਕਿ ਦੇਸ਼ ਦੇ ਲੋਕਾਂ ਨੇ ਉਨ੍ਹਾਂ ਦੀ ਥੋਥੀ ਢਕੌਂਸਲੇਬਾਜ਼ੀ ਤੇ ਫਿਰਕੂ ਰਾਜਨੀਤੀ ਨੂੰ ਨਕਾਰ ਦਿੱਤਾ ਹੈ। ਦੂਜਾ ਕਰਨਾਟਕ ਵਿਚ ਗਵਰਨਰ ਦੇ ਪੱਖਪਾਤੀ ਰਵੱਈਏ ਕਰਕੇ ਜਿਹੜੀ ਭਾਜਪਾ ਸਰਕਾਰ ਬਣੀ ਅਤੇ ਜਿਸ ਨੂੰ ਢਾਈ ਦਿਨਾਂ ਦੇ ਵਿਚ-ਵਿਚ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ, ਉਸ ਤੋਂ ਐਨ ਸਪੱਸ਼ਟ ਹੋ ਜਾਂਦਾ ਹੈ ਕਿ ਮੋਦੀ ਕੁਸ਼ਾਸਨ ਤੋਂ ਅੱਕੀਆਂ ਦੇਸ਼ ਦੀਆਂ ਲਗਪਗ ਸਭ ਵਿਰੋਧੀ ਧਿਰਾਂ ਕਾਂਗਰਸ ਦੀ ਅਗਵਾਈ ਵਿੱਚ ਮੋਦੀ ਸਰਕਾਰ ਵਿਰੁੱਧ ਇਕ ਪਲੇਟਫਾਰਮ 'ਤੇ ਆ ਰਹੀਆਂ ਹਨ। ਇਹ ਇਸੇ ਪਲੇਟਫਾਰਮ ਦੀ ਜਿੱਤ ਹੈ, ਜਿਸ ਸਦਕਾ ਮੋਦੀ ਸਰਕਾਰ ਦਾ ਉਥੇ ਆਪਣੀ ਪਾਰਟੀ ਦੀ ਸਰਕਾਰ ਬਣਾ ਸਕਣ ਦਾ ਸੁਪਨਾ ਪੂਰਾ ਨਹੀਂ ਹੋ ਸਕਿਆ ਅਤੇ ਕਾਂਗਰਸ ਅਤੇ ਜਨਤਾ ਦਲ (ਐੱਸ) ਦੀ

ਬਾਕੀ ਸਫ਼ਾ 28 'ਤੇ

**14 ਜਨਵਰੀ 2017 ਮਾਘੀ 'ਤੇ ਵਿਸ਼ੇਸ਼**

# ਫ਼ਤਿਹ ਦੇ ਅਟੁੱਟ ਜਜ਼ਬੇ ਦੀ ਉਦਾਹਰਣ ਹੈ ਸ੍ਰੀ ਮੁਕਤਸਰ ਸਾਹਿਬ ਦਾ ਇਤਿਹਾਸ

**ਪ੍ਰੋ. ਕਿਰਪਾਲ ਸਿੰਘ ਬਡੂੰਗਰ**
(ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।)

ਸ੍ਰੀ ਮੁਕਤਸਰ ਸਾਹਿਬ ਦਾ ਇਤਿਹਾਸ ਫਤਿਹ ਦੇ ਅਟੁੱਟ ਜਜ਼ਬੇ ਦੀ ਉਦਾਹਰਣ ਹੈ। ਇੱਥੋਂ ਦੀ ਜੰਗ ਦੁਨੀਆ ਦੇ ਇਤਿਹਾਸ ਵਿਚ ਸਮੂਹਿਕ ਸ਼ਹਾਦਤ, ਅਸਾਵੀਂ ਟੱਕਰ ਅਤੇ ਜਿੱਤ ਦੇ ਦ੍ਰਿੜ ਸੰਕਲਪ ਦੀ ਅਦੁੱਤੀ ਮਿਸਾਲ ਹੈ। ਇਸ ਜੰਗ ਵਿਚ ਮੁੱਠੀ-ਭਰ ਸਿੰਘਾਂ ਨੇ ੫੦੦ ਸਾਲ ਪੁਰਾਣੇ ਸਾਮਰਾਜ ਦੇ ਭਾਰੀ ਗਿਣਤੀ ਵਿਚ ਮੁਲਖਈਏ ਦਾ ਰਾਹ ਰੋਕ ਲਿਆ ਅਤੇ ਉਸ ਨੂੰ ਆਪਣੇ ਮਕਸਦ ਵਿਚ ਕਾਮਯਾਬ ਨਾ ਹੋਣ ਦਿੱਤਾ। ਅਨੰਦਗੜ੍ਹ ਦਾ ਕਿਲ੍ਹਾ ਛੱਡਣ ਤੋਂ ਤੁਰੰਤ ਬਾਅਦ ਮੁਗ਼ਲਾਂ ਅਤੇ ਬਾਈਧਾਰੀਆਂ ਨੇ ਆਪਣੀਆਂ ਕਸਮਾਂ ਅਤੇ ਇਕਰਾਰ ਤੋੜ ਕੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਅਤੇ ਬਾਕੀ ਸਿੰਘਾਂ ਨੂੰ ਖਤਮ ਕਰਨ ਦੀ ਠਾਣ ਲਈ। ਸਰਸਾ ਨਦੀ ਵਿਚ ਮੁੱਠਭੇੜ ਤੋਂ ਬਾਅਦ ਚਮਕੌਰ ਦੀ ਜੰਗ ਉਪਰੰਤ ਸੂਬਾ ਸਰਹਿੰਦ ਵਜ਼ੀਰ ਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਖ਼ਤਮ ਕਰਨ ਲਈ ਮਾਲਵੇ ਦੇਸ਼ ਵਿਚ ਫੌਜ ਲੈ ਕੇ ਚੜ੍ਹਾਈ ਕੀਤੀ। ਖਿਦਰਾਣੇ ਦੀ ਢਾਬ ਕੋਲ ਪੱਛਮੀ ਪਾਸੇ ਗੁਰੂ ਜੀ ਨੇ ਇਸ ਫੌਜ ਨਾਲ ਯੁੱਧ ਕਰਨ ਦੀ ਯੋਜਨਾ ਬਣਾਈ ਸੀ। ਮਾਝੇ ਤੋਂ ਆਏ ਸਿੰਘਾਂ ਦਾ ਜਥਾ ਵੀ ਇਸੇ ਸਮੇਂ ਆਇਆ ਹੋਇਆ ਸੀ। ਇਸ ਜਥੇ ਨੇ ਜਦੋਂ ਸ਼ਾਹੀ ਲਸ਼ਕਰ ਵੇਖਿਆ ਤਾਂ ਢਾਬ ਦੇ ਪੂਰਬੀ ਪਾਸੇ ਮੋਰਚੇ ਲਾ ਲਏ। ਜਿਸ ਯੁੱਧ ਵਿਚ ੪੦ ਦੇ ਕਰੀਬ ਸਿੰਘ ਸਾਰੇ ਹੀ ਸ਼ਹੀਦ ਹੋ ਗਏ ਪਰ ਉਨ੍ਹਾਂ ਨੇ ਸ਼ਾਹੀ ਫੌਜ ਨੂੰ ਦਮੋਂ ਕੱਢ ਦਿੱਤਾ। ਸ਼ਾਹੀ ਫੌਜ ਦੋ ਕਿਲੋਮੀਟਰ ਵੀ ਅੱਗੇ ਵਧ ਕੇ ਗੁਰੂ ਸਾਹਿਬ ਦੇ ਸਾਹਮਣੇ ਨਾ ਹੋ ਸਕੀ। ਸਿੰਘਾਂ ਦੇ ਇਕ ਛੋਟੇ ਜਿਹੇ ਜਥੇ ਨੇ ਸ਼ਾਹੀ ਫੌਜ ਦਾ ਹਮਲਾ ਨਾਕਾਮ ਕਰ ਦਿੱਤਾ ਸੀ। ਸੂਰਬੀਰਤਾ ਦੀ ਇਹ ਅਦੁੱਤੀ ਮਿਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਆਦਰਸ਼ਾਂ ਅਤੇ ਅਮਲੀ ਪ੍ਰੇਰਨਾ ਦਾ ਸਿੱਟਾ ਸੀ। ਅਕਾਲ ਪੁਰਖ ਦੇ ਹੁਕਮਾਂ ਦੀ ਪਾਲਣਾ ਦੇ ਉਦੇਸ਼ ਲਈ ਗੁਰੂ ਜੀ ਨੇ ਖਾਲਸੇ ਦੀ ਸਾਜਨਾ ਕੀਤੀ ਸੀ। ਸਿੱਖੀ ਦੇ ਮਾਰਗ 'ਤੇ ਚੱਲਣ ਲਈ ਸਿਰ ਤਲੀ ਧਰਨ ਦੀ ਅਤੇ ਕਿਸੇ ਕਿਸਮ ਦੀ ਕੋਈ ਝਿਜਕ ਨਾ ਰੱਖਣ ਦੀ ਸ਼ਰਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਲਾਈ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਹੋ ਆਦਰਸ਼ ਖਾਲਸੇ ਦੇ ਸਾਹਮਣੇ ਰੱਖਿਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਇਆ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥ (ਪੰਨਾ 1412)

ਇਨ੍ਹਾਂ ਸਿੰਘਾਂ ਨੇ ਗੁਰੂ ਮਾਰਗ 'ਤੇ ਆਪਣੇ ਸੀਸ ਭੇਟ ਕਰਕੇ ਸਿੱਖ ਧਰਮ ਦੀ ਅਗੰਮੀ ਸੂਰਬੀਰਤਾ ਅਤੇ ਆਤਮ ਬਲੀਦਾਨ ਦੀ ਇਨਕਲਾਬੀ ਭਾਵਨਾ ਨੂੰ ਸਿਖਰ 'ਤੇ ਪਹੁੰਚਾ ਦਿੱਤਾ। ਗੁਰਮਤਿ ਵਿਚ ਪਰਮਾਤਮਾ ਨੂੰ ਪਾਉਣ ਲਈ ਗੁਰੂ ਨੂੰ ਆਪਣਾ ਤਨ, ਮਨ, ਧਨ ਸੌਂਪਣ ਦਾ ਹੁਕਮ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਫ਼ੁਰਮਾਇਆ ਹੈ:

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥ (ਪੰਨਾ 918)

ਸ਼ਹਾਦਤ ਇਸ ਅੰਦਰਲੀ ਕਿਰਿਆ ਦਾ ਬਾਹਰੀ ਰੂਪ ਹੀ ਹੁੰਦਾ ਹੈ। ਆਤਮ ਬਲੀਦਾਨ ਦੀ ਭਾਵਨਾ ਸਿੱਖੀ ਦੀ ਹੀ ਦੇਣ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਤਮ ਬਲੀਦਾਨ ਦੇ ਕੇ ਇਸ ਪ੍ਰਥਾ ਦਾ ਮੁੱਢ ਬੰਨ੍ਹਿਆ। ਉਨ੍ਹਾਂ ਦੇ ਨਕਸ਼-ਏ-ਕਦਮਾਂ 'ਤੇ ਚਲਦੇ ਹੋਏ ਅਨਗਿਣਤ ਸਿੰਘਾਂ ਨੇ ਸ਼ਹੀਦੀਆਂ ਪਾਈਆਂ ਤੇ ਆਪਣੇ ਖ਼ੂਨ ਨਾਲ ਇਸ ਧਰਤੀ ਤੋਂ ਜ਼ੁਲਮ ਤੇ ਪਾਪ ਨੂੰ ਸਾਫ਼ ਕੀਤਾ। ਦਸਮੇਸ਼ ਪਿਤਾ ਜੀ ਨੇ ਫ਼ੁਰਮਾਇਆ :

ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਿਨ ॥ (ਬਚਿਤ੍ਰ ਨਾਟਕ ਪਾ: ੧੦।

ਗੁਰੂ ਸਾਹਿਬ ਜੀ ਦੇ ਇਸੇ ਉਦੇਸ਼ ਨੂੰ ਮੁੱਖ ਰੱਖਦੇ ਹੋਏ ਸ੍ਰੀ ਮੁਕਤਸਰ ਸਾਹਿਬ ਦੀ ਧਰਤੀ 'ਤੇ ਸ਼ਹੀਦ ਹੋਣ ਵਾਲੇ ਸਿੰਘਾਂ ਨੇ ਬਹੁਤ ਮਹਾਨ ਕਾਰਜ ਕੀਤਾ ਸੀ। ਇਹ ਸਿੱਖ ਭਾਵੇਂ ਕਿਸੇ ਵੇਲੇ ਗੁਰੂ ਜੀ ਕੋਲੋਂ ਚਲੇ ਗਏ ਅਤੇ ਲਿਖਕੇ ਬੇਦਾਵਾ ਦੇ ਗਏ ਸਨ। ਜਦੋਂ ਮੁੜ ਉਨ੍ਹਾਂ ਨੇ ਗੁਰੂ ਜੀ ਦੇ ਚਰਨਾਂ ਵਿਚ ਆਪਣਾ ਸੀਸ ਭੇਟ ਕਰ ਦਿੱਤਾ, ਤਦ ਗੁਰੂ ਸਾਹਿਬ ਦੇ ਦਿਲ ਵਿਚ ਉਨ੍ਹਾਂ ਲਈ ਅਥਾਹ ਪਿਆਰ ਜਾਗ ਉਠਿਆ। ਉਹ ਜੰਗ ਦੀ ਥਾਂ 'ਤੇ ਆਏ ਅਤੇ ਇਕ-ਇਕ ਸਿੰਘ ਨੂੰ ਗੋਦ ਵਿਚ ਲੈ ਕੇ ਪਿਆਰ ਕੀਤਾ। ਸਾਰੇ ਸਿੰਘ ਸ਼ਹੀਦ ਹੋ ਚੁਕੇ ਸਨ, ਇਕੋ ਜਥੇਦਾਰ ਭਾਈ ਮਹਾਂ ਸਿੰਘ ਅਜੇ ਸਹਿਕ ਰਿਹਾ ਸੀ। ਗੁਰੂ ਸਾਹਿਬ ਨੇ ਜਦੋਂ ਭਾਈ ਮਹਾਂ ਸਿੰਘ ਦਾ ਸਿਰ ਗੋਦ ਵਿਚ ਲਿਆ ਤਾਂ ਕੁਝ ਮੰਗਣ ਲਈ ਕਿਹਾ। ਭਾਈ ਮਹਾਂ ਸਿੰਘ ਨੂੰ ਗੁਰੂ ਜੀ ਦਾ ਦਰਸ਼ਨ ਹੋ ਚੁਕਾ ਸੀ। ਉਸਨੇ ਹੋਰ ਕੀ ਮੰਗਣਾ ਸੀ। ਉਸਨੇ ਗੁਰੂ ਸਾਹਿਬ ਨੂੰ ਬੇਦਾਵਾ ਪਾੜ ਦੇਣ ਦੀ ਬੇਨਤੀ ਕੀਤੀ। ਸਿੱਖ ਲਈ ਗੁਰੂ ਦੀ ਕਿਰਪਾ ਪ੍ਰਸੰਨਤਾ ਬਹੁਤ ਵੱਡੀ ਦੌਲਤ ਹੈ, ਜੋ ਸਿਰ ਦੇ ਕੇ ਵੀ ਮਿਲਦੀ ਹੋਵੇ ਤਾਂ ਮਹਿੰਗੀ ਨਹੀਂ ਹੈ ਜਿਵੇਂ ਕਿ ਮਹਾਂ ਵਾਕ ਹੈ:

ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥
ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥
(ਪੰਨਾ 1094)

ਗੁਰਮਤਿ ਅਨੁਸਾਰ ਸਤਿਗੁਰੂ ਜਿੱਡਾ ਦਾਤਾ ਕੋਈ ਨਹੀਂ ਜੋ ਮਨੁੱਖ ਨੂੰ ਜੀਅ ਦਾਨ ਤੇ ਨਾਮ ਧਨ ਨਾਲ ਮਾਲਾ ਮਾਲ ਕਰ ਸਕਦਾ ਹੈ। ਸਤਿਗੁਰੂ ਦੀ ਸੇਵਾ ਸਿੱਖ ਇਸੇ ਲਈ ਕਰਦਾ ਹੈ ਕਿ ਉਹ ਇਸ ਕੂੜੇ ਤੇ ਝੂਠ ਦੇ ਸੰਸਾਰ ਵਿਚੋਂ ਨਿਕਲ ਕੇ ਸੱਚ ਦਾ ਰੂਪ ਹੋ ਸਕੇ। ਜਦੋਂ ਸਿੱਖ ਨਾਮ ਸਿਮਰਨ ਤੇ ਸੇਵਾ ਕਰਕੇ ਆਪਣੀ ਹਉਮੈ ਖੋ ਦਿੰਦਾ ਹੈ ਤੇ ਗੁਰੂ-ਚਰਨਾਂ ਵਿਚ ਆਪਣਾ ਆਪ ਨਿਛਾਵਰ ਕਰ ਦਿੰਦਾ ਹੈ ਤਾਂ ਉਸ ਦਾ ਸਾਧਨਾ ਪੱਖ ਮੁਕੰਮਲ ਹੋ ਜਾਂਦਾ ਹੈ। ਇਸ ਤੋਂ ਅੱਗੇ ਗੁਰੂ ਦਾ ਕਾਰਜ ਹੀ ਰਹਿ ਜਾਂਦਾ ਹੈ ਕਿ ਉਨ੍ਹਾਂ 'ਤੇ ਨਦਰਿ ਕਰਮਿ ਕਰਕੇ ਸੱਚ ਮੰਡਲ ਦੇ ਅਧਿਕਾਰੀ ਬਣਾ ਦੇਵੇ। ਇਹ ਸਿੱਖ ਚਾਹੁੰਦੇ ਤਾਂ ਜੰਗ ਤੋਂ ਡਰਦੇ ਕਿਧਰੇ ਪਾਸੇ ਵੀ ਹੋ ਸਕਦੇ ਸੀ। ਇਨ੍ਹਾਂ ਨੂੰ ਕਿਸੇ ਮਜਬੂਰੀ ਵੱਸ ਜੰਗ ਨਹੀਂ ਸੀ ਲੜਨਾ ਪਿਆ। ਇਨ੍ਹਾਂ ਨੇ ਗੁਰੂ ਦੀ ਸੇਵਾ ਵਿਚ ਧਰਮ ਦੇ ਕਾਰਜ ਲਈ ਆਪਣੀ ਮਰਜ਼ੀ ਨਾਲ ਸ਼ਹੀਦੀ ਦਿੱਤੀ ਸੀ। ਇਹ ਸਿੱਖ



ਸਿੱਖੀ ਦੀ ਪ੍ਰੀਖਿਆ ਵਿਚ ਪੂਰੀ ਤਰ੍ਹਾਂ ਪਾਸ ਹੋ ਚੁੱਕੇ ਸਨ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਮੁਕਤੀ ਪ੍ਰਦਾਨ ਕੀਤੀ ਅਤੇ ਅਮਰ ਪਦਵੀ ਬਖ਼ਸ਼ੀ। ਇਨ੍ਹਾਂ ਦੇ ਮੁਕਤਿ ਪਦਵੀ ਪ੍ਰਾਪਤ ਕਰਨ ਕਰਕੇ ਇਹ ਥਾਂ ਬਹੁਤ ਪਵਿੱਤਰ ਹੋ ਚੁੱਕੀ ਸੀ। ਗੁਰੂ ਸਾਹਿਬ ਨੇ ਇਸ ਥਾਂ ਦਾ ਨਾਂ ਆਪ 'ਮੁਕਤਸਰ' ਰੱਖਿਆ ਅਤੇ ਹੁਕਮ ਕੀਤਾ ਕਿ ਇਸ ਨੂੰ ਕੋਈ ਖਿਦਰਾਣਾ ਨਾ ਆਖੇ:

ਯਾ ਤੇ ਨਾਮ ਮੁਕਤਿਸਰ ਹੋਆ।
ਜੋ ਮਜਹਿ ਤਿਨ ਹੀ ਅਘ ਖੋਆ।
ਅਸ ਮਹਿਮਾ ਸ੍ਰੀ ਮੁਖ ਤੇ ਕਹੀ।
ਸੋ ਅਬਿ ਪ੍ਰਗਟ ਜਗਤ ਮੈ ਸਹੀ।
ਤਥਾ
ਅਬ ਤੇ ਨਾਮ ਮੁਕਤਿਸਰ ਹੋਇ।
ਖਿਦਰਾਣਾ ਇਸ ਕਹੇ ਨ ਕੋਇ।
ਇਸ ਥਾਨ ਮੁਕਤਿ ਹੋਇ ਚਾਲੀ।
ਜੋ ਨਿਸ਼ਪਾਪ ਘਾਲ ਬਹੁ ਘਾਲੀ।



ਸਿੱਖ ਇਤਿਹਾਸ ਵਿਚ ਇਸ ਅਸਥਾਨ ਦਾ ਭਾਰੀ ਇਤਿਹਾਸਕ ਅਤੇ ਅਧਿਆਤਮਕ ਮਹੱਤਵ ਹੈ। ਇਨ੍ਹਾਂ 40 ਮੁਕਤਿਆਂ ਦੀ ਯਾਦ ਸਿੱਖੀ ਸਿਦਕ ਦੀ ਪ੍ਰੇਰਨਾ ਦਾ ਅਥਾਹ ਸੋਮਾ ਹੈ। ਇਸ ਅਸਥਾਨ ਦੀ ਛੋਹ ਪਾ ਕੇ ਮਾਇਆ ਦੇ ਬੰਧਨ ਟੁੱਟਦੇ ਹਨ ਅਤੇ ਤਨ, ਮਨ ਨਿਰਮਲ ਹੁੰਦਾ ਹੈ। ਸ਼ਹੀਦਾਂ ਦਾ ਅਸਥਾਨ ਕਿੰਨਾ ਸਤਿਕਾਰਯੋਗ ਹੁੰਦਾ ਹੈ, ਇਸ ਬਾਰੇ ਇਕ ਸ਼ਾਇਰ ਨੇ ਲਿਖਿਆ ਹੈ:-

ਸ਼ਹੀਦੋਂ ਕੀ ਕਤਲਗਾਹ ਸਿ ਕਿਆ ਬਿਹਤਰ ਹੈ ਕਾਅਬਾ,
ਸ਼ਹੀਦੋਂ ਕੀ ਖਾਕ ਪਿ ਤੋ ਖੁਦਾ ਭੀ ਕੁਰਬਾਨ ਹੋਤਾ ਹੈ।

ਇਸਤਰੀ ਜਾਤੀ ਦਾ ਗੁਰਮਤਿ ਵਿਚ ਬਹੁਤ ਸਤਿਕਾਰ ਕੀਤਾ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਨੂੰ ਮੰਦਾ ਸਮਝਣ ਦੀ ਮਨਾਹੀ ਕੀਤੀ ਹੈ ਤੇ ਇਸ ਨੂੰ ਰਾਜਿਆਂ ਦੀ ਜਨਨੀ ਆਖ ਕੇ ਵਡਿਆਈ ਦਿੱਤੀ ਹੈ। ਸਿੱਖ ਧਰਮ ਵਿਚ ਇਸਤਰੀ ਤੇ ਮਰਦ ਦਾ ਇਕੋ ਜਿਹਾ ਦਰਜਾ ਹੈ। ਪਰੰਪਰਾਗਤ ਭਾਰਤੀ ਦਰਸ਼ਨ ਵਿਚ ਇਸਤਰੀ ਨੂੰ ਬਰਾਬਰੀ ਦਾ ਹੱਕ ਨਹੀਂ ਸੀ ਦਿੱਤਾ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਲਿਖਤਾਂ ਵਿਚ ਅਤੇ ਖਾਲਸੇ ਦੀ ਜਥੇਬੰਦੀ ਵਿਚ ਇਸਤਰੀਆਂ ਦਾ ਸਨਮਾਨ ਕੀਤਾ ਹੈ। ਮਾਤਾ ਸਾਹਿਬ ਕੌਰ ਜੀ ਨੂੰ ਖਾਲਸੇ ਦੀ ਮਾਤਾ ਹੋਣ ਦੀ ਉਪਾਧੀ ਦਿੱਤੀ। ਸ੍ਰੀ ਮੁਕਤਸਰ ਸਾਹਿਬ ਵਿਖੇ ਸਿੰਘਾਂ ਨੂੰ ਪ੍ਰੇਰ ਕੇ ਲਿਆਉਣ ਵਾਲੀ ਵੀ ਇਕ ਇਸਤਰੀ ਸੀ ਮਾਤਾ ਭਾਗੋ ਜੀ। ਮਾਤਾ ਜੀ ਨੂੰ ਜਦੋਂ ਸਿੰਘਾਂ ਦੇ ਬੇਦਾਵਾ ਲਿਖਕੇ ਚਲੇ ਆਉਣ ਦਾ ਪਤਾ ਲੱਗਿਆ ਤਾਂ ਆਪ ਨੇ ਉਨ੍ਹਾਂ ਨੂੰ ਸੋਝੀ ਦਿੱਤੀ ਕਿ ਇਸ ਲੋਕ-ਪ੍ਰਲੋਕ ਵਿਚ ਗੁਰੂ ਬਿਨਾ ਕੋਈ ਸਹਾਰਾ ਨਹੀਂ। ਇਹ ਸਰੀਰ ਤਾਂ ਬਿਨਸਨਹਾਰ ਹੈ, ਇਸ ਨੂੰ ਕਿੰਨਾ ਕੁ ਚਿਰ ਬਚਾਉਂਦੇ ਫਿਰੋਗੇ। ਮਾਤਾ ਭਾਗੋ ਜੀ ਸਿੰਘਾਂ ਨੂੰ ਗੁਰੂ ਦੇ ਸਨਮੁੱਖ ਕਰਨ ਲਈ ਲੈ ਕੇ ਆਏ ਸਨ। ਮਾਤਾ ਜੀ ਜੰਗ ਵਿਚ ਸਿੰਘਾਂ ਦੇ ਨਾਲ ਹੀ ਰਹੇ ਤੇ ਮਰਦਾਵੇਂ ਭੇਸ ਵਿਚ ਵੈਰੀ ਨਾਲ ਯੁੱਧ ਵਿਚ ਹਿੱਸਾ ਲਿਆ। ਬਾਅਦ ਵਿਚ ਆਪ ਸਦਾ ਲਈ ਗੁਰੂ ਸੇਵਾ ਵਿਚ ਹੀ ਰਹੇ ਤੇ ਦੱਖਣ ਵੱਲ ਗੁਰੂ ਜੀ ਦੇ ਨਾਲ ਗਏ। ਗੁਰੂ ਜੀ ਤੋਂ ਪਿੱਛੋਂ ਆਲੇ-ਦੁਆਲੇ ਦੇ ਪਿੰਡਾਂ ਵਿਚ ਸਿੱਖੀ ਪ੍ਰਚਾਰ ਕਰਦੇ ਰਹੇ। ਮਾਤਾ ਭਾਗੋ ਜੀ ਦਾ ਇਹ ਕਿਰਦਾਰ ਭਾਰਤੀ ਸੰਸਕ੍ਰਿਤੀ ਦੇ ਉਲਟ ਇਕ ਬਹੁਤ ਵੱਡੀ ਕ੍ਰਾਂਤੀ ਦਾ ਸਿਖਰ ਸੀ। ਇਸਤਰੀ ਨੂੰ ਉਸ ਵੇਲੇ ਨਿਰਬਲ ਜਾਣ ਕੇ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। ਗੁਰਮਤਿ ਦੇ ਪ੍ਰਚਾਰ ਨੇ ਇਸਤਰੀ ਨੂੰ ਸ਼ਕਤੀ ਤੇ ਮਰਦਾਂ ਦੇ ਨਾਲ ਬਰਾਬਰੀ ਪ੍ਰਦਾਨ ਕਰਕੇ ਸਮਾਜ ਵਿਚ ਉਸਦਾ ਸਨਮਾਨਯੋਗ ਥਾਂ ਬਣਾਇਆ।

ਸ੍ਰੀ ਮੁਕਤਸਰ ਸਾਹਿਬ ਦੀ ਧਰਤੀ ਇਸ ਪੱਖ ਤੋਂ ਵੀ ਮਹੱਤਵਪੂਰਨ ਹੈ ਕਿ ਇਥੇ ਸਿੱਖਾਂ ਦੀ ਗੁਰੂ ਨਾਲ ਟੁੱਟੀ ਗੰਢੀ ਗਈ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਸਿੱਖਾਂ ਦੇ ਸ੍ਰੀ ਅਨੰਦਪੁਰ ਸਾਹਿਬ ਵਿਚ ਦਿੱਤੇ ਬੇਦਾਵੇ ਨੂੰ ਪਾੜਕੇ ਉਨ੍ਹਾਂ ਨੂੰ ਮੁੜ ਆਪਣੇ ਸਿੱਖ ਪ੍ਰਵਾਨ ਕਰਕੇ ਗਲ਼ੇ ਨਾਲ ਲਾਇਆ। ਇਹ ਗੁਰੂ ਦੀ ਵਡਿਆਈ ਹੈ ਕਿ ਜੋ ਸਿੱਖ ਗਲਤੀ ਵੀ ਕਰਦਾ ਹੈ ਉਹ ਗੁਰੂ ਦੀ ਸ਼ਰਨ ਵਿਚ ਜਾਵੇ, ਗੁਰੂ ਉਸ ਨੂੰ ਬਖਸ਼ ਦਿੰਦਾ ਹੈ:

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥ (ਪੰਨਾ 544)

ਗੁਰੂ ਦੀ ਸ਼ਰਨ ਵਿਚ ਆਉਣ ਕਰਕੇ ਇਨ੍ਹਾਂ ਸਿੰਘਾਂ ਦਾ ਪਰਮਾਤਮਾ ਨਾਲ ਵੀ ਮਿਲਾਪ ਹੋਇਆ ਤੇ ਉਨ੍ਹਾਂ ਦੀ ਟੁੱਟੀ ਗੰਢੀ ਗਈ। ਇਹ ਅਧਿਆਤਮਕ ਤੌਰ 'ਤੇ ਇਸ ਗੱਲ ਦਾ ਪ੍ਰਮਾਣ ਹੈ ਕਿ ਜੋ ਕੋਈ ਜੀਵ ਗੁਰੂ ਨੂੰ ਆਪਣਾ ਆਪਾ ਅਰਪਣ ਕਰ ਦਿੰਦਾ ਹੈ, ਗੁਰੂ ਉਸੇ ਘੜੀ ਉਸ ਨੂੰ ਪ੍ਰਭੂ ਨਾਲ ਮਿਲਾ ਦਿੰਦਾ ਹੈ। ਜੀਵ ਰੂਪੀ ਕਮਲ ਦਾ ਫੁਲ ਮੋਹ-ਮਮਤਾ ਦੇ ਚਿੱਕੜ ਵਿਚ ਫਸਿਆ ਹੈ। ਗੁਰੂ ਹੀ ਅਜਿਹਾ ਮਿੱਤਰ ਹੈ ਜੋ ਮੋਹ-ਮਮਤਾ ਨਾਲੋਂ ਜੀਵ ਦੀ ਗੰਢ ਖੋਲ੍ਹ ਕੇ ਉਸ ਨੂੰ ਪਰਮਾਤਮਾ ਦੇ ਦਰ ਦੀ ਸੋਝੀ ਕਰਵਾ ਸਕਦਾ ਹੈ, ਜਿਸ ਤਰ੍ਹਾਂ ਬੱਦਲ ਦੀ ਵਰਖਾ ਕਮਲ ਦੀ ਮਿੱਟੀ ਧੋ ਦਿੰਦੀ ਹੈ ਤੇ ਉਹ ਖਿੜ ਉਠਦਾ ਹੈ:

ਪੰਕਜ ਫਾਥੇ ਪੰਕ ਮਹਾ ਮਦ ਗੁੰਫਿਆ ॥
ਅੰਗ ਸੰਗ ਉਰਝਾਇ ਬਿਸਰਤੇ ਸੁੰਫਿਆ ॥
ਹੈ ਕੋਊ ਐਸਾ ਮੀਤੁ ਜਿ ਤੋਰੈ ਬਿਖਮ ਗਾਂਠਿ ॥
ਨਾਨਕ ਇਕੁ ਸ੍ਰੀਧਰ ਨਾਥੁ ਜਿ ਟੂਟੇ ਲੇਇ ਸਾਂਠਿ ॥ (ਪੰਨਾ 1362-63)

ਇਸ ਤਰ੍ਹਾਂ ਇਹ ਜੰਗ ਸਿਰਫ਼ ਦੁਨਿਆਵੀ ਵਾਕਿਆ ਹੀ ਨਹੀਂ ਸੀ ਇਸ ਦਾ ਅਧਿਆਤਮਕ ਮਹੱਤਵ ਵੀ ਸੀ। ਸੰਸਾਰਕ ਪੱਧਰ 'ਤੇ ਇਹ ਸ਼ਹੀਦ ਸਿੱਖੀ ਸਿਦਕ ਦ੍ਰਿੜ੍ਹ ਕਰਵਾ ਰਹੇ ਸਨ। ਦੈਵੀ ਪੱਧਰ 'ਤੇ ਉਹ ਹਉਮੈ ਦੀ ਕੰਧ ਤੋੜਕੇ ਸਚਿਆਰ ਬਣ ਕੇ ਪਰਮਾਤਮਾ ਦੇ ਘਰ ਵਿਚ ਪ੍ਰਵੇਸ਼ ਕਰ ਰਹੇ ਸਨ।

ਅਕਾਲ ਪੁਰਖ ਦੀ ਸ਼ਕਤੀ ਕਰਕੇ ਹੀ ਥੋੜ੍ਹੀ ਗਿਣਤੀ ਵਿਚ ਹੋਣ ਦੇ ਬਾਵਜੂਦ ਸਿੱਖਾਂ ਨੇ ਵੱਡੀ ਗਿਣਤੀ ਵਿਚ ਆਈ ਫੌਜ ਨਾਲ ਯੁੱਧ ਕੀਤਾ। ਉਨ੍ਹਾਂ ਨੇ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਸਨਮੁੱਖ ਹੋ ਕੇ ਜੰਗ ਲੜੀ। ਦੁਨੀਆ ਦੇ ਇੰਨੇ ਮਹਾਨ ਯੁੱਧ ਹੋਏ ਹਨ, ਰਾਮਾਇਣ-ਮਹਾਂਭਾਰਤ ਤੋਂ ਲੈ ਕੇ ਦੋਵੇਂ ਵਿਸ਼ਵ ਯੁੱਧ ਤੇ ਭਾਰਤ-ਪਾਕਿਸਤਾਨ ਦੀਆਂ ਜੰਗਾਂ ਤਕ। ਇਹ ਯੁੱਧ ਬਰਾਬਰ ਦੀਆਂ ਫੌਜਾਂ ਵਿਚਕਾਰ ਹੋਏ ਸਨ, ਜਦੋਂ ਫੌਜਾਂ ਬਰਾਬਰ ਦੀਆਂ ਹੋਣ ਤਾਂ ਸਿਪਾਹੀਆਂ ਨੂੰ ਜਾਨ ਦਾ ਏਨਾ ਖ਼ਤਰਾ ਨਹੀਂ ਹੁੰਦਾ। ਉਹ ਹੌਸਲੇ ਨਾਲ ਲੜਦੇ ਹਨ ਪਰ ਜਦੋਂ ਇਕ ਪਾਸੇ ੪੦ ਬੰਦੇ ਹੋਣ ਤੇ ਦੂਜੇ ਪਾਸੇ ਮੁਲਖਈਆ ਹੋਵੇ, ਉਸ ਵੇਲੇ ਦਲੇਰੀ ਨਾਲ ਕੋਈ ਵਿਰਲਾ ਹੀ ਲੜ ਸਕਦਾ ਹੈ। ਚਮਕੌਰ ਸਾਹਿਬ ਦੀ ਜੰਗ ਅਤੇ ਸ੍ਰੀ ਮੁਕਤਸਰ ਸਾਹਿਬ ਦੀ ਜੰਗ ਅਜਿਹੀਆਂ ਅਸਾਵੀਆਂ ਜੰਗਾਂ ਸਨ। ਇਨ੍ਹਾਂ ਵਿਚ ਸਿੱਖਾਂ ਦੇ ਮੁਕਾਬਲੇ ਦੁਸ਼ਮਣਾਂ ਦੀ ਗਿਣਤੀ ਬਹੁਤ ਵੱਡੀ ਸੀ। ਇਸ ਵੇਲੇ ਵੀ ਖਾਲਸੇ ਨੇ ਜਿਸ ਦਲੇਰੀ ਅਤੇ ਸਾਬਿਤ ਕਦਮੀ ਨਾਲ ਦੁਸ਼ਮਣ ਦੇ ਆਹੂ ਲਾਹੇ ਉਸਦੀ ਮਿਸਾਲ ਦੁਨੀਆਂ ਭਰ ਦੇ ਇਤਿਹਾਸ ਵਿਚ ਨਹੀਂ ਮਿਲਦੀ।

ਇਸ ਜੰਗ ਵਿਚ ਸਿੰਘਾਂ ਨੇ ਮੌਤ ਦਾ ਭੈਅ ਉਤਾਰ ਕੇ ਜਿੰਨੇ ਵੀ ਸੁਆਸ ਉਨ੍ਹਾਂ ਨੂੰ ਮਿਲੇ ਤੇਗ ਦੇ ਜੌਹਰ ਵਿਖਾਏ। ਉਨ੍ਹਾਂ ਨੇ ਵੈਰੀ ਨੂੰ ਜਿੱਤਣ ਦੀ ਅਤੇ ਉਸ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੀ ਇਹ ਭਾਵਨਾ ਆਖਰੀ ਦਮ ਤਕ ਕਾਇਮ ਰਹੀ। ਭਾਵੇਂ ਉਹ ਸ਼ਹੀਦ ਹੋ ਗਏ ਪਰ ਉਨ੍ਹਾਂ ਦੇ ਮਨਾਂ ਵਿਚ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਦੀ ਧੁਨੀ ਗੂੰਜ ਰਹੀ ਸੀ। ਉਹ ਸ਼ਹੀਦ ਹੋ ਕੇ ਵੀ ਜੇਤੂ ਸਨ। ਕਿਉਂਕਿ ਉਹ ਪੂਰਨ ਖਾਲਸਾ ਪਰਮਾਤਮਾ ਦਾ ਰੂਪ ਬਣ ਚੁੱਕੇ ਸਨ। ਉਨ੍ਹਾਂ ਨੇ ਮੌਤ ਨੂੰ ਵੀ ਜਿੱਤ ਲਿਆ ਸੀ। ਉਹ ਅਮਰ ਹੋ ਕੇ ਮੁਕਤ ਮੰਡਲ ਦੇ ਵਾਸੀ ਹੋ ਗਏ ਸਨ। ਵਾਹਿਗੁਰੂ ਜੀ ਕੀ ਸਦੀਵੀ ਫ਼ਤਹ ਉਨ੍ਹਾਂ ਦੇ ਅੰਗ-ਸੰਗ ਸੀ।

ਅਜਿਹੀ ਵਿਲੱਖਣ ਅਤੇ ਅਲੌਕਿਕ ਵਿਰਾਸਤ ਦੀ ਮਾਲਕ ਸਿੱਖ ਕੌਮ ਅੰਦਰ ਅੱਜ ਜੋ ਅਚਾਰ, ਵਿਹਾਰ, ਸੰਜਮ ਅਤੇ ਸਭਿਆਚਾਰਕ ਪੱਧਰ ਉੱਤੇ ਆ ਰਿਹਾ ਨਿਘਾਰ ਅਤਿ ਚਿੰਤਾ ਦਾ ਵਿਸ਼ਾ ਹੈ। ਅੱਜ ਲੋੜ ਹੈ ਕਿ ਅਸੀਂ ਆਪਣੇ ਅੰਦਰ ਝਾਤੀ ਮਾਰੀਏ, ਆਪਣੀ ਮਹਾਨ ਵਿਰਾਸਤ ਤੋਂ ਜਾਣੂ ਹੋਈਏ ਅਤੇ ਗੁਰਮਤਿ ਸਿਧਾਂਤ ਤੋਂ ਸੇਧ ਲੈ ਕੇ ਖਾਲਸਾਈ ਰੂਪ ਵਿਚ ਵਿਚਰੀਏ! ਇਸ ਮਹਾਨ ਕਾਰਜ ਲਈ ਸਮੂਹ ਸਿੱਖ ਸੰਸਥਾਵਾਂ, ਸੰਪਰਦਾਵਾਂ, ਸਿੱਖ ਬੁੱਧੀਜੀਵੀਆਂ, ਮਹਾਂਪੁਰਖਾਂ ਅਤੇ ਖਾਸ ਕਰਕੇ ਮਾਪਿਆਂ ਨੂੰ ਯੋਜਨਾਬੱਧ ਤਰੀਕੇ ਨਾਲ ਹੰਭਲਾ ਮਾਰਨਾ ਹੋਵੇਗਾ। ਆਓ! ਇਸ ਮੌਕੇ ਉਨ੍ਹਾਂ ਮਹਾਨ ੪੦ ਮੁਕਤਿਆਂ ਨੂੰ ਪੂਰੀ ਸ਼ਰਧਾ ਸਤਿਕਾਰ ਅਤੇ ਸਨਮਾਨ ਨਾਲ ਸੀਸ ਝੁਕਾਈਏ ਅਤੇ ਸਤਿਗੁਰ ਦੇ ਦੱਸੇ ਮਾਰਗ ਉੱਤੇ ਚੱਲਣ ਦਾ ਪ੍ਰਣ ਕਰੀਏ।


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE
TRUST
SKYWAY TRAVEL
DOMESTIC and INTERNATIONAL
Special fares to
Amritsar
& Delhi
ਦੋ ਜਾਂ
ਦੋ ਤੋਂ ਵੱਧ
ਟਿਕਟਾਂ ਖਰੀਦਣ
'ਤੇ ਇਕ ਭਾਰ ਤੋਲਣ
ਵਾਲੀ ਮਸ਼ੀਨ ਮੁਫ਼ਤ
ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


www.indiventy.com
indiventy
Indiventy Technologies
CERTIFIED ISO 9001:2015 COMPANY
Full Website for $300 Only
UX
SEO
HTML 5
CMS
No Hidden Charges
Our Services
Website Designing
Website Development
Desktop Application Development
Mobile Application Development
Graphic Designing
SEO (search Engine Optimiztation)
Plans
Basic website
Website + Domain + Hosting
Full Website with uptown 8 Pages
5 Social Media Handles of Choice up to 4 Branded Emails accounts with 250mb storage each
Full Responsive Design
SEO friendly Structure
200 Backlinks
$300
Custom websites
Custom Web Solutions with Framework
Full Responsive Design
SEO friendly Structure
Online Branding including logo and Graphic Support
Virus Protection and Malware Scanning
SSL Certificate
500 backlinks
Starting $500
*Request Custom Quotation
Softwares/Applications
Android and IOS applications
Desktop Applications
Online Offline Softwares
Starting $500
*Request Custom Quotation
More Information: 775-293-4666


ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !
NEW YORK LIFE
www.newyorklife.com
1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।
COVERED CALIFORNIA
Open Enrollment for Healthcare Starts November 1,2017 to January 31, 2018.
ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073
ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com
ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!


GP
THE GOLD PROGRAM
TRANS-ALLIANCE
NATIONAL ACCOUNT TIRE SAVINGS AND BENEFITS
As a Trans-Alliance customer, you have access to our national accounts with most major tire brands.
The Gold Program allows you to purchase premium tires at deep discounts. In addition to stock purchases, you also have access to your pricing over-the-road. Save an average of $40/tire.
Consistent Nationwide Pricing
Pay the same low price whether you buy over-the-road or at your local dealer.
24/7/365 Coverage
Call us around the clock, and get access to our emergency roadside service program.
No Minimum Purchases
Buy only the number of tires you want at any given time.
Retain Your Local Service
Buy and receive service from your local dealer, and receive our national account service pricing.
— Save on top brands, like —
MICHELIN
Continental
GOODYEAR
BFGoodrich
DUNLOP
YOKOHAMA
KUMHO TIRES
ROADMASTER TIRES
Trans-Alliance knows that every dollar counts.
That's why they want to help you save on your tire purchases. Trans-Alliance customers receive nationwide discounts and benefits with most major tire brands.
Don't overpay for your tires. Contact Trans-Alliance today to learn more and request a free quote.
sales@trans-alliance.com
(855) 641-6955


SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੋਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲੱਬਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ !
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300


COVERED CALIFORNIA
ਤੁਹਾਡੇ ਇਲਾਕੇ ਵਿੱਚ ਸਸਤੀ ਮੈਡੀਕਲ ਇੰਸ਼ੋਰੈਂਸ਼
ਅਰਾਮ ਨਾਲ ਨਿਸਚਿੰਤ ਹੋਕੇ ਜ਼ਿੰਦਗੀ ਜੀਓ ਅਸੀਂ ਤੁਹਾਡੇ ਲਈ ਹੱਲ ਕੱਢ ਦਿੱਤਾ ਹੈ। ਵਧੀਆ ਅਤੇ ਸਸਤੀ ਤੁਹਾਡੇ ਇਲਾਕੇ ਵਿੱਚਲੀ ਹੀ ਮੈਡੀਕਲ ਇੰਸ਼ੋਰੈਂਸ ਲਉ ਜਿਸ ਉੱਤੇ ਤੁਸੀਂ ਭਰੋਸਾ ਕਰ ਸਕਦੇ ਹੋ। VHP ਤੁਹਾਨੂੰ ਮਨ ਦਾ ਸਕੂਨ ਅਤੇ ਵਧੀਆ ਸੁਵਿਧਾ ਪ੍ਰਦਾਨ ਕਰੇਗੀ:
VHP
✓ Santa Clara County ਵਿੱਚ ਸਭ ਤੋਂ ਸਸਤਾ Bronze, Silver, Gold ਅਤੇ Platinum ਪਲੈਨ
✓ ਭਰੋਸੇਯੋਗ ਅਤੇ ਉੱਚ ਪੱਦਰੀ ਕਵਰੇਜ
✓ ਵੱਡੀ ਗਿਣਤੀ ਵਿੱਚ ਡਾਕਟਰਾਂ ਅਤੇ ਮਾਹਿਰਾਂ ਦਾ ਨੈਟਵਰਕ
✓ ਵਧੀਆ ਸਰਵਿਸ – ਪੰਜਾਬੀ ਵਿੱਚ ਵੀ ਗੱਲ ਕਰ ਸਕੋਗੇ
ਹੁਣੇ ਇੰਸ਼ੋਰੈਂਸ਼ ਲਵੋ dukana1.myvhp.org ਤੇ ਜਾਓ ਜਾਂ 669.236.2263 ਤੇ ਕਾਲ ਕਰੋ
VHP is a proud partner of Covered California. Owned and operated by Santa Clara County. Covered California is a registered trademark of the State of California.
3150_NONMEM_NEWS_P

# ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :**
ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਸਿਆਟਲ ਦੇ ਵੱਖ-ਵੱਖ ਗੁਰੂ-ਘਰਾਂ ਗੁਰਦੁਆਰਾ ਸਿੰਘ ਸਭਾ ਰੈਨਟਨ, ਗੁਰਦੁਆਰਾ ਸੱਚਾ ਮਾਰਗ ਐਬਰਨ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗੁਰਦੁਆਰਾ ਕੈਂਟ ਵਿਚ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰਦੁਆਰਾ ਸਿੰਘ ਸਭਾ ਰੈਨਟਨ ਵਿਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ, ਜਿੱਥੇ ਗੁਰੂਘਰ ਦੇ ਕੀਰਤਨੀ ਜਥੇ ਭਾਈ ਜਰਨੈਲ ਸਿੰਘ ਤੇ ਭਾਈ ਵਰਿਆਮ ਸਿੰਘ





ਨੇ ਰਸਭਿੰਨਾ ਕੀਰਤਨ ਕਰ ਕੇ ਗੁਰੂ ਦਾ ਜਸ ਗਾਇਨ ਕੀਤਾ। ਗੁਰਦੁਆਰਾ ਸੱਚਾ ਮਾਰਗ ਐਬਰਨ ਵਿਖੇ ਭਾਈ ਕੁਲਵਿੰਦਰ ਸਿੰਘ ਦੇ ਕੀਰਤਨੀ ਜਥੇ ਨੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਤੋਂ ਹਰਸ਼ਿੰਦਰ ਸਿੰਘ ਸੰਧੂ ਨੇ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ। ਭਾਈ ਮਨਿੰਦਰ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਭਾਈ ਦਲਜੀਤ ਸਿੰਘ ਬੈਂਸ ਦੇ ਪਰਿਵਾਰ ਵਲੋਂ ਲੰਗਰਾਂ ਦੀ ਸੇਵਾ ਬੜੀ ਸ਼ਰਧਾ ਨਾਲ ਨਿਭਾਈ ਗਈ, ਜਿੱਥੇ ਉਨ੍ਹਾਂ ਦੇ ਮਾਤਾ ਜੀ ਸੁਰਜੀਤ ਕੌਰ ਬੈਂਸ ਨੂੰ ਗੁਰੂਘਰ ਵਲੋਂ ਸਿਰਪਾਓ ਦੇ ਕੇ ਨਿਵਾਜਿਆ ਗਿਆ।

# ਸਿੱਖਾਂ ਨੇ ਕ੍ਰਿਸਮਸ ਮੌਕੇ ਸ਼ਿਕਾਗੋ ਦੀ ਸਾਲਵੇਸ਼ਨ ਆਰਮੀ ਵਿਖੇ ਲੋੜਵੰਦਾਂ ਨੂੰ ਭੋਜਨ ਛਕਾਇਆ







**ਸ਼ਿਕਾਗੋ/ਬਿਊਰੋ ਨਿਊਜ਼ :**
ਸ਼ਿਕਾਗੋ ਦੀ ਪਲਾਟਾਈਨ ਇਲੀਨਾਇਸ ਸਥਿਤ ਸਿੱਖ ਰਿਲੀਜ਼ਨ ਸੁਸਾਇਟੀ ਦੇ 30 ਤੋਂ ਵੱਧ ਮੈਂਬਰਾਂ ਨੇ 825 ਉਤਰੀ ਕ੍ਰਿਸਟੀਆਨਾ ਐਵੇਨਿਊ ਸਥਿਤ ਸਾਲਵੇਸ਼ਨ ਆਰਮੀ ਵਿਖੇ 25 ਦਸੰਬਰ, 2018 ਨੂੰ ਕ੍ਰਿਸਮਸ ਦਿਵਸ ਮੌਕੇ ਲੋੜਵੰਦਾਂ ਲਈ ਦੁਪਹਿਰ ਦੇ ਖਾਣੇ ਦਾ ਪ੍ਰਬੰਧ ਕੀਤਾ। ਗੌਰਤਲਬ ਹੈ ਕਿ ਸਥਾਨਕ ਸਿੱਖਾਂ ਦਾ ਇਹ ਸਮੂਹ ਸੰਨ 1992 ਤੋਂ ਸਾਲਵੇਸ਼ਨ ਆਰਮੀ ਵਿਖੇ "ਲੰਗਰ ਸੇਵਾ" ਕਰਦਾ ਆ ਰਿਹਾ ਹੈ।
ਸਿੱਖ ਭਾਈਚਾਰੇ ਦੁਆਰਾ 600 ਤੋਂ ਵੱਧ ਲੋਕਾਂ ਲਈ ਗਰਮ ਭੋਜਨ ਵੱਜੋਂ ਟਰਕੀ, ਚਿਕਨ, ਆਲੂ, ਬੀਨਜ਼, ਸਟ੍ਰਿੰਗ, ਬਰੈਡ ਰੋਲਸ, ਮਿੱਠੇ ਆਲੂ ਅਤੇ ਐਪਲ ਪਾਈ ਆਦਿ ਤਿਆਰ ਕੀਤੇ ਗਏ ਸਨ। ਸਿੱਖਾਂ ਨੇ ਆਪਣੀਆਂ ਦਸਤਾਰਾਂ ਸਜਾ ਕੇ ਲੋੜਵੰਦਾਂ ਦੀ ਬਹੁਤ ਸਤਿਕਾਰ ਅਤੇ ਸੇਵਾ ਭਾਵਨਾ ਨਾਲ ਮਹਿਮਾਨ-ਨਿਵਾਜ਼ੀ ਕੀਤੀ। ਸੇਵਾਦਾਰ ਸਿੱਖਾਂ ਵਿਚ ਔਰਤਾਂ ਤੇ ਬੱਚਿਆਂ ਨੇ ਵੀ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ। ਸਿੱਖ ਭਾਈਚਾਰੇ ਦੇ ਨੌਜਵਾਨ ਵਲੰਟੀਅਰਾਂ ਵੱਲੋਂ ਖਾਣਾ ਖਾਣ ਤੋਂ ਬਾਅਦ ਵਾਪਿਸ ਜਾ ਰਹੇ ਪਰਿਵਾਰਾਂ ਨੂੰ ਦਰਵਾਜ਼ੇ ਉਤੇ ਖੜ੍ਹ ਕੇ ਕੂਕੀਜ਼, ਬੇਗਲ, ਕੇਕ ਆਦਿ ਦਿੱਤੇ ਗਏ ਅਤੇ ਬੱਚਿਆਂ ਨੂੰ ਚੈਰਿਟੀਆਂ ਦੁਆਰਾ ਦਾਨ ਕੀਤੇ ਖਿਡੌਣੇ ਵੰਡੇ ਗਏ। ਸਿੱਖ ਭਾਈਚਾਰੇ ਦੇ ਇਸ ਸੇਵਾ ਕਾਰਜ ਵਿਚ ਦੂਜੇ ਧਰਮਾਂ ਦੇ ਵਲੰਟੀਅਰਾਂ ਨੇ ਵੀ ਸ਼ਮੂਲੀਅਤ ਕੀਤੀ।
ਇਸ ਬਾਰੇ ਗੱਲ ਕਰਦਿਆਂ ਸਿੱਖ ਕੋਆਰਡੀਨੇਟਰ ਸਰਵਣ ਸਿੰਘ ਰਾਜੂ ਨੇ ਕਿਹਾ ਕਿ "ਕ੍ਰਿਸਮਸ ਵਾਲੇ ਦਿਨ ਲੋੜਵੰਦ ਪਰਿਵਾਰਾਂ, ਜਾਂ ਬੇਘਰੇ ਲੋਕਾਂ ਨੂੰ ਰਵਾਇਤੀ ਭੋਜਨ ਖੁਆਉਣ ਦੀ ਸੇਵਾ ਦਾ ਇਹ ਕਾਰਜ ਸਾਡੇ ਲਈ ਖੁਸ਼ੀ ਦੀ ਗੱਲ ਹੈ। ਸਿੱਖ ਗੁਰੂ ਸਾਹਿਬਾਨ ਵੱਲੋਂ ਲੰਗਰ ਦੀ ਪਰੰਪਰਾ (ਮੁਫਤ ਭੋਜਨ) ਸ਼ੁਰੂ ਕੀਤੀ ਗਈ ਸੀ, ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥ (ਅੰਗ 474)। ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਦੁਆਰਾ ਪੰਦਰਵੀਂ ਸਦੀ ਦੇ ਅੰਤ ਵਿਚ ਸਿੱਖ ਧਰਮ ਦੇ "ਤਿੰਨ ਪ੍ਰਮੁੱਖ ਸਿਧਾਂਤਾਂ" ਵਿਚ ਸ਼ੇਅਰਿੰਗ (ਵੰਡ ਛਕਣਾ) ਦਾ ਸਿਧਾਂਤ ਵੀ ਇਕ ਹੈ।"
ਸਿੱਖ ਰਿਲੀਜ਼ਨ ਸੁਸਾਇਟੀ ਦੇ ਸੀਨੀਅਰ ਮੈਂਬਰ ਸੁਰਿੰਦਰਪਾਲ ਸਿੰਘ ਕਾਲੜਾ ਨੇ ਸੁਸਾਇਟੀ ਦੇ ਮੈਂਬਰਾਂ ਦੁਆਰਾ ਦਾਨ ਕੀਤੀ ਗਈ 1101.00 ਡਾਲਰ ਦੀ ਰਕਮ ਸਾਲਵੇਸ਼ਨ ਆਰਮੀ ਦੀ ਮੇਜਰ ਨੈਂਸੀ ਪਾਵਰਜ਼ ਨੂੰ ਸੌਂਪੀ। ਮੇਜਰ ਨੇ ਇਸ ਯੋਗਦਾਨ ਲਈ ਸਮੂਹ ਸਿੱਖ ਭਾਈਚਾਰੇ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੇ ਪਲਾਟਾਈਨ ਸਿੱਖ ਗੁਰਦੁਆਰਾ ਸਾਹਿਬ ਨਾਲ ਆਪਣੇ ਸਦਭਾਵਨਾ ਵਾਲੇ ਸਬੰਧਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਗੁਰਦੁਆਰਾ ਸਾਹਿਬ ਕਈ ਵਾਰ ਗਈ ਹੈ ਅਤੇ ਉਨ੍ਹਾਂ ਨੂੰ ਉਥੇ ਸਿੱਖ ਭਾਈਚਾਰੇ ਵੱਲੋਂ ਦਿੱਤਾ ਜਾਂਦਾ ਪਿਆਰ ਅਤੇ ਸਤਿਕਾਰ ਯਾਦ ਹੈ। ਮੁਫਤ ਭੋਜਨ ਦੀ ਇਸ ਸੇਵਾ ਵਿਚ ਅਮਰਦੀਪ ਸਿੰਘ ਚਾਵਲਾ ਅਤੇ ਗੁਰਪ੍ਰੀਤ ਸਿੰਘ ਦੇ ਪਰਿਵਾਰਾਂ ਨੇ ਬਰੈਡਜ਼, ਕੂਕੀਜ਼, ਕੇਕ ਅਤੇ ਡੱਬਾ ਬੰਦ ਭੋਜਨ ਦੀਆਂ ਦੋ ਵੈਨਾਂ ਦਾਨ ਕੀਤੀਆਂ ਸਨ, ਜਿਸ ਲਈ ਮੇਜਰ ਨੈਂਸੀ ਪਾਵਰਜ਼ ਨੇ ਇਨ੍ਹਾਂ ਪਰਿਵਾਰਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਸਾਲਵੇਸ਼ਨ ਆਰਮੀ ਕੇਂਦਰ ਇਥੇ ਨਸ਼ਾ ਛੁਡਾਊ ਸੇਵਾਵਾਂ ਵੀ ਪ੍ਰਦਾਨ ਕਰਦਾ ਹੈ ਅਤੇ ਬੇਘਰ ਲੋਕਾਂ ਲਈ ਨਿਯਮਿਤ ਨੌਕਰੀਆਂ ਦੇ ਨਾਲ-ਨਾਲ ਘਰ ਵੀ ਤਿਆਰ ਕਰਕੇ ਦਿੰਦਾ ਹੈ।




Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

ਬਾਬਾ ਬਿੱਧੀ ਚੰਦ ਜੀ ਦੀ ਅੰਸ਼ ਵੰਸ਼ 'ਚੋਂ ਗਿਆਰਵੀਂ
ਗੱਦੀ ਨਸ਼ੀਨ ਮਹਾਂਪੁਰਖ ਸੱਚਖੰਡ ਵਾਸੀ

# ਬਾਬਾ ਦਿਆ ਸਿੰਘ ਜੀ



ਸੱਚਖੰਡ ਵਾਸੀ ਬਾਬਾ ਦਿਆ ਸਿੰਘ ਜੀ ਸੁਰਸਿੰਘ ਵਾਲੇ

ਦੀ ਮਿੱਠੀ ਪਿਆਰੀ
ਯਾਦ ਵਿਚ

# ਬਰਸੀ

## ਗੁਰਦੁਆਰਾ ਸਾਹਿਬ ਫਰੀਮੌਂਟ

300 ਗੁਰਦੁਆਰਾ ਰੋਡ ਫਰੀਮੌਂਟ ਕੈਲੀਫੋਰਨੀਆ-94536

ਵਿਖੇ

**18, 19 ਅਤੇ 20 ਜਨਵਰੀ 2019**

ਬਾਬਾ ਦਿਆ ਸਿੰਘ ਜੀ ਸੁਰਸਿੰਘ ਵਾਲਿਆਂ ਦੀ ਬਰਸੀ ਹਰ ਸਾਲ ਦੀ ਤਰ੍ਹਾਂ ਸੁਰਸਿੰਘ ਵਾਲਾ ਪਿੰਡ ਅਤੇ ਬਾਬਾ ਜੀ ਦੇ ਸ਼ਰਧਾਲੂਆਂ ਵਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ। ਇਸ ਬਰਸੀ ਸਮਾਗਮ ਵਿਚ ਸਮੂਹ ਸੰਗਤਾਂ ਨੂੰ ਹੁੰਮ-ਹੁੰਮਾ ਕੇ ਪੁੱਜਣ ਦੀ ਬੇਨਤੀ ਕੀਤੀ ਜਾਂਦੀ ਹੈ।

## ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ
18 ਜਨਵਰੀ, 2019 ਦਿਨ ਸ਼ਨਿੱਚਰਵਾਰ
ਸਵੇਰੇ 10.30 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ
20 ਜਨਵਰੀ, 2019 ਦਿਨ ਐਤਵਾਰ
ਸਵੇਰੇ 10:00 ਵਜੇ

*ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ।*

ਵਧੇਰੇ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ

ਜਥੇਦਾਰ ਗੁਰਦੇਵ ਸਿੰਘ
510-750-7499

ਭਾਈ ਕੁਲਦੀਪ ਸਿੰਘ
510-417-8011

ਹਰਭਜਨ ਸਿੰਘ ਢਿੱਲੋਂ
510-552-5925




PER GALLON ON DIESEL






## FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

## FACTORING

Fleet One introduces aggressive factoring program for Trans-Alliance members. We can beat any price to get your piece of business.

ਪੰਜਾਬੀ ਵਿਚ ਜਾਣਕਾਰੀ ਲਈ 1.855.641.6955

888.795.7035
sales@trans-alliance.com
www.trans-alliance.com

PETRO Stopping Centers
TA TravelCenters of America
Love's Travel Stops & Country Stores

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

Two Acres Truck Yard with small shop Available in Manteca asking for **$950,000**



Ranjit S Mangat
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**

# ਅਗਸਤਾ ਵੈਸਟਲੈਂਡ ਹੈਲੀਕਾਪਟਰ ਬਨਾਮ ਰਾਫੇਲ ਜਹਾਜ਼ ਘੋਟਾਲਾ

- **ਭਾਜਪਾ ਤੇ ਕਾਂਗਰਸ ਵੱਲੋਂ ਇਕ-ਦੂਜੇ ’ਤੇ ਦੂਸ਼ਣਬਾਜ਼ੀ**
- **ਮਿਸ਼ੇਲ ਨੂੰ 26 ਫਰਵਰੀ ਤਕ ਨਿਆਂਇਕ ਹਿਰਾਸਤ ‘ਚ ਭੇਜਿਆ**
- **ਇਟਲੀ ਦੀ ਅਦਾਲਤ ‘ਚ ਪੇਸ਼ ਦਸਤਾਵੇਜ਼ ਝੂਠੇ ਹੋਣ ਦਾ ਦਾਅਵਾ**



**ਨਵੀਂ ਦਿੱਲੀ/ਬਿਊਰੋ ਨਿਊਜ਼ :** ਅਗਸਤਾ ਵੈਸਟਲੈਂਡ ਹੈਲੀਕਾਪਟਰ ਸੌਦਾ ਮਾਮਲੇ ‘ਚ ਵਿਚੋਲੇ ਕ੍ਰਿਸ਼ਚੀਅਨ ਮਿਸ਼ੇਲ ਨੂੰ ਨਿਆਂਇਕ ਹਿਰਾਸਤ ‘ਚ ਭੇਜ ਦਿੱਤਾ ਗਿਆ ਹੈ। ਪਟਿਆਲਾ ਹਾਊਸ ਕੋਰਟ ਨੇ ਕ੍ਰਿਸ਼ਚੀਅਨ ਮਿਸ਼ੇਲ ਨੂੰ 26 ਫਰਵਰੀ ਤਕ ਨਿਆਂਇਕ ਹਿਰਾਸਤ ‘ਚ ਭੇਜ ਦਿੱਤਾ ਹੈ। ਸੁਣਵਾਈ ਦੌਰਾਨ ਅਦਾਲਤ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਦੱਸਿਆ ਕਿ ਇਟਲੀ ਦੀ ਅਦਾਲਤ ‘ਚ ਪੇਸ਼ ਕੀਤੇ ਗਏ ਸਾਰੇ ਦਸਤਾਵੇਜ਼ ਝੂਠੇ ਸਨ, ਸਾਡੇ ਕੋਲ ਇਸ ਦੇ ਸਬੂਤ ਹਨ। ਈਡੀ ਨੇ ਅਦਾਲਤ ਨੂੰ ਦੱਸਿਆ ਕਿ ਹਾਲੇ ਤਕ ਦੀ ਜਾਂਚ ਫਾਇਦੇਮੰਦ ਰਹੀ। ਅਸੀਂ ਜਾਂਚ ਕੀਤੀ ਹੈ ਕਿ ਕਿਸ ਤਰ੍ਹਾਂ ਹਵਾਲਾ ਕੈਸ਼ ਕਈ ਬੈਂਕ ਖਾਤਿਆਂ ਜ਼ਰੀਏ ਇਧਰ ਤੋਂ ਉਧਰ ਕੀਤਾ ਜਾ ਰਿਹਾ ਸੀ। ਕ੍ਰਿਸ਼ਚੀਅਨ ਨੂੰ ਦਿੱਲੀ ਦੀ ਪਟਿਆਲਾ ਹਾਊਸ ਅਦਾਲਤ ‘ਚ ਵਿਸ਼ੇਸ਼ ਜਸਟਿਸ ਅਰਵਿੰਦ ਕੁਮਾਰ ਦੇ ਸਾਹਮਣੇ ਪੇਸ਼ ਕੀਤਾ ਗਿਆ। ਈਡੀ ਨੇ ਅਦਾਲਤ ‘ਚ ਮਿਸ਼ੇਲ ਦੀ ਨਿਆਂਇਕ ਹਿਰਾਸਤ ਦੀ ਮੰਗ ਕੀਤੀ ਸੀ। ਇਸ ਤੋਂ ਪਹਿਲਾਂ ਦੀ ਸੁਣਵਾਈ ਦੌਰਾਨ ਈਡੀ ਨੇ ਅਦਾਲਤ ‘ਚ ਕਿਹਾ ਸੀ ਕਿ ਅਗਸਤ ਵੈਸਟਲੈਂਡ ਹੈਲੀਕਾਪਟਰ ਸੌਦਾ ਮਾਮਲੇ ‘ਚ ਵਿਚੋਲੇ ਕ੍ਰਿਸ਼ਚੀਅਨ ਮਿਸ਼ੇਲ ਨੇ ਸ੍ਰੀਮਤੀ ਗਾਂਧੀ ਦਾ ਨਾਂਅ ਲਿਆ ਸੀ। ਹਾਲਾਂ ਕਿ ਈਡੀ ਨੇ ਕਿਹਾ ਸੀ ਕਿ ਕਿਸ ਸੰਦਰਭ ‘ਚ ਉਨ੍ਹਾਂ ਦਾ ਨਾਂਅ ਲਿਆ ਗਿਆ ਹੈ, ਇਸ ਦੀ ਹਾਲੇ ਜਾਣਕਾਰੀ ਨਹੀਂ।

ਅਗਸਤਾ ਵੈਸਟਲੈਂਡ ਹੈਲੀਕਾਪਟਰ ਵਾਲੇ ਸੌਦੇ ਦੇ ਦਲਾਲ ਕ੍ਰਿਸਚੀਅਨ ਮਿਸ਼ੇਲ ਨੇ ਕਾਂਗਰਸ ਪਾਰਟੀ ਦੀ ਪ੍ਰਧਾਨ ਵੱਲ ਇਸ਼ਾਰਾ ਕਰ ਦਿੱਤਾ ਹੈ। ਉਸ ਨੇ ਸੋਨੀਆ ਗਾਂਧੀ ਦਾ ਨਾਂਅ ਭਾਵੇਂ ਨਹੀਂ ਲਿਆ ਪਰ ਜਿਵੇਂ ‘ਮਿਸਿਜ਼ ਗਾਂਧੀ’ ਕਿਹਾ ਅਤੇ ਫਿਰ ਨਾਲ ਇਹ ਕਿਹਾ ਕਿ ਉਸ ਦਾ ਪੁੱਤਰ ਵੀ ਅਗਲੇ ਸਮੇਂ ਵਿਚ ਇਸ ਦੇਸ਼ ਦਾ ਪ੍ਰਧਾਨ ਮੰਤਰੀ ਹੋ ਸਕਦਾ ਹੈ, ਉਸ ਨਾਲ ਓਹਲਾ ਨਹੀਂ ਰਹਿਣ ਦਿੱਤਾ ਕਿ ਗੱਲ ਸੋਨੀਆ ਗਾਂਧੀ ਦੀ ਹੀ ਹੁੰਦੀ ਹੈ।

ਦੂਜੇ ਪਾਸੇ ਕਾਂਗਰਸ ਨੇ ਇਹੋ ਜਿਹੇ ਦੋਸ਼ ਨੂੰ ਰੱਦ ਕਰ ਦਿੱਤਾ ਹੈ। ਇਸ ਦੇ ਬਾਅਦ ਹੈਲੀਕਾਪਟਰ ਸੌਦੇ ਦੇ ਸਬੰਧ ਵਿਚ ਇੱਕ ਬਹਿਸ ਚੱਲ ਪਈ ਹੈ ਅਤੇ ਸ਼ਾਇਦ ਇਹ ਲੋਕ ਸਭਾ ਚੋਣਾਂ ਤਕ ਚੱਲਦੀ ਰਹੇਗੀ।

ਭਾਰਤ ਦੀ ਫੌਜ ਤਾਂ ਕਿਧਰੇ ਰਹੀ, ਸਿਵਲ ਦੇ ਵੀ ਜਿੰਨੇ ਪ੍ਰਾਜੈਕਟਾਂ ਦੇ ਸੌਦੇ ਕੀਤੇ ਜਾਂਦੇ ਹਨ, ਲਗਭਗ ਹਰ ਕਿਸੇ ਵਿਚ ਇਸ ਤਰ੍ਹਾਂ ਦੀ ਰਿਸ਼ਵਤਖੋਰੀ ਬਾਰੇ ਰੌਲਾ ਪਈ ਜਾਂਦਾ ਹੈ। ਪੰਡਿਤ ਜਵਾਹਰ ਲਾਲ ਨਹਿਰੂ ਦੇ ਵਕਤ ਭਾਰਤੀ ਫੌਜ ਲਈ ਜਦੋਂ ਜੀਪਾਂ ਦਾ ਸੌਦਾ ਕੀਤਾ ਗਿਆ ਸੀ, ਇਹ ਰੌਲਾ ਤਾਂ ਓਦੋਂ ਵੀ ਪੈ ਗਿਆ ਸੀ। ਭਾਜਪਾ ਦੀ ਅਗਵਾਈ ਵਾਲੀ ਵਾਜਪਾਈ ਸਰਕਾਰ ਦੇ ਵਕਤ ਤਹਿਲਕਾ ਕਾਂਡ ਜਦੋਂ ਹੋਇਆ ਤਾਂ ਉਹ ਸਿਰਫ ਉਸ ਸਰਕਾਰ ਦੇ ਬਾਰੇ ਹੀ ਨਹੀਂ, ਸਮੁੱਚੇ ਫੌਜੀ ਸੌਦਿਆਂ ਦੇ ਭ੍ਰਿਸ਼ਟਾਚਾਰ ਤੋਂ ਪਰਦਾ ਚੁੱਕਣ ਵਾਲਾ ਸੀ। ਬਾਅਦ ਵਿਚ ਜਦੋਂ ਸਕਾਰਪੀਅਨ ਪਣਡੁੱਬੀਆਂ ਦਾ ਸੌਦਾ ਕੀਤਾ ਤਾਂ ਉਸ ਵਿਚ ਵੀ ਇਹੋ ਜਿਹਾ ਰੌਲਾ ਪੈਂਦਾ ਰਿਹਾ ਸੀ । ਤਾਜ਼ਾ ਕੇਸ ਰਾਫੇਲ ਜੰਗੀ ਜਹਾਜ਼ਾਂ ਦੀ ਖਰੀਦ ਦਾ ਹੈ, ਜਿਸ ਬਾਰੇ ਕਾਂਗਰਸ ਪਾਰਟੀ ਦੇ ਆਗੂਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿਲਾਫ ਚੁਫੇਰੇ ਹਨੇਰੀ ਲਿਆਂਦੀ ਪਈ ਹੈ।

ਸਾਨੂੰ ਸਾਰਿਆਂ ਨੂੰ ਇਹ ਯਾਦ ਹੈ ਕਿ ਰਾਜੀਵ ਗਾਂਧੀ ਦੇ ਪ੍ਰਧਾਨ ਮੰਤਰੀ ਹੋਣ ਸਮੇਂ ਬੋਫੋਰਜ਼ ਕੰਪਨੀ ਦੀਆਂ ਹਾਵਿਟਜ਼ਰ ਤੋਪਾਂ ਦੀ ਖਰੀਦ ਦਾ ਸੌਦਾ ਏਦਾਂ ਦੀ ਚਰਚਾ ਦਾ ਸਭ ਤੋਂ ਵੱਡਾ ਮੁੱਦਾ ਬਣਿਆ ਸੀ। ਉਸ ਦੀ ਸਰਕਾਰ ਚਲੀ ਗਈ ਸੀ ਤੇ ਜਿਨ੍ਹਾਂ ਨੇ ਆਖਿਆ ਸੀ ਕਿ ਸਾਡੀ ਸਰਕਾਰ ਆਈ ਤਾਂ ਪਹਿਲਾ ਕੰਮ ਰਾਜੀਵ ਗਾਂਧੀ ਨੂੰ ਜੇਲ੍ਹ ਭੇਜਣ ਦਾ ਕਰਾਂਗੇ, ਉਨ੍ਹਾਂ ਸਿਰਫ ਜਾਂਚ ਦਾ ਸਵਾਂਗ ਕਰ ਕੇ ਵਕਤ ਟਪਾ ਛੱਡਿਆ ਸੀ। ਫਿਰ ਉਹ ਕੇਸ ਕਈ ਸਾਲ ਚੱਲਣ ਪਿੱਛੋਂ ਖਤਮ ਹੋ ਗਿਆ। ਅਦਾਲਤ ਨੇ ਸਾਰੇ ਦੋਸ਼ੀ ਰਿਹਾਅ ਕਰਨ ਦਾ ਹੁਕਮ ਕਰ ਦਿੱਤਾ। ਬਾਅਦ ਵਿਚ ਇਹ ਗੱਲ ਚੱਲ ਪਈ ਕਿ ਦੋਸ਼ੀਆਂ ਵਿਚੋਂ ਕੁਝ ਦੀ ਕਾਂਗਰਸ ਦੀ ਅਗਵਾਈ ਕਰਦੇ ਰਾਜੀਵ ਗਾਂਧੀ ਦੇ ਵਾਰਸ ਪਰਿਵਾਰ ਨਾਲ ਸਾਂਝ ਸੀ ਤੇ ਕੁਝ ਹੋਰਨਾਂ ਦੀ ਅਟਲ ਬਿਹਾਰੀ ਵਾਜਪਾਈ ਨਾਲ ਨੇੜਤਾ ਸੀ, ਜਿਸ ਦਾ ਲਾਭ ਲੈ ਕੇ ਜਦੋਂ ਇਕ ਧਿਰ ਛੁੱਟ ਗਈ ਤਾਂ ਦੂਸਰੀ ਵੀ ਨਾਲ ਹੀ ਛੁੱਟਣੀ ਸੀ।

ਜਿਹੜਾ ਸੌਦਾ ਇਸ ਵਕਤ ਚਰਚਾ ਵਿਚ ਹੈ, ਇਸ ਦੇ ਦਲਾਲ ਕ੍ਰਿਸ਼ਚੀਅਨ ਮਿਸ਼ੈਲ ਨੂੰ ਡੁਬਈ ਤੋਂ ਭਾਰਤ ਸਰਕਾਰ ਨੇ ਏਥੇ ਲਿਆਂਦਾ ਹੈ। ਇਹ ਆਪਣੇ ਆਪ ਵਿਚ ਇਕ ਵੱਡੀ ਪ੍ਰਾਪਤੀ ਲਗਦੀ ਸੀ। ਬਾਅਦ ਵਿਚ ਇਸ ਕੇਸ ਬਾਰੇ ਵਿਵਾਦ ਖੜ੍ਹੇ ਹੋਣ ਲੱਗ ਪਏ। ਉਸ ਬਾਰੇ ਦੱਸਿਆ ਗਿਆ ਹੈ ਕਿ ਉਸ ਨੇ ਆਪਣੇ ਵਕੀਲ ਨੂੰ ਚਿੱਟ ਦਿੱਤੀ ਹੈ। ਉਸ ਵਿਚ ਸੋਨੀਆ ਗਾਂਧੀ ਵੱਲ ਸੰਕੇਤ ਦੇ ਸ਼ਬਦ ਲਿਖੇ ਨਿਕਲੇ ਹਨ। ਸੋਨੀਆ ਗਾਂਧੀ ਇਸ ਵਿਚ ਕਿਸੇ ਹੱਦ ਤੱਕ ਵੀ ਦੋਸ਼ੀ ਨਿਕਲੇ ਤਾਂ ਕਾਰਵਾਈ ਹੋਣੀ ਚਾਹੀਦੀ ਹੈ। ਇਹ ਕਹਿਣਾ ਔਖਾ ਹੈ ਕਿ ਕ੍ਰਿਸ਼ਚੀਅਨ ਮਿਸ਼ੈਲ ਕੋਈ ਝੂਠ ਬੋਲਦਾ ਹੋਵੇਗਾ ਜਾਂ ਜਾਂਚ ਨੂੰ ਗੁੰਮਰਾਹ ਕਰਨ ਲਈ ਏਦਾਂ ਦੀ ਹਰਕਤ ਕਰਦਾ ਹੋਵੇਗਾ, ਸਗੋਂ ਇਸ ਗੱਲ ਵੱਲ ਲੋਕਾਂ ਦਾ ਧਿਆਨ ਵੱਧ ਗਿਆ ਹੈ ਕਿ ਇਹ ਸਾਰਾ ਕੁਝ ਓਦੋਂ ਬਾਹਰ ਆਉਂਦਾ ਹੈ, ਜਦੋਂ ਲੋਕ ਸਭਾ ਚੋਣਾਂ ਵਿਚ ਮਸਾਂ ਕੁਝ ਮਹੀਨੇ ਰਹਿੰਦੇ ਹਨ। ਐਨ ਚੋਣਾਂ ਨੇੜੇ ਆਣ ਕੇ ਇਹੋ ਜਿਹਾ ਕੇਸ ਜਦੋਂ ਬਾਹਰ ਆਇਆ ਹੈ ਤਾਂ ਇਸ ਨੂੰ ਸਿਆਸੀ ਰੰਗ ਚਾੜ੍ਹਨ ਵਾਸਤੇ ਕਈ ਲੋਕ ਨਿੱਤਰ ਪੈਣਗੇ।

## ਲੋਕ ਸਭਾ ’ਚ ਰਾਫੇਲ ਮੁੱਦੇ ’ਤੇ ਭਾਜਪਾ ਅਤੇ ਕਾਂਗਰਸ ਵਿਚ ਤਿੱਖੀ ਬਹਿਸ

ਲੋਕ ਸਭਾ ‘ਚ ਰਾਫੇਲ ਮੁੱਦੇ ‘ਤੇ ਭਾਜਪਾ ਅਤੇ ਕਾਂਗਰਸ ‘ਚ ਤਿੱਖੀ ਬਹਿਸ ਹੋਈ। ਦੋਵਾਂ ਵੱਲੋਂ ਰਾਫੇਲ ਮੁੱਦੇ ਨੂੰ ਲੈ ਕੇ ਇਕ-ਦੂਜੇ ‘ਤੇ ਦੂਸ਼ਣਬਾਜ਼ੀ ਲਗਾਈ ਗਈ ਹੈ। ਲੋਕ ਸਭਾ ‘ਚ ਵਿਰੋਧੀ ਧਿਰ ਨੇ ਰਾਫੇਲ ਲੜਾਕੂ ਜਹਾਜ਼ ਖਰੀਦ ਮਾਮਲੇ ‘ਚ ਲੱਗੇ ਦੋਸ਼ਾਂ ‘ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੁੱਪੀ ‘ਤੇ ਸਵਾਲ ਚੁਕਦਿਆਂ ਉਨ੍ਹਾਂ ਤੋਂ ਬਿਆਨ ਦੇਣ ਅਤੇ ਇਸ ਮੁੱਦੇ ‘ਤੇ ਸੰਯੁਕਤ ਸੰਸਦੀ ਕਮੇਟੀ (ਜੇਪੀਸੀ) ਦੇ ਗਠਨ ਦੀ ਮੰਗ ਕੀਤੀ। ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ‘ਤੇ ਰਾਫੇਲ ਲੜਾਕੂ ਜਹਾਜ਼ਾਂ ਦੇ ਸੌਦੇ ‘ਤੇ ਸੰਸਦ ‘ਚ ਚਰਚਾ ਤੋਂ ਭੱਜਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਚਰਚਾ ‘ਚ ਪ੍ਰਧਾਨ ਮੰਤਰੀ ਦੀ ਥਾਂ ਵਿੱਤ ਮੰਤਰੀ ਅਰੁਣ ਜੇਤਲੀ ਇਸ ਮੁੱਦੇ ‘ਤੇ ਬੋਲਦੇ ਹਨ ਅਤੇ ਰਾਫੇਲ ਨਾਲ ਜੁੜੇ ਸਵਾਲਾਂ ਦਾ ਜਵਾਬ ਦੇਣ ਦੀ ਬਜਾਏ ਉਨ੍ਹਾਂ ਨੂੰ ਮੰਦਾ ਬੋਲਦੇ ਹਨ। ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਕਿ ਸੰਨ 2019 ਦੀਆਂ ਚੋਣਾਂ ‘ਚ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਬਣਨ ‘ਤੇ ਰਾਫੇਲ ਡੀਲ ਦੀ ਅਪਰਾਧਕ ਜਾਂਚ ਕਰਵਾਈ ਜਾਵੇਗੀ ਅਤੇ ਜੋ ਵੀ ਜ਼ਿੰਮੇਵਾਰ ਪਾਇਆ ਗਿਆ, ਉਸ ਨੂੰ ਸਜ਼ਾ ਦਿੱਤੀ ਜਾਵੇਗੀ। ਰਾਫੇਲ ਮਾਮਲੇ ‘ਤੇ ਲੋਕ ਸਭਾ ‘ਚ ਚਰਚਾ ਦਾ ਰੱਖਿਆ ਮੰਤਰੀ ਵੱਲੋਂ ਜਵਾਬ ਦੇਣ ਤੋਂ ਬਾਅਦ ਰਾਹੁਲ ਗਾਂਧੀ ਨੇ ਸੰਸਦ ਭਵਨ ‘ਚ ਪੱਤਰਕਾਰਾਂ ਨੂੰ ਕਿਹਾ ਕਿ ਰੱਖਿਆ ਮੰਤਰੀ ਲੋਕ ਸਭਾ ‘ਚ ਉਨ੍ਹਾਂ ਦੇ ਸਵਾਲ ਦਾ ਜਵਾਬ ਦੇਣ ਦੀ ਬਜਾਏ ਡਰਾਮਾ ਕਰਦੇ ਰਹੇ। ਇਥੋਂ ਤਕ ਕਿ ਢਾਈ ਘੰਟੇ ਦੇ ਭਾਸ਼ਣ ‘ਚ ਰੱਖਿਆ ਮੰਤਰੀ ਨੇ ਜਹਾਜ਼ ਦੀ ਕੀਮਤ ‘ਤੇ ਜਵਾਬ ਨਹੀਂ ਦਿੱਤਾ ਅਤੇ ਅਨਿਲ ਅੰਬਾਨੀ ਦਾ ਨਾਂ ਤੱਕ ਨਹੀਂ ਲਿਆ।

ਕਾਂਗਰਸ ਪ੍ਰਧਾਨ ਨੇ ਸੰਸਦ ਭਵਨ ‘ਚ ਕਿਹਾ ਕਿ ਰਾਫੇਲ ਮੁੱਦੇ ‘ਤੇ ਲੋਕ ਸਭਾ ‘ਚ ਚਰਚਾ ਹੋ ਰਹੀ ਹੈ ਪਰ ਮੋਦੀ ਇਸ ਚਰਚਾ ‘ਚ ਹਿੱਸਾ ਨਹੀਂ ਲੈ ਰਹੇ। ਪ੍ਰਧਾਨ ਮੰਤਰੀ ਦੀ ਥਾਂ ਵਿੱਤ ਮੰਤਰੀ ਅਰੁਣ ਜੇਤਲੀ ਸੰਸਦ ‘ਚ ਸਾਹਮਣੇ ਹਨ ਅਤੇ ਉਨ੍ਹਾਂ ਨੇ ਵੀ ਰਾਫੇਲ ਸੌਦੇ ਨੂੰ ਲੈ ਕੋਈ ਜਵਾਬ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਸ ਸੌਦੇ ਨੂੰ ਲੈ ਕੇ ਦੱਸਣਾ ਚਾਹੀਦਾ ਹੈ ਕਿ 526 ਕਰੋੜ ਰੁਪਏ ਦੇ ਜਹਾਜ਼ ਦਾ ਸੌਦਾ 1600 ਕਰੋੜ ਰੁਪਏ ਵਿਚ ਕਿਉਂ ਤੈਅ ਕੀਤਾ ਗਿਆ। ਕਾਂਗਰਸ ਪ੍ਰਧਾਨ ਨੇ ਕਿਹਾ ਕਿ ਸਰਕਾਰ ਇਹ ਵੀ ਦੱਸੇ ਕਿ ਇਹ ਕੰਮ ਹਵਾਈ ਫ਼ੌਜ ਦੇ ਕਹਿਣ ‘ਤੇ ਕੀਤਾ ਗਿਆ ਹੈ ਜਾਂ ਖੁਦ ਮੋਦੀ ਨੇ ਇਹ ਫ਼ੈਸਲਾ ਲਿਆ ਹੈ। ਸਰਕਾਰ ਇਹ ਵੀ ਦੱਸੇ ਕਿ 126 ਜਹਾਜ਼ਾਂ ਦੀ ਥਾਂ ਸਿਰਫ਼ 36 ਜਹਾਜ਼ਾਂ ਦਾ ਹੀ ਸੌਦਾ ਤੈਅ ਕਿਉਂ ਕੀਤਾ ਗਿਆ।

ਉਧਰ ਰੱਖਿਆ ਮੰਤਰੀ ਨਿਰਮਲਾ ਸੀਤਾਰਮਨ ਨੇ ਲੋਕ ਸਭਾ ‘ਚ ਰਾਫੇਲ ਮੁੱਦੇ ‘ਤੇ ਹੋਈ ਚਰਚਾ ਦੇ ਜਵਾਬ ‘ਚ ਕਿਹਾ ਕਿ ਰੱਖਿਆ ਸੌਦੇ ਅਤੇ ਰੱਖਿਆ ‘ਚ ਸੌਦੇਬਾਜ਼ੀ ‘ਚ ਫ਼ਰਕ ਹੁੰਦਾ ਹੈ। ਪਿਛਲੀ ਯੂਪੀਏ ਸਰਕਾਰ ‘ਚ ਰਾਫੇਲ ਡੀਲ ਨੂੰ ਪੂਰਾ ਕਰਨ ਦੀ ਨੀਅਤ ਨਹੀਂ ਸੀ। ਸੀਤਾਰਮਨ ਨੇ ਕਿਹਾ ਕਿ ਰੱਖਿਆ ਸੌਦਾ ਦੇਸ਼ ਦੀ ਸੁਰੱਖਿਆ ਨਾਲ ਜੁੜਿਆ ਮਾਮਲਾ ਹੈ। ਦੇਸ਼ ਨੂੰ ਇਹ ਸਮਝਣਾ ਹੋਵੇਗਾ ਕਿ ਰੱਖਿਆ ਸੌਦੇ ਗੁਪਤ ਹੁੰਦੇ ਹਨ। ਦੇਸ਼ ਦੀ ਸਰਹੱਦ ‘ਤੇ ਸੰਵੇਦਨਸ਼ੀਲ ਮਾਹੌਲ ਹੈ। ਸਰਕਾਰ ‘ਚ ਜੋ ਵੀ ਹੈ, ਉਸ ਨੂੰ ਇਹ ਸਮਝਣਾ ਹੋਵੇਗਾ, ਜ਼ਿੰਮੇਵਾਰੀ ਲੈਣੀ ਹੋਵੇਗੀ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੇ ਆਪਣੇ ਲੜਾਕੂ ਜਹਾਜ਼ਾਂ ਦੀ ਸਮਰੱਥਾ ਵਧਾਈ ਹੈ। ਸਾਡੀ ਸਮਰੱਥਾ ਘਟ ਰਹੀ ਹੈ। ਉਨ੍ਹਾਂ ਕਿਹਾ ਕਿ ਰੱਖਿਆ ਸੌਦੇ ਦੀ ਪ੍ਰਕਿਰਿਆ 10 ਸਾਲ ਨਹੀਂ ਚਲਦੀ, ਅਸੀਂ ਸਿਰਫ਼ 14 ਮਹੀਨਿਆਂ ‘ਚ ਸੌਦੇ ਦੀ ਪ੍ਰਕਿਰਿਆ ਪੂਰੀ ਕੀਤੀ। ਸਤੰਬਰ-2019 ‘ਚ ਪਹਿਲਾ ਰਾਫੇਲ ਜਹਾਜ਼ ਆ ਜਾਵੇਗਾ। ਇਸ ਤੋਂ ਇਲਾਵਾ ਸਾਰੇ ਜਹਾਜ਼ ਸੰਨ 2022 ਤਕ ਭਾਰਤ ਆ ਜਾਣਗੇ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਐਚਏਐਲ ਦੇ ਵਿਕਾਸ ਲਈ ਕੁਝ ਨਹੀਂ ਕੀਤਾ, ਉਹ ਉਸ ਨੂੰ ਸਿਰਫ਼ ਰਿਆਇਤ ਦਿੰਦੀ ਰਹੀ। ਸਿਰਫ਼ ਰੱਖਿਆ ਸੌਦਿਆਂ ‘ਚ ਖਰੀਦ ਲਈ ਐਚਏਐਲ ਦੀ ਵਰਤੋਂ ਹੁੰਦੀ ਰਹੀ। ਉਨ੍ਹਾਂ ਕਿਹਾ ਕਿ ਰਾਫੇਲ ਬਣਾਉਣ ਵਾਲੀ ਕੰਪਨੀ ਦੁਸਾਲਟ ਨੇ ਐਚਏਐਲ ‘ਚ ਬਣੇ ਜਹਾਜ਼ਾਂ ਦੀ ਗਾਰੰਟੀ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਕਾਂਗਰਸ 136 ਨਹੀਂ, ਸਗੋਂ 18 ਜਹਾਜ਼ ਖਰੀਦਣ ਵਾਲੀ ਸੀ। ਅਸੀਂ ਇਸ ਦੀ ਗਿਣਤੀ ਵਧਾ ਕੇ 36 ਕਰ ਦਿੱਤੀ। ਸੀਤਾਰਮਨ ਨੇ ਸਵਾਲ ਕੀਤਾ ਕਿ ਕਾਂਗਰਸ ਨੂੰ 526 ਕਰੋੜ ਦਾ ਅੰਕੜਾ ਕਿਥੋਂ ਮਿਲਿਆ। ਅਸੀਂ 9 ਫ਼ੀਸਦੀ ਸਸਤੇ ਰਾਫੇਲ ਖਰੀਦੇ।

# ਸਿਆਸੀ ਰੋਟੀਆਂ ਸੇਕਣ ਲਈ ਬਾਲਣ ਬਣਿਆ 9000 ਕਰੋੜ ਦੇ ਕਥਿਤ ਘਪਲੇਬਾਜ਼ ਵਿਜੈ ਮਾਲਿਆ ਦਾ ਮਾਮਲਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਰਤ ਵਿਚ ਭਾਰਤੀ ਜਨਤਾ ਪਾਰਟੀ ਤੇ ਕਾਂਗਰਸ ਦੇ ਸਿਆਸਤਦਾਨਾਂ ਦਾ ਨਜ਼ਦੀਕੀ ਰਹੇ ਵਿਜੈ ਮਾਲਿਆ ਨਾਂ ਦੇ ਬਿਜ਼ਨੈਸਮੈਨ ‘ਤੇ ਬੈਂਕਾਂ ਦੇ ਕਰਜ਼ੇ ਨਾ ਭਰਨ ਤੇ ਕਾਲੇ ਧਨ ਨੂੰ ਸਫੈਦ ਕਰਨ ਦੇ ਮਾਮਲੇ ‘ਚ 9000 ਕਰੋੜ ਰੁਪਏ ਦੀ ਘਪਲੇਬਾਜ਼ੀ ਦਾ ਦੋਸ਼ ਹੈ। ਉਹ ਈਡੀ ਤੇ ਸੀਬੀਆਈ ਕੋਲ ਕੇਸਾਂ ਦਾ ਸਾਹਮਣਾ ਕਰ ਰਿਹਾ ਹੈ। ਇਸੇ ਦੌਰਾਨ ਉਹ ਮਾਰਚ 2016 ‘ਚ ਭਾਰਤ ਛੱਡ ਕੇ ਇੰਗਲੈਂਡ ਦੌੜ ਗਿਆ ਸੀ। ਹੁਣ ਅਦਾਲਤ ਵੱਲੋਂ ਵਿਜੈ ਮਾਲਿਆ ਨੂੰ ਭਗੌੜਾ ਅਪਰਾਧੀ ਐਲਾਨੇ ਜਾਣ ਮਗਰੋਂ ਭਾਰਤੀ ਜਨਤਾ ਪਾਰਟੀ ਤੇ ਕਾਂਗਰਸ ਆਪੋ-ਆਪਣੇ ਸਿਆਸੀ ਹਿੱਤ ਸਿੱਧੇ ਕਰਨ ਲੱਗ ਪਈਆਂ ਹਨ। ਭਾਰਤੀ ਜਨਤਾ ਪਾਰਟੀ ਦੇ ਬੋਲ-ਵਿਗਾੜ ਬੁਲਾਰੇ ਸੰਬਿਤ ਪਾਤਰਾ ਨੇ ਕਿਹਾ ਕਿ ਮੌਜੂਦਾ ਸਰਕਾਰ ਵੱਲੋਂ ਬਣਾਏ ਗਏ ਕਾਨੂੰਨ ਕਾਰਨ ਭ੍ਰਿਸ਼ਟਾਚਾਰ ਖ਼ਿਲਾਫ਼ ਜੰਗ ਮਜ਼ਬੂਤ ਹੋਈ ਹੈ ਤੇ ਭਗੌੜੇ ਵਿੱਤੀ ਅਪਰਾਧੀਆਂ ਨੂੰ ਕਾਨੂੰਨ ਅਨੁਸਾਰ ਸਜ਼ਾ ਯਕੀਨੀ ਮਿਲੇਗੀ। ਦੂਜੇ ਪਾਸੇ ਕਾਂਗਰਸ ਦੇ ਬੁਲਾਰੇ ਪਵਨ ਕੁਮਾਰ ਨੇ ਦੋਸ਼ ਲਗਾਇਆ ਕਿ ਵਿਜੈ ਮਾਲਿਆ ਨੇ ਵਿੱਤ ਮੰਤਰੀ ਅਰੁਣ ਜੇਤਲੀ ਨਾਲ ਮੁਲਾਕਾਤ ਕਰਕੇ ਦੇਸ਼ ਛੱਡਣ ਦੀ ਇਜਾਜ਼ਤ ਮੰਗੀ ਸੀ।



ਜ਼ਿਕਰਯੋਗ ਹੈ ਕਿ ਸ਼ਰਾਬ ਕਾਰੋਬਾਰੀ ਵਿਜੈ ਮਾਲਿਆ ਨੂੰ ਕੁਝ ਹਫ਼ਤੇ ਪਹਿਲਾਂ ਬਰਤਾਨੀਆ ਦੀ ਅਦਾਲਤ ਵੱਲੋਂ ਭਾਰਤ ਹਵਾਲੇ ਕਰਨ ਦੇ ਦਿੱਤੇ ਹੁਕਮਾਂ ਤੋਂ ਬਾਅਦ ਮੁੰਬਈ ਦੀ ਵਿਸ਼ੇਸ਼ ਅਦਾਲਤ ਨੇ ਉਸ ਨੂੰ ਭਗੌੜਾ ਵਿੱਤੀ ਅਪਰਾਧੀ ਐਲਾਨ ਕੇ ਇੱਕ ਹੋਰ ਝਟਕਾ ਦਿੱਤਾ ਹੈ। ਮਾਲਿਆ ਅਜਿਹਾ ਪਹਿਲਾ ਕਾਰੋਬਾਰੀ ਬਣ ਗਿਆ ਹੈ ਜਿਸ ਨੂੰ ਨਵੇਂ ਵਿੱਤੀ ਭਗੌੜਾ ਅਪਰਾਧ ਕਾਨੂੰਨ ਦੇ ਘੇਰੇ ‘ਚ ਲਿਆਂਦਾ ਗਿਆ ਹੈ। ਦੱਸਣਯੋਗ ਹੈ ਕਿ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਮੁੰਬਈ ਦੀ ਵਿਸ਼ੇਸ਼ ਅਦਾਲਤ ‘ਚ ਅਪੀਲ ਦਾਇਰ ਕੀਤੀ ਸੀ ਕਿ ਵਿਜੈ ਮਾਲਿਆ ਜੋ ਇਸ ਸਮੇਂ ਬਰਤਾਨੀਆ ‘ਚ ਰਹਿ ਰਿਹਾ ਹੈ, ਨੂੰ ਨਵੇਂ ਵਿੱਤੀ ਭਗੌੜਾ ਅਪਰਾਧ ਕਾਨੂੰਨ ਦੇ ਘੇਰੇ ‘ਚ ਲਿਆਂਦਾ ਜਾਵੇ ਤਾਂ ਜੋ ਉਸ ਦੀ ਜਾਇਦਾਦ ਜ਼ਬਤ ਕੀਤੀ ਜਾ ਸਕੇ ਤੇ ਉਸ ਨੂੰ ਸਿੱਧਾ ਕੇਂਦਰ ਸਰਕਾਰ ਦੇ ਕੰਟਰੋਲ ਹੇਠ ਲਿਆਂਦਾ ਜਾ ਸਕੇ। ਵਿਸ਼ੇਸ਼ ਜੱਜ ਐੱਮਐੱਸ ਆਜ਼ਮੀ ਨੇ ਵਿਜੈ ਮਾਲਿਆ ਤੇ ਐਨਫੋਰਸਮੈਂਟ ਡਾਇਰੈਕਟੋਰੇਟ ਦੇ ਵਕੀਲਾਂ ਦੀਆਂ ਦਲੀਲਾਂ ਸੁਣਨ ਮਗਰੋਂ ਨਵੇਂ ਵਿੱਤੀ ਭਗੌੜਾ ਅਪਰਾਧ ਕਾਨੂੰਨ ਦੀ ਧਾਰਾ 12 ਤਹਿਤ ਵਿਜੈ ਮਾਲਿਆ ਨੂੰ ਭਗੌੜਾ ਐਲਾਨ ਦਿੱਤਾ। ਅਦਾਲਤ ਨੇ ਈਡੀ ਦੀ ਅਪੀਲ ਦੇ ਇੱਕ ਹਿੱਸੇ ‘ਤੇ ਹੁਕਮ ਜਾਰੀ ਕੀਤੇ ਹਨ। ਅਪੀਲ ਦੇ ਦੂਜੇ ਹਿੱਸੇ, ਜਿਸ ‘ਚ ਮਾਲਿਆ ਦੀ ਜਾਇਦਾਦ ਜ਼ਬਤ ਕਰਨ ਦੀ ਮੰਗ ਕੀਤੀ ਗਈ ਹੈ, ‘ਤੇ ਸੁਣਵਾਈ 5 ਫਰਵਰੀ ਨੂੰ ਕੀਤੀ ਜਾਵੇਗੀ। ਮਾਲਿਆ ਦੇ ਵਕੀਲਾਂ ਨੇ ਮੰਗ ਕੀਤੀ ਕਿ ਇਨ੍ਹਾਂ ਹੁਕਮਾਂ ‘ਤੇ ਚਾਰ ਹਫ਼ਤਿਆਂ ਲਈ ਰੋਕ ਲਗਾਈ ਜਾਵੇ ਤਾਂ ਜੋ ਉਹ ਹੁਕਮਾਂ ਦੀ ਪੂਰੀ ਕਾਪੀ ਹਾਸਲ ਕਰਨ ਮਗਰੋਂ ਹਾਈ ਕੋਰਟ ਜਾ ਸਕਣ ਪਰ ਅਦਾਲਤ ਨੇ ਇਹ ਕਹਿੰਦਿਆਂ ਇਨਕਾਰ ਕਰ ਦਿੱਤਾ ਕਿ ਕੋਈ ਵੀ ਅਦਾਲਤ ਵਿੱਤੀ ਭਗੌੜਾ ਅਪਰਾਧ ਕਾਨੂੰਨ ਤਹਿਤ ਆਪਣੇ ਹੁਕਮਾਂ ‘ਤੇ ਰੋਕ ਨਹੀਂ ਲਗਾ ਸਕਦੀ।

ਇਸੇ ਤਰ੍ਹਾਂ ਪੰਜਾਬ ਨੈਸ਼ਨਲ ਬੈਂਕ ਘਪਲੇ ਦੇ ਕੇਸ ‘ਚ ਲੋੜੀਂਦੇ ਨੀਰਵ ਮੋਦੀ ਤੇ ਮੇਹੁਲ ਚੋਕਸੀ ਨੂੰ ਵੀ ਵਿੱਤੀ ਭਗੌੜੇ ਅਪਰਾਧੀ ਐਲਾਨਣ ਸਬੰਧੀ ਈਡੀ ਦੀ ਅਪੀਲ ‘ਤੇ ਸੁਣਵਾਈ ਇਸੇ ਅਦਾਲਤ ਵੱਲੋਂ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਨਵਾਂ ਵਿੱਤੀ ਭਗੌੜਾ ਅਪਰਾਧ ਕਾਨੂੰਨ ਪਿਛਲੇ ਸਾਲ ਅਗਸਤ ਮਹੀਨੇ ਹੋਂਦ ਵਿਚ ਆਇਆ ਸੀ। ਇਸ ਕਾਨੂੰਨ ਤਹਿਤ ਕਿਸੇ ਵੀ ਅਜਿਹੇ ਵਿਅਕਤੀ ਨੂੰ ਵਿੱਤੀ ਭਗੌੜਾ ਅਪਰਾਧੀ ਐਲਾਨਿਆ ਜਾ ਸਕਦਾ ਹੈ ਜਿਸ ‘ਤੇ 100 ਕਰੋੜ ਰੁਪਏ ਜਾਂ ਉਸ ਤੋਂ ਵੱਧ ਦੀ ਘਪਲੇਬਾਜ਼ੀ ਦਾ ਦੋਸ਼ ਹੋਵੇ ਅਤੇ ਉਹ ਰਕਮ ਮੋੜਨ ਤੋਂ ਇਨਕਾਰੀ ਹੋ ਕੇ ਦੇਸ਼ ਛੱਡ ਕੇ ਫਰਾਰ ਹੋ ਜਾਵੇ।

## ਅੰਬਾਨੀਆਂ ਦੇ ‘ਜੀਓ’ ਜਾਲ ਵਿਚ ਉਲਝਿਆ ਪੰਜਾਬ

**ਬਠਿੰਡਾ/ਬਿਊਰੋ ਨਿਊਜ਼ :** ਕਿਸੇ ਵੇਲੇ ਦੇਸ਼ ਦੀ ਕਥਿਤ ਤਰੱਕੀ ਦੇ ਨਾਮ ਉਤੇ ਪੰਜਾਬੀਆਂ ਨੂੰ “ਹਰੀ-ਕ੍ਰਾਂਤੀ” ਦਾ ਝੱਲ ਚੜ੍ਹਿਆ ਸੀ। ਹੁਣ ਇਕ ਵਾਰ ਫਿਰ ਡਿਜ਼ੀਟਲ ਕ੍ਰਾਂਤੀ ਦੇ ਨਾਂ ਉਤੇ ਪੰਜਾਬੀਆਂ ਨੂੰ ਇੰਟਰਨੈਟ ਦੇ ਮੱਕੜ ਜਾਲ ਨੇ ਬੁਰੀ ਤਰ੍ਹਾਂ ਗਲੇਫ ਲਿਆ ਹੈ। ਇਹ ਜ਼ਿਆਦਾ ਦੇਸ਼ ਦੀ ਅੰਬਾਨੀ ਖਾਨਦਾਨ ਦੀ ਚੋਟੀ ਦੀ ਕੰਪਨੀ ਰਿਲਾਇੰਸ ਦੇ ‘ਜੀਓ-ਨੈਟਵਰਕ’ ਦੀਆਂ ਪਹਿਲਾਂ ਮੁਫਤੋ-ਮੁਫਤੀ ਸਕੀਮਾਂ ਤੇ ਬਾਅਦ ਵਿਚ ਕਿਫਾਇਤੀ ਤੇ ਉਚ ਸਪੀਡ ਇੰਟਰਨੈਟ ਸੇਵਾਵਾਂ ਮਿਲਣ ਕਾਰਨ ਹੋਇਆ ਹੈ। ਪੰਜਾਬ ਦੀ ਜਵਾਨੀ ਨੂੰ ‘ਜੀਓ’ ਦਾ ਇੰਨਾ ਰੰਗ ਚੜ੍ਹਿਆ ਹੈ ਕਿ ਉਨ੍ਹਾਂ ਨੇ ਮੁਕੇਸ਼ ਅੰਬਾਨੀ ਨੂੰ ਮਾਲਾਮਾਲ ਕਰ ਦਿੱਤਾ ਹੈ। ਪਹਿਲਾਂ ਮੁਫ਼ਤ ਦਾ ਚੋਗਾ ਚੁਗਣ ਵਾਲਿਆਂ ਦੇ ਹੁਣ ਖੀਸੇ ਖਾਲੀ ਹੋਣ ਲੱਗੇ ਹਨ। ਪੰਜਾਬ ਵਿਚ ਪਿਛਲੇ ਡੇਢ ਸਾਲ ਦੌਰਾਨ 4-ਜੀ ਸੇਵਾ ਦੇ ਗਾਹਕਾਂ ਦੀ ਗਿਣਤੀ ਵਿਚ 96.93 ਲੱਖ ਦਾ ਵਾਧਾ ਹੋ ਗਿਆ ਹੈ। ਪੰਜਾਬ ਵਿਚ 4-ਜੀ ਸੇਵਾ ਦੇ ਇਸ ਵੇਲੇ 1.55 ਕਰੋੜ ਗਾਹਕ ਹਨ ਜਿਨ੍ਹਾਂ ਵੱਲੋਂ ਇੱਕ ਅੰਦਾਜ਼ੇ ਅਨੁਸਾਰ ਔਸਤਨ ਪ੍ਰਤੀ ਮਹੀਨਾ 200 ਰੁਪਏ (ਪ੍ਰਤੀ ਗ੍ਰਾਹਕ) ਖਰਚੇ ਜਾ ਰਹੇ ਹਨ। ਰਿਲਾਇੰਸ ਜੀਓ ਰੋਜ਼ਾਨਾ ਪੰਜਾਬ ‘ਚੋਂ 8.54 ਕਰੋੜ ਰੁਪਏ ਕਮਾ ਰਿਹਾ ਹੈ। ਇਹ ਅੰਕੜਾ ਪ੍ਰਤੀ ਕੁਨੈਕਸ਼ਨ ਤੇ ਪ੍ਰਤੀ ਮਹੀਨਾ 200 ਰੁਪਏ ਦੇ (ਬਾਕੀ ਸਫ਼ਾ 28 ’ਤੇ)

# ਫੂਲਕਾ ਵੱਲੋਂ ਸ਼੍ਰੋਮਣੀ ਕਮੇਟੀ ਦੇ ਸਿਆਸੀਕਰਨ ਤੇ ਨਸ਼ਿਆਂ ਖ਼ਿਲਾਫ਼ ਸੰਗਠਨ ਖੜ੍ਹਾ ਕਰਨ ਦਾ ਐਲਾਨ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਐਚਐਸ ਫੂਲਕਾ ਨੇ ਉਸ ਸਮੇਂ ਪਾਰਟੀ ਤੋਂ ਆਪਣਾ ਅਸਤੀਫ਼ਾ ਦੇ ਦਿੱਤਾ ਹੈ, ਜਦੋਂ ਲੋਕ ਸਭਾ ਚੋਣਾਂ ਲਈ 'ਆਪ' ਅਤੇ ਕਾਂਗਰਸ ਦਰਮਿਆਨ ਗਠਜੋੜ ਦੀਆਂ ਸੰਭਾਵਨਾਵਾਂ ਦੀਆਂ ਅਟਕਲਾਂ ਚੱਲ ਰਹੀਆਂ ਹਨ। ਸ. ਫੂਲਕਾ ਨੇ ਦੱਸਿਆ ਕਿ ਮੈਂ 'ਆਪ' ਤੋਂ ਅਸਤੀਫ਼ਾ ਦੇ ਦਿੱਤਾ ਹੈ ਅਤੇ ਆਪਣਾ ਅਸਤੀਫ਼ਾ ਪਾਰਟੀ ਪ੍ਰਧਾਨ ਕੇਜਰੀਵਾਲ ਨੂੰ ਸੌਂਪ ਦਿੱਤਾ ਹੈ। ਹਾਲਾਂਕਿ ਉਨ੍ਹਾਂ ਮੈਨੂੰ ਅਸਤੀਫ਼ਾ ਦੇਣ ਤੋਂ ਰੋਕਿਆ ਵੀ ਪਰ ਮੈਂ ਆਪਣੇ ਅਸਤੀਫ਼ੇ 'ਤੇ ਜ਼ੋਰ ਦਿੱਤਾ। ਜ਼ਿਕਰਯੋਗ ਹੈ ਕਿ ਦਿੱਲੀ 'ਚ ਕਾਂਗਰਸ ਅਤੇ ਆਮ ਆਦਮੀ ਪਾਰਟੀ 'ਚ ਵਧ ਰਹੀਆਂ ਨਜ਼ਦੀਕੀਆਂ ਤੋਂ ਫੂਲਕਾ ਕਈ ਵਾਰ ਆਪਣੀ ਨਰਾਜ਼ਗੀ ਪ੍ਰਗਟਾ ਚੁੱਕੇ ਹਨ। ਫੂਲਕਾ ਸ਼ੁਰੂ ਤੋਂ ਹੀ ਆਮ ਆਦਮੀ ਪਾਰਟੀ ਤੇ ਕਾਂਗਰਸ ਵਿਚਾਲੇ ਕਿਸੇ ਵੀ ਗੱਠਜੋੜ ਦੇ ਖਿਲਾਫ਼ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਜੇ ਉਨ੍ਹਾਂ ਦੀ ਪਾਰਟੀ ਕਾਂਗਰਸ ਨਾਲ ਕੋਈ ਗੱਠਜੋੜ ਕਰਦੀ ਹੈ ਤਾਂ ਉਹ ਪਾਰਟੀ ਤੋਂ ਅਸਤੀਫਾ ਦੇਣ ਵਾਲੇ ਪਹਿਲੇ ਵਿਅਕਤੀ ਹੋਣਗੇ। ਫੂਲਕਾ ਪਹਿਲਾਂ ਵੀ ਇਕ ਵਾਰ ਅਸਤੀਫ਼ਾ ਦੇ ਚੁੱਕੇ ਹਨ ਪਰ ਕੇਜਰੀਵਾਲ ਦੇ ਕਹਿਣ 'ਤੇ ਉਹ ਮੰਨ ਗਏ ਸਨ। ਫੂਲਕਾ ਕਾਫੀ ਸਮੇਂ ਤੋਂ ਪਾਰਟੀ ਦੀਆਂ ਬੈਠਕਾਂ ਵਿਚੋਂ ਗਾਇਬ ਰਹੇ ਹਨ। ਸੰਨ 2017 ਵਿਚ ਉਹ ਪੰਜਾਬ ਵਿਚ ਵਿਰੋਧੀ ਧਿਰ ਦੇ ਲੀਡਰ ਬਣੇ ਸਨ ਪਰ ਕੁਝ ਦਿਨਾਂ ਬਾਅਦ ਹੀ ਉਨ੍ਹਾਂ ਇਸ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਉਨ੍ਹਾਂ ਕਿਹਾ ਸੀ ਕਿ ਉਹ ਸੰਨ 1984 ਦੇ ਸਿੱਖ ਕਤਲੇਆਮ ਦੇ ਕੇਸ ਵੱਲ ਧਿਆਨ ਦੇਣਾ ਚਾਹੁੰਦੇ ਹਨ, ਇਸ ਲਈ ਅਹੁਦਾ ਛੱਡ ਰਹੇ ਹਨ। ਦਿੱਲੀ ਵਿਧਾਨ ਸਭਾ ਵਿਚ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਤੋਂ ਭਾਰਤ ਰਤਨ ਵਾਪਸ ਲੈਣ ਦੀ ਮੰਗ ਸਬੰਧੀ ਮਤਾ ਪਾਸ ਹੋਣ 'ਤੇ ਵਿਵਾਦ ਹੋਇਆ ਸੀ, ਹਾਲਾਂਕਿ ਬਾਅਦ ਵਿਚ ਆਮ ਆਦਮੀ ਪਾਰਟੀ ਨੇ ਇਸ ਤੋਂ ਇਨਕਾਰ ਕਰ ਦਿੱਤਾ ਸੀ। ਇਸ ਨੂੰ ਅਸਤੀਫੇ ਦੇ ਪਿੱਛੇ ਦੀ ਵਜ੍ਹਾ ਮੰਨਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਉਹ ਖੁੱਲ੍ਹੇ ਤੌਰ 'ਤੇ ਆਪਣੀ ਪਾਰਟੀ ਦੀ ਨਿਖੇਧੀ ਕਰਦੇ ਰਹੇ ਹਨ। 26 ਅਗਸਤ 2018 ਵਿਚ ਬੇਅਦਬੀ ਮਾਮਲੇ ਵਿਚ ਉਨ੍ਹਾਂ ਨੇ ਆਪਣੀ ਪਾਰਟੀ ਦੇ ਰੁਖ 'ਤੇ ਸਵਾਲ ਖੜ੍ਹੇ ਕੀਤੇ ਸਨ। ਫੂਲਕਾ ਦਾ ਅਸਤੀਫਾ ਆਪ ਲਈ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ ਕਿਉਂਕਿ ਹਾਲ ਹੀ ਵਿਚ ਸੰਨ 1984 ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਤੋਂ ਬਾਅਦ ਫੂਲਕਾ ਦਾ ਨਾਮ ਕਾਫੀ ਉਚਾ ਹੋਇਆ ਹੈ ਤੇ ਲੋਕ ਸਭਾ ਚੋਣਾਂ ਵਿਚ ਪਾਰਟੀ ਨੂੰ ਇਸ ਦਾ ਲਾਹਾ ਮਿਲਣ ਦੀ ਉਮੀਦ ਸੀ ਪਰ ਅਸਤੀਫੇ ਨਾਲ ਹਾਲਾਤ ਬਿਲਕੁਲ ਉਲਟ ਹੋ ਗਏ ਹਨ। ਹਾਲਾਂਕਿ ਆਮ ਆਦਮੀ ਪਾਰਟੀ ਦੀ ਬੈਠਕ ਤੋਂ ਬਾਅਦ ਪਾਰਟੀ ਲੀਡਰ ਸੰਜੇ ਸਿੰਘ ਨੇ ਇਹ ਸਾਫ਼ ਕੀਤਾ ਕਿ ਉਹ ਕਿਸੇ ਵੀ ਪਾਰਟੀ ਨਾਲ ਗੱਠਜੋੜ ਨਹੀਂ ਕਰਨਗੇ।



### ਫੂਲਕਾ ਗਰਜ਼ੇ ਆਪ ਵਿਰੁੱਧ

ਹਰਵਿੰਦਰ ਸਿੰਘ ਫੂਲਕਾ ਨੇ ਆਮ ਆਦਮੀ ਪਾਰਟੀ ਦੀ ਹੋਂਦ 'ਤੇ ਹੀ ਪ੍ਰਸ਼ਨ-ਚਿੰਨ੍ਹ ਲਾ ਦਿੱਤਾ ਹੈ। ਫੂਲਕਾ ਨੇ ਕਿਹਾ ਕਿ ਅੰਨਾ ਹਜ਼ਾਰੇ ਦੀ ਅਗਵਾਈ ਹੇਠ ਚੱਲੇ ਅੰਦੋਲਨ ਨੇ ਸਮੇਂ ਦੀਆਂ ਸਰਕਾਰਾਂ ਨੂੰ ਕੁਝ ਸੋਚਣ ਲਈ ਮਜਬੂਰ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਉਸ ਅੰਦੋਲਨ ਨੂੰ ਕਿਸੇ ਰਾਜਨੀਤਕ ਪਾਰਟੀ ਵਿਚ ਤਬਦੀਲ ਕਰਨ ਦਾ ਫ਼ੈਸਲਾ ਦਰੁੱਸਤ ਨਹੀਂ ਸੀ। ਉਨ੍ਹਾਂ ਦੇ ਇਸ ਬਿਆਨ ਦਾ ਸਿੱਧਾ ਇਹੋ ਮਤਲਬ ਹੈ ਕਿ ਆਮ ਆਦਮੀ ਪਾਰਟੀ ਕਾਇਮ ਨਹੀਂ ਕੀਤੀ ਜਾਣੀ ਚਾਹੀਦੀ ਸੀ।ਆਮ ਆਦਮੀ ਪਾਰਟੀ ਦੇ ਵਿਧਾਇਕ ਹਰਵਿੰਦਰ ਸਿੰਘ ਫੂਲਕਾ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਇਕ ਵਾਰ ਫਿਰ ਉਹੋ ਜਿਹਾ ਅੰਦੋਲਨ ਦੋਬਾਰਾ ਸ਼ੁਰੂ ਹੋਵੇ, ਜਿਹੋ ਜਿਹਾ ਅੰਨਾ ਹਜ਼ਾਰੇ ਹੁਰਾਂ ਦੀ ਅਗਵਾਈ ਹੇਠ ਸ਼ੁਰੂ ਹੋਇਆ ਸੀ।
ਫੂਲਕਾ ਨੇ ਕਿਹਾ ਕਿ ਅਜਿਹੀ ਮੁਹਿੰਮ ਵਿੱਢਣ ਲਈ ਸੰਗਠਨ ਦਾ ਅਰੰਭ ਪੰਜਾਬ ਤੋਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਭਵਿੱਖ 'ਚ ਨਸ਼ਿਆਂ ਵਿਰੁੱਧ ਲੜਨਗੇ ਤੇ ਇਸ ਦੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿਆਸੀ ਲੋਕਾਂ ਦੇ ਚੁੰਗਲ 'ਚੋਂ ਕੱਢਣ ਲਈ ਵੀ ਇੱਕ ਜਥੇਬੰਦੀ ਕਾਇਮ ਕੀਤੀ ਜਾਵੇਗੀ। ਨਾਲ ਹੀ ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਉਹ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਸਜ਼ਾ ਦਿਵਾਉਣ ਬਦਲੇ ਕੋਈ ਅਹੁਦਾ ਨਹੀਂ ਲੈਣਾ ਚਾਹੁੰਦੇ। ਉਨ੍ਹਾਂ ਕਿਹਾ ਕਿ ਉਹ ਕਮਲ ਨਾਥ ਤੇ ਜਗਦੀਸ਼ ਟਾਈਟਲਰ ਜਿਹੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਸਦਾ ਸੰਘਰਸ਼ ਕਰਦੇ ਰਹਿਣਗੇ। ਐਚਐਸ ਫੂਲਕਾ ਨੇ ਇਹ ਵੀ ਐਲਾਨ ਕੀਤਾ ਕਿ ਉਹ ਲੋਕ ਸਭਾ ਚੋਣਾਂ ਨਹੀਂ ਲੜਨਗੇ।

### ਫੂਲਕਾ ਦੇ ਅਸਤੀਫੇ ਮਗਰੋਂ ਕੇਜਰੀਵਾਲ ਦੀ 'ਖਿਚਾਈ'

ਫੂਲਕਾ ਦੇ ਪਾਰਟੀ ਛੱਡਣ ਬਾਅਦ 'ਆਪ' ਦੇ ਬਾਗੀ ਲੀਡਰ ਤੇ ਕਵੀ ਕੁਮਾਰ ਵਿਸ਼ਵਾਸ ਨੇ ਉਨ੍ਹਾਂ ਦੇ ਅਸਤੀਫ਼ੇ 'ਤੇ ਸਖ਼ਤ ਪ੍ਰਤੀਕਿਰਿਆ ਦਿੱਤੀ ਹੈ। ਉਧਰ ਫੂਲਕਾ ਦੇ ਅਸਤੀਫ਼ੇ 'ਤੇ 'ਆਪ' ਵਿਧਾਇਕ ਅਲਕਾ ਲਾਂਬਾ ਨੇ ਵੀ ਬਾਗੀ ਰੁਖ਼ ਅਖ਼ਤਿਆਰ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਫੂਲਕਾ ਦੇ ਅਸਤੀਫ਼ੇ 'ਤੇ ਪਾਰਟੀ ਨੂੰ ਮੁਲਾਂਕਣ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜੇ ਸੰਨ 2012 ਵੇਲੇ ਪਾਰਟੀ ਨਾਲ ਜੁੜਨ ਵਾਲੇ ਲੋਕ ਅਸਤੀਫ਼ਾ ਦਿੰਦੇ ਹਨ ਤਾਂ ਪਾਰਟੀ ਨੂੰ ਨੁਕਸਾਨ ਹੁੰਦਾ ਹੈ।

### ਲੌਂਗੋਵਾਲ ਨੇ ਦਿੱਤਾ ਹੋਛਾ ਬਿਆਨ ਅਖੇ ਫੂਲਕਾ ਇਕ ਬੌਖਲਾਇਆ ਹੋਇਆ ਬੰਦਾ

ਕੁਝ ਦਿਨ ਪਹਿਲਾਂ ਜਿਹੜੀ ਐਸਜੀਪੀਸੀ ਸੱਜਣ ਕੁਮਾਰ ਵਰਗੇ ਲੋਕਾਂ ਨੂੰ ਸਜ਼ਾ ਦਿਵਾਉਣ ਵਾਲੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਐਚਐਸ ਫੂਲਕਾ ਨੂੰ ਆਪ ਬੁਲਾ ਕੇ ਸਨਮਾਨਿਤ ਕਰਨ ਜਾ ਰਹੀ ਸੀ, ਉਸ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੂੰ ਹੁਣ ਫੂਲਕਾ ਇਕ ਬੌਖਲਾਇਆ ਹੋਇਆ ਇਨਸਾਨ ਨਜ਼ਰ ਆਉਣ ਲੱਗ ਪਿਆ ਹੈ।



ਭਾਈ ਲੌਂਗੋਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਿਚੋਂ ਅਸਤੀਫਾ ਦੇ ਚੁੱਕਿਆ ਵਕੀਲ ਫੂਲਕਾ ਇਕ ਬੌਖਲਾਇਆ ਹੋਇਆ ਬੰਦਾ ਹੈ ਜੋ ਕਿ ਕਦੇ ਕੋਈ ਗੱਲ ਬੋਲਦਾ ਹੈ ਤੇ ਕਦੇ ਕੋਈ। ਉਨ੍ਹਾਂ ਕਿਹਾ ਕਿ ਫੂਲਕਾ ਵੱਲੋਂ ਐਸਜੀਪੀਸੀ ਉਤੇ ਲਾਏ ਜਾ ਰਹੇ ਉਹ ਦੋਸ਼ ਬੇ-ਬੁਨਿਆਦ ਹਨ ਜਿਸ ਵਿਚ ਉਨ੍ਹਾਂ ਦਾ ਕਹਿਣਾ ਹੈ ਕਿ ਐਸਜੀਪੀਸੀ ਬਾਦਲਾਂ ਦੇ ਅਧੀਨ ਹੈ ਤੇ ਇਸ ਨੂੰ ਮੁਕਤ ਕਰਾਉਣ ਦੀ ਲੋੜ ਹੈ। ਲੌਂਗੋਵਾਲ ਅਨੁਸਾਰ ਐਸਜੀਪੀਸੀ ਇਕ ਅਜ਼ਾਦ ਸੰਸਥਾ ਹੈ ਜੋ ਆਪਣੇ ਫੈਸਲੇ ਆਪ ਕਰਦੀ ਹੈ।ਭਾਈ ਲੌਂਗੋਵਾਲ ਨੇ ਕਿਹਾ ਕਿ ਜਾਂ ਤਾਂ ਫੂਲਕਾ ਨੂੰ ਐਸਜੀਪੀਸੀ ਬਾਰੇ ਕੋਈ ਗਿਆਨ ਨਹੀਂ ਹੈ ਤੇ ਜਾਂ ਉਹ ਜਾਣ-ਬੁੱਝ ਕੇ ਅਜਿਹੀਆਂ ਗੱਲਾਂ ਕਰਦਾ ਹੈ।
ਉਨ੍ਹਾਂ ਕਿਹਾ ਕਿ ਕਦੇ ਉਹ ਪਾਰਟੀ ਵਿਚ ਰਹਿੰਦਾ ਹੈ ਤੇ ਕਦੀ ਅਸਤੀਫਾ ਦੇ ਦਿੰਦਾ ਹੈ ਇਸ ਲਈ ਉਸ ਦੀ ਗੱਲ ਉਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ।
ਹਰਵਿੰਦਰ ਸਿੰਘ ਫੂਲਕਾ ਨੇ ਇਕ ਪੱਤਰਕਾਰ ਸੰਮੇਲਨ ਕਰਕੇ ਇਹ ਦੋਸ਼ ਲਾਇਆ ਸੀ ਕਿ ਐਸਜੀਪੀਸੀ ਅੰਦਰ ਵੱਡਾ ਨਿਘਾਰ ਆ ਚੁੱਕਾ ਹੈ ਤੇ ਅੱਜ ਸਿੱਖ ਪੰਥ ਨੂੰ ਐਸਜੀਪੀਸੀ ਤੇ ਹੋਏ ਬਾਦਲਾਂ ਦੇ ਕਬਜ਼ੇ ਤੋਂ ਮੁਕਤ ਕਰਾਉਣ ਦੀ ਲੋੜ ਹੈ। ਇਸੇ ਲਈ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਫੂਲਕਾ ਖਿਲਾਫ ਆਪਣੇ ਤੇਵਰ ਸਖਤ ਕਰ ਲਏ ਹਨ ਜਿਹੜੇ ਕਿ ਕੁਝ ਦਿਨ ਪਹਿਲਾਂ ਉਨ੍ਹਾਂ ਨੂੰ ਸਨਮਾਨਿਤ ਕਰਨ ਲਈ ਸੱਦਾ ਦਿੰਦੇ ਫਿਰਦੇ ਸਨ। ਹੁਣ ਸਵਾਲ ਇਹ ਹੈ ਕਿ, ਕੀ ਐਸਜੀਪੀਸੀ ਹੁਣ ਸਿੱਖ ਪੰਥ ਨੂੰ ਨਸ਼ਲਕੁਸ਼ੀ ਦੇ ਮਾਮਲਿਆਂ ਚ ਇਨਸਾਫ ਦਵਾਉਣ ਵਾਲੇ ਫੂਲਕਾ ਦੀਆਂ ਪ੍ਰਾਪਤੀਆਂ ਨੂੰ ਸਿਰਫ ਇਸ ਲਈ ਭੁੱਲ ਜਾਵੇਗੀ ਕਿ ਉਨ੍ਹਾਂ ਨੇ ਬਾਦਲਾਂ ਦੇ ਖਿਲਾਫ ਕੁਝ ਬੋਲ ਦਿੱਤਾ ਹੈ ?

# ਸ. ਫੂਲਕਾ ਨੂੰ ਸੰਨ 2014 ਵਿਚ ਲੋਕ ਸਭਾ ਚੋਣ ਹਰਾਉਣ ਵਾਲੇ ਕੀ ਪੰਥ ਤੇ ਪੰਜਾਬ ਹਿੱਤੂ ਨੇ ?

17 ਦਸੰਬਰ 2018 ਨੂੰ ਜਦੋਂ ਦਿੱਲੀ ਹਾਈਕੋਰਟ ਨੇ ਕਾਂਗਰਸ ਦੇ ਸਾਬਕਾ ਐਮਪੀ ਸੱਜਣ ਕੁਮਾਰ ਨੂੰ ਸੰਨ 1984 ਦੇ ਸਿੱਖ ਕਤਲੇਆਮ ਨਾਲ ਸਬੰਧਤ ਕੇਸ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਤਾਂ ਸਮੂਹ ਸਿੱਖ ਜਗਤ ਤੇ ਇਨਸਾਫ ਪਸੰਦ ਲੋਕਾਂ ਨੇ ਭਰਪੂਰ ਤਸੱਲੀ ਦਾ ਪ੍ਰਗਟਾਵਾ ਕੀਤਾ। ਇਹ ਤਸੱਲੀ ਇਸ ਗੱਲ ਦੀ ਨਹੀਂ ਸੀ ਕਿ ਹਜ਼ਾਰਾਂ ਨਿਰਦੋਸ਼ਾਂ ਨੂੰ ਕਤਲ ਕਰਨ ਬਾਰੇ ਮੁਕੰਮਲ ਇਨਸਾਫ ਹੋ ਗਿਆ ਹੈ, ਬਲਕਿ ਇਸ ਗੱਲ ਦੀ ਸੀ ਕਿ 34 ਸਾਲ ਲੰਬੀ ਲੜਾਈ ਤੋਂ ਬਾਅਦ ਇਕ ਵੱਡੇ ਕਾਂਗਰਸ ਲੀਡਰ ਨੂੰ ਸਜ਼ਾ ਹੋਈ ਹੈ ਅਤੇ ਕਾਂਗਰਸ ਦੇ ਮੂੰਹ ਉਤੇ ਕਾਲੀ ਸਿਆਹੀ ਵਾਲੀ ਅਦਾਲਤੀ ਮੁਹਰ ਵੀ ਲੱਗ ਗਈ ਹੈ। 31 ਦਸੰਬਰ ਨੂੰ ਸੱਜਣ ਕੁਮਾਰ ਜੇਲ੍ਹ ਵਿਚ ਵੀ ਪਹੁੰਚ ਗਿਆ ਹੈ। ਦੁਨੀਆ ਵਿਚ ਇਹ ਸੁਨੇਹਾ ਚਲਾ ਗਿਆ ਹੈ ਕਿ ਸਿੱਖ ਇਨਸਾਫ ਲਈ ਲੰਬੀ ਲੜਾਈ ਵੀ ਲੜ ਸਕਦੇ ਹਨ।
ਜਿਵੇਂ ਹੀ ਅਦਾਲਤ ਦਾ ਫੈਸਲਾ ਆਇਆ, ਦੁਨੀਆ ਭਰ ਵਿਚ ਬੈਠੇ ਸਿੱਖਾਂ, ਹਿੰਦੁਸਤਾਨ ਦੇ ਸਾਰੇ ਮੀਡੀਆ ਤੇ ਇਨਸਾਫ ਪਸੰਦ ਲੋਕਾਂ ਨੇ ਸੀਨੀਅਰ ਵਕੀਲ ਸ. ਹਰਵਿੰਦਰ ਸਿੰਘ ਫੂਲਕਾ ਦੀ ਭਰਪੂਰ ਪ੍ਰਸੰਸਾ ਕੀਤੀ। ਆਖਰ ਉਨ੍ਹਾਂ ਬਿਨਾ ਥੱਕਿਆਂ ਤੇ ਝੁਕਿਆਂ ਇਸ ਲੜਾਈ ਨੂੰ 34 ਸਾਲ ਬੜੀ ਜ਼ੁਅਰਤ ਤੇ ਸਿਰੜ ਨਾਲ ਜਾਰੀ ਰੱਖਿਆ। ਉਦੋਂ ਵੀ ਜਦੋਂ ਕੌਮ ਦਾ ਇਕ ਵੱਡਾ ਹਿੱਸਾ ਇਨਸਾਫ ਦੀ ਉਮੀਦ ਗੁਆ ਚੁੱਕਾ ਸੀ ਤੇ ਕੁਝ ਮਸਖਰੇ ਕਿਸਮ ਦੇ ਲੋਕ ਉਨ੍ਹਾਂ ਬਾਰੇ ਘਟੀਆ ਟਿੱਪਣੀਆਂ ਕਰ ਰਹੇ ਸਨ ਕਿ ਇਸ ਕਾਨੂੰਨੀ ਲੜਾਈ ਵਿਚੋਂ ਕੀ ਨਿਕਲਿਆ ?
ਹਾਲਾਂਕਿ ਸੱਜਣ ਕੁਮਾਰ ਖਿਲਾਫ ਕੇਸ ਜਿੱਤਣ ਵਿਚ ਪੰਜਾਬ ਦੇ ਸਾਬਕਾ ਐਡਵੋਕੇਟ ਜਨਰਲ ਤੇ ਇਸ ਕੇਸ ਵਿਚ ਸੀਬੀਆਈ ਦੇ ਵਕੀਲ ਆਰਐਸ ਚੀਮਾ, ਵਕੀਲ ਡੀਪੀ ਸਿੰਘ ਤੇ ਸਿਰੜੀ ਗਵਾਹਾਂ ਨੇ ਬਹੁਤ ਮਹੱਤਵਪੂਰਣ ਰੋਲ ਅਦਾ ਕੀਤਾ ਪਰ ਇਨਸਾਫ ਦੀ ਜੰਗ ਦੇ ਦੀਵੇ ਨੂੰ 34 ਸਾਲ ਲਗਾਤਾਰ ਮਘਦਾ ਰੱਖਣ ਲਈ ਸ. ਫੂਲਕਾ ਦਾ ਕਿਰਦਾਰ ਤੇ ਸਿਰੜ ਵੀ ਕਾਫੀ ਮਹੱਤਵਪੂਰਨ ਰਹੇ। ਇਸੇ ਲਈ ਬਹੁਤ ਸਾਰੇ ਸਿੱਖਾਂ ਨੇ ਉਨਾਂ ਨੂੰ ਸੋਸ਼ਲ ਮੀਡੀਆ ਉਤੇ ਅਸਲ ਫ਼ਖਰ-ਏ-ਕੌਮ ਵੀ ਕਿਹਾ ਹੈ। ਦਿੱਲੀ ਹਾਈਕੋਰਟ ਦੇ ਦਲੇਰ ਜੱਜਾਂ ਨੇ ਆਪਣੇ ਫੈਸਲੇ ਵਿਚ ਨਾ ਸਿਰਫ ਸ. ਫੂਲਕਾ ਦੀਆਂ ਦਲੀਲਾਂ ਦਾ ਹੀ ਜ਼ਿਕਰ ਕੀਤਾ ਹੈ ਸਗੋਂ ਇਹ ਮੁਹਰ ਵੀ ਲਾ ਦਿੱਤੀ ਹੈ ਕਿ ਇਹ ਕਤਲੇਆਮ ਮਨੁੱਖਤਾ ਖਿਲਾਫ ਜੁਰਮਸੀ। ਯਾਦ ਰਹੇ ਕਿ ਫੂਲਕਾ ਨੇ ਇਹ ਲੜਾਈ ਇਕ ਨੌਜਵਾਨ ਵਕੀਲ ਵਜੋਂ ਉਦੋਂ ਸ਼ੁਰੂ ਕੀਤੀ ਸੀ ਜਦੋਂ ਸੱਜਣ ਕੁਮਾਰ, ਜਗਦੀਸ਼ ਟਾਈਟਲਰ ਤੇ ਐਚਕੇਐਲ ਭਗਤ ਵਰਗੇ ਬੁੱਚੜਾਂ ਦੀ ਦਿੱਲੀ ਵਿਚ ਪੂਰੀ ਬਦਮਾਸ਼ੀ ਸੀ ਅਤੇ ਉਨਾਂ ਦੇ ਸਿਰ ਉਤੇ ਕਤਲੇਆਮ ਕਰਵਾਉਣ ਵਾਲੇ ਰਾਜੀਵ ਗਾਂਧੀ ਦੀ ਭਾਰੀ ਬਹੁਮਤ ਨਾਲ ਬਣੀ ਸਰਕਾਰ ਦੀ ਪੂਰੀ ਛਤਰ ਛਾਇਆ ਸੀ।
ਲੰਬੇ ਸਮੇਂ ਵਿਚ ਬੜੀ ਵਾਰ ਪੀੜਤ ਵੀ ਹੰਭ ਜਾਂਦੇ ਸਨ ਪਰ ਫੂਲਕਾ ਨੇ ਇਹ ਲੜਾਈ ਕਦੇ ਨਹੀਂ ਛੱਡੀ। ਪਰ ਹੁਣ ਦੇਖਣ ਵਾਲੀ ਗੱਲ ਇਹ ਹੈ ਕਿ ਜਦੋਂ ਸਾਫ ਕਿਰਦਾਰ ਦੇ ਮਾਲਿਕ, ਕੌਮੀ ਇਨਸਾਫ ਤੇ ਸੋਚ ਨਾਲ ਪ੍ਰਤੀਬੱਧ, ਸਿਰੜੀ ਤੇ ਜ਼ੁਅਰਤਮੰਦ ਇਨਸਾਨ ਨੇ ਸੰਨ 2014 ਵਿਚ ਲੋਕ ਸਭ ਦੀ ਚੋਣ ਲੜੀ, ਤਾਂ ਕਿਨ੍ਹਾਂ ਸ਼ਕਤੀਆਂ ਤੇ ਵਿਅਕਤੀਆਂ ਨੇ ਉਨਾਂ ਨੂੰ ਹਰਾਇਆ ? ਯਾਦ ਰਹੇ ਕਿ ਸ. ਫੂਲਕਾ ਦੇ ਉਮੀਦਵਾਰ ਬਣਨ ਤੋਂ ਬਾਅਦ ਸਿੱਖਾਂ ਦੇ ਇਕ ਵੱਡੇ ਹਿੱਸੇ ਵਿਚ ਉਮੀਦ ਜਾਗੀ ਸੀ ਕਿ ਕੋਈ ਸਮਝਦਾਰ ਤੇ ਜ਼ੁਰਅਤ ਵਾਲਾ ਬੰਦਾ ਪਾਰਲੀਮੈਂਟ ਵਿਚ ਜਾਏਗਾ। ਮਾਸਟਰ ਤਾਰਾ ਸਿੰਘ ਦੀ ਦੋਹਤੀ ਤੇ ਕੌਮੀ ਹਿੱਤਾਂ ਲਈ ਸੱਚ ਦੀ ਆਵਾਜ਼ ਬੁਲੰਦ ਕਰਨ ਵਾਲੀ ਬੀਬੀ ਕਿਰਨਜੋਤ ਕੌਰ ਨੇ ਤਾਂ ਇਹ ਵੀ ਸੱਦਾ ਦਿੱਤਾ ਸੀ ਕਿ ਲੁਧਿਆਣਾ ਦੀ ਸੀਟ ਅਕਾਲੀ ਦਲ ਤੇ ਹੋਰਨਾਂ ਨੂੰ ਵੈਸੇ ਹੀ ਸਰਦਾਰ ਫੂਲਕਾ ਲਈ ਛੱਡ ਦੇਣੀ ਚਾਹੀਦੀ ਹੈ, ਤਾਂ ਕਿ ਮੁਕਾਬਲਾ ਸਿਰਫ ਕਾਂਗਰਸ ਨਾਲ ਰਹਿ ਜਾਏ। ਰਵਾਇਤੀ ਅਕਾਲੀ ਆਗੂਆਂ ਦੀਆਂ ਬੇਈਮਾਨੀਆਂ ਤੇ ਕਾਂਗਰਸੀਆਂ ਦੀਆਂ ਸ਼ਰੇਆਮ ਪੰਥ ਤੇ ਪੰਜਾਬ ਵਿਰੋਧੀ ਨੀਤੀਆਂ ਵੇਖ ਕੇ ਤੇ ਅਤਿ ਦੇ ਜ਼ੁਲਮ ਸਹਿ ਚੁੱਕੇ ਸਿੱਖ ਇਮਾਨਦਾਰ ਤੇ ਸਿਆਣੀ ਲੀਡਰਸ਼ਿਪ ਲਈ ਤਾਂਘ ਰਹੇ ਸਨ। ਫੂਲਕਾ ਦੇ ਮੈਦਾਨ ਵਿਚ ਆਉਣ ਨਾਲ ਕੌਮ ਇਸ ਪੱਖੋਂ ਆਸਵੰਦ ਹੋਈ ਸੀ। ਇਕ ਉਮੀਦ ਜਾਗੀ ਸੀ ਕਿ ਉਨ੍ਹਾਂ ਦੇ ਮੈਦਾਨ ਵਿਚ ਆਉਣ ਨਾਲ ਪੰਜਾਬ ਦੀ ਸਿਆਸਤ ਨੀਲੇ ਮੋਰਾਂ ਤੇ ਚਿੱਟੇ ਚੋਰਾਂ ਦੇ ਗਲਬੇ ਵਿਚੋਂ ਬਾਹਰ ਨਿਕਲੇਗੀ ਤੇ ਸਿਆਸੀ ਕੈਟਾਂਦੀ ਬਜਾਇ ਕਿਰਦਾਰ, ਜ਼ੁਅਰਤ ਤੇ ਸਿਆਣਪ ਦੀ ਬਹਾਲੀ ਹੋਵੇਗੀ ਅਤੇ ਪੰਜਾਬ ਠੀਕ ਰਾਹ ਪੈ ਸਕੇਗਾ ?
ਜਦੋਂਕਿ ਹੁਣ ਕੌਮ ਵਿਚ ਇਹ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਸਿੱਖਾਂ ਉਤੇ ਹੋਏ ਜ਼ੁਲਮਾਂ ਦਾ ਇਕ ਵੱਡਾ ਕਾਰਨ ਸਿੱਖਾਂ ਦੇ ਲੀਡਰ ਕਹਾਉਣ ਵਾਲਿਆਂ ਦਾ ਸਿਰੇ ਦਾ ਬੇਈਮਾਨ ਹੋਣਾ ਤੇ ਆਪਣੇ ਨਿੱਜੀ ਹਿੱਤਾਂ ਲਈ ਕੌਮੀ ਹਿੱਤਾਂ, ਸੰਸਥਾਵਾਂ ਤੇ ਕੌਮਪ੍ਰਸਤ ਬੰਦਿਆਂ ਦਾ ਹਰ ਸੰਭਵ ਨੁਕਸਾਨ ਕਰਨ ਵਾਲੇ ਹੋਣਾ ਹੈ, ਤਾਂ ਹੁਣ ਇਹ ਵੇਲਾ ਹੈ ਕਿ ਉਨ੍ਹਾਂ ਬੰਦਿਆਂ ਤੇ ਸ਼ਕਤੀਆਂ ਦੀ ਨਿਸ਼ਾਨਦੇਹੀ ਕੀਤੀ ਜਾਵੇ ਜਿਨ੍ਹਾਂ ਨੇ ਨਾ ਸਿਰਫ ਇਕ ਸਿਆਣਾ, ਇਮਾਨਦਾਰ ਤੇ ਜ਼ੁਅਰਤ ਵਾਲਾ ਬੰਦਾ ਲੋਕ ਸਭਾ ਵਿਚ ਭੇਜੇ ਜਾਣ ਤੋਂ ਰੋਕਿਆ, ਸਗੋਂ ਕੌਮ ਦੀ ਨਵੀਂ ਤੇ ਬਿਹਤਰ ਸਿਆਸੀ ਲੀਡਰਸ਼ਿਪ ਅੱਗੇ ਆਉਣ ਦੀ ਸੰਭਾਵਨਾ ਵੀ ਖਤਮ ਕੀਤੀ।
ਕਾਂਗਰਸ ਨੇ ਤਾਂ ਫੂਲਕਾ ਦਾ ਵਿਰੋਧ ਕਰਨਾ ਹੀ ਸੀ ਪਰ ਜਦੋਂ ਉਨ੍ਹਾਂ ਨੂੰ ਲੁਧਿਆਣੇ ਤੋਂ 'ਆਪ' ਨੇ ਆਪਣਾ ਲੋਕ ਸਭਾ ਲਈ ਉਮੀਦਵਾਰ ਐਲਾਨਿਆ ਤਾਂ ਸਭ ਤੋਂ ਪਹਿਲਾ ਤੇ ਕਮੀਨਾ ਹਮਲਾ ਸੁਖਬੀਰ ਬਾਦਲ ਨੇ ਕੀਤਾ। ਉਸ ਨੇ ਦੋਸ਼ ਲਾਇਆ ਕਿ ਫੂਲਕਾ ਤਾਂ ਦਿੱਲੀ ਕਤਲੇਆਮ ਦੇ ਕੇਸਾਂ ਦੀ ਪੈਰਵਾਈ ਕਰਨ ਲਈ ਮੋਟੀਆਂ ਫੀਸਾਂ ਲੈਂਦੇ ਰਹੇ ਨੇ। 30 ਸਾਲ ਕੌਮੀ ਲੜਾਈ ਲੜਨ ਵਾਲੇ ਸਖਸ਼ ਉਤੇ ਝੂਠਾ ਦੋਸ਼ ਲਾਉਂਦਿਆਂ ਸੁਖਬੀਰ ਬਾਦਲ ਨੇ ਰਤਾ ਵੀ ਸ਼ਰਮ ਮਹਿਸੂਸ ਨਹੀਂ ਕੀਤੀ। ਫੂਲਕਾ ਨੇ ਖੁੱਲ੍ਹਾ ਚੈਲਿੰਜ ਕੀਤਾ ਕਿ ਸੁਖਬੀਰ ਆਪਣੇ ਦੋਸ਼ ਸਾਬਤ ਕਰੇ ਤਾਂ ਉਹ ਸਿਆਸਤ ਕੀ ਵਕਾਲਤ ਵੀ ਛੱਡ ਦੇਣਗੇ ਪਰ ਸੁਖਬੀਰ ਬਾਦਲ ਮੁੜ ਨਹੀਂ ਕੁਸਕਿਆ। ਸ਼੍ਰੋਮਣੀ ਕਮੇਟੀ ਤੇ ਦਿੱਲੀ ਕਮੇਟੀ ਵਿਚਲੇ ਉਸ ਦੇ ਪਿਆਦਿਆਂ ਨੇ ਪੂਰਾ ਜ਼ੋਰ ਲਾਇਆ ਕਿ ਕੋਈ ਸਬੂਤ ਮਿਲ ਜਾਣ ਪਰ ਉਨ੍ਹਾਂ ਦੇ ਹੱਥ ਪੱਲੇ ਫੂਲਕਾ ਦੇ ਖਿਲਾਫ ਕੁਝ ਨਾ ਪਿਆ। ਸੁਖਬੀਰ ਚੁੱਪ ਤਾਂ ਕਰ ਗਿਆ ਪਰ ਇਸ ਦਾ ਮਤਲਬ ਇਹ ਨਹੀਂ ਸੀ ਕਿ ਉਸ ਨੇ ਫੂਲਕਾ ਨੂੰ ਹਰਾਉਣ ਲਈ ਸਾਜਿਸ਼ਾਂ ਬੰਦ ਕਰ ਦਿੱਤੀਆਂ ਸਨ। ਉਨ੍ਹਾਂ ਦਿਨਾਂ ਵਿਚ ਹੀ ਪੰਜਾਬ ਤੇ ਸਿੱਖ ਪੰਥ ਦੀ ਸਿਆਸੀ ਨਬਜ਼ ਉਤੇ ਹਰ ਪਲ ਨਿਗ੍ਹਾ ਰਖਣ ਵਾਲੇ ਇਕ ਸੀਨੀਅਰ ਪੱਤਰਕਾਰ ਨੇ ਟਿੱਪਣੀ ਕੀਤੀ ਸੀ, ਕਿ ਬਾਦਲਕੇ ਫੂਲਕਾ ਨੂੰ ਹਰਾਉਣ ਲਈ ਸਾਰੇ ਹੀਲੇ ਵਸੀਲੇ ਵਰਤਣਗੇ

ਬਾਕੀ ਸਫ਼ਾ 28 'ਤੇ

### ਪਾਰਟੀ ਛੱਡਣ ਮਗਰੋਂ ਵੀ 'ਆਪ' ਨਹੀਂ ਛੱਡੇਗੀ ਫੂਲਕਾ ਦਾ ਸਾਥ

ਆਮ ਆਦਮੀ ਪਾਰਟੀ ਨੂੰ ਚਾਹੇ ਹਰਵਿੰਦਰ ਸਿੰਘ ਫੂਲਕਾ ਦੇ ਅਲਵਿਦਾ ਕਹਿ ਦਿੱਤੀ ਹੈ ਪਰ 'ਆਪ' ਅਜੇ ਵੀ ਫੂਲਕਾ ਦਾ ਸਾਥ ਨਹੀਂ ਛੱਡੇਗੀ। ਫੂਲਕਾ ਦੇ ਅਸਤੀਫ਼ੇ ਤੋਂ ਬਾਅਦ ਵੀ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਫੂਲਕਾ ਦੀ ਐਸਜੀਪੀਸੀ ਚੋਣਾਂ ਵਿਚ ਡਟ ਕੇ ਹਮਾਇਤ ਕਰੇਗੀ।ਹਾਲਾਂਕਿ ਫੂਲਕਾ ਨੇ ਆਮ ਆਦਮੀ ਪਾਰਟੀ ਬਣਨ ਦੇ ਵਿਰੋਧ ਵਿਚ ਬਿਆਨ ਦਿੰਦੇ ਹੋਏ ਕਿਹਾ ਹੈ ਕਿ ਅੰਨਾ ਹਜ਼ਾਰੇ ਅੰਦੋਲਨ ਹੀ ਰਹਿੰਦਾ ਤਾਂ ਚੰਗੀ ਗੱਲ ਸੀ। ਇਸ ਬਾਰੇ ਹਰਪਾਲ ਚੀਮਾ ਨੇ ਕਿਹਾ ਕਿ ਅੰਨਾ ਹਜ਼ਾਰੇ ਅੰਦੋਲਨ ਭ੍ਰਿਸ਼ਟਾਚਾਰ ਖਤਮ ਕਰਨਾ ਚਾਹੁੰਦਾ ਸੀ। ਆਮ ਆਦਮੀ ਪਾਰਟੀ ਵੀ ਉਸੇ ਹੀ ਮੁੱਦਿਆਂ 'ਤੇ ਕੰਮ ਕਰ ਰਹੀ ਹੈ।

## ਸਿੱਖ ਕੌਮ ਦਾ ਸਰਬ-ਪ੍ਰਵਾਨਿਤ ਕੈਲੰਡਰ ਲਾਗੂ ਕਰਨ ਵਿਚ ਅਸਫ਼ਲ ਰਹੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸਿੱਖਾਂ ਦੀ ਚੁਣੀ ਹੋਈ ਨੁਮਾਇੰਦਾ ਜਮਾਤ ਹੋਣ ਦਾ ਦਮ ਭਰਨ ਵਾਲੀ ਸ਼੍ਰੋਮਣੀ ਕਮੇਟੀ ਸਿੱਖ ਕੌਮ ਲਈ ਸਰਬ-ਪ੍ਰਵਾਨਿਤ ਕੈਲੰਡਰ ਲਾਗੂ ਕਰਨ ਵਿਚ ਅਸਫ਼ਲ ਹੋ ਰਹੀ ਹੈ। ਇਹ ਸਭ ਬੀਤੇ ਵਿਚ ਕੀਤੀ ਗਈ ਨਾਨਕਸ਼ਾਹੀ ਕੈਲੰਡਰ ਦੀ ਸੋਧ ਤੋਂ ਬਾਅਦ ਵਾਪਰਿਆ ਹੈ। ਨਾਨਕਸ਼ਾਹੀ ਕੈਲੰਡਰ ਵਿਚ ਕੀਤੀ ਗਈ ਸੋਧ ਤੋਂ ਬਾਅਦ ਗੁਰਪੁਰਬਾਂ ਦੀਆਂ ਤਰੀਕਾਂ ਬਾਰੇ ਸਿੱਖਾਂ ਵਿਚ ਪੈਦਾ ਹੋਈ ਦੁਬਿਧਾ ਦੌਰਾਨ ਸ਼੍ਰੋਮਣੀ ਕਮੇਟੀ ਹੁਣ ਤੱਕ ਸਿੱਖਾਂ ਨੂੰ ਕੈਲੰਡਰ ਮੁੱਦੇ 'ਤੇ ਇਕਜੁਟ ਕਰਨ ਵਿਚ ਸਫ਼ਲ ਨਹੀਂ ਹੋ ਸਕੀ ਹੈ।

ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਸੰਬਧੀ ਦੁਬਿਧਾ ਵਿਚ ਫਸੀ ਸਿੱਖ ਸੰਗਤ ਵੱਲੋਂ ਇਸ ਵਰ੍ਹੇ ਵੀ ਇਹ ਗੁਰਪੁਰਬ ਦੋ ਵਾਰ ਮਨਾਇਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਨੇ ਸੰਨ 2003 ਵਿਚ ਨਾਨਕਸ਼ਾਹੀ ਕੈਲੰਡਰ ਜਾਰੀ ਕੀਤਾ ਸੀ। ਇਸ ਕੈਲੰਡਰ ਵਿਚ ਵਧੇਰੇ ਗੁਰਪੁਰਬਾਂ ਤੇ ਹੋਰ ਦਿਨ ਤਿਉਹਾਰਾਂ ਦੀਆਂ ਤਰੀਕਾਂ ਪੱਕੀਆਂ ਨਿਰਧਾਰਿਤ ਕਰ ਦਿੱਤੀਆਂ ਗਈਆਂ ਸਨ। ਜਨਵਰੀ-2010 ਵਿਚ ਸ੍ਰੀ ਅਕਾਲ ਤਖ਼ਤ ਦੇ ਉਸ ਵੇਲੇ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਨੇ ਆਪਣੇ ਹੀ ਲਏ ਫ਼ੈਸਲੇ ਤੋਂ ਪੈਰ ਪਿਛਾਂਹ ਖਿੱਚਦਿਆਂ ਨਾਨਕਸ਼ਾਹੀ ਕੈਲੰਡਰ ਵਿਚ ਸੋਧ ਕੀਤੀ ਸੀ। ਦੂਜੀ ਵਾਰ ਕੀਤੀ ਗਈ ਸੋਧ ਤੋਂ ਬਾਅਦ ਸਿੱਖਾਂ ਦੀ ਵੱਖਰੀ ਪਛਾਣ ਦਾ ਪ੍ਰਤੀਕ ਬਣੇ ਨਾਨਕਸ਼ਾਹੀ ਕੈਲੰਡਰ ਨੂੰ ਮੁੜ ਬਿਕਰਮੀ ਕੈਲੰਡਰ ਵਿਚ ਤਬਦੀਲ ਕਰ ਦਿੱਤਾ ਗਿਆ, ਜਿਸ ਨੂੰ ਸਿੱਖ ਕੌਮ ਦੇ ਇਕ ਹਿੱਸੇ ਨੇ ਅਪ੍ਰਵਾਨ ਕਰ ਦਿੱਤਾ ਸੀ। ਨਾਨਕਸ਼ਾਹੀ ਕੈਲੰਡਰ ਵਿਚ ਸੋਧ ਕੀਤੀ ਨੂੰ 9 ਵਰ੍ਹੇ ਬੀਤ ਚੁੱਕੇ ਹਨ ਪਰ ਗੁਰਪੁਰਬਾਂ ਦੀਆਂ ਤਰੀਕਾਂ ਸਬੰਧੀ ਹਰ ਵਰ੍ਹੇ ਦੁਬਿਧਾ ਬਣੀ ਰਹਿੰਦੀ ਹੈ। ਇਹੀ ਕਾਰਨ ਹੈ ਕਿ ਪਿਛਲੇ 9 ਸਾਲਾਂ ਤੋਂ ਕਈ ਗੁਰਪੁਰਬ ਹਰ ਵਰ੍ਹੇ ਦੋ ਦੋ ਵਾਰ ਮਨਾਏ ਜਾ ਰਹੇ ਹਨ।

**ਬਾਕੀ ਸਫ਼ਾ 28 'ਤੇ**

## ਸ਼ਹੀਦ ਭਾਈ ਸਤਵੰਤ ਸਿੰਘ ਤੇ ਕੇਹਰ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ



ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਵਿੰਦਰ ਸਿੰਘ ਨੇ ਸ਼ਹੀਦ ਭਾਈ ਸਤਵੰਤ ਸਿੰਘ ਦੀ ਮਾਤਾ ਪਿਆਰ ਕੌਰ ਅਤੇ ਭਰਾਤਾ ਵਰਿਆਮ ਸਿੰਘ ਨੂੰ ਗੁਰੂ ਬਖਸ਼ਿਸ਼ ਸਿਰੋਪਾਉ ਭੇਟ ਕੀਤਾ।

**ਅੰਮ੍ਰਿਤਸਰ/ਬਿਊਰੋ ਨਿਊਜ਼ :** ਜੂਨ-1984 ਦੇ ਦਰਬਾਰ ਸਾਹਿਬ ਤੇ ਅਕਾਲ ਤਖਤ ਸਾਹਿਬ ਉਪਰ ਭਾਰਤੀ ਫੌਜ ਨੂੰ ਹਮਲੇ ਦਾ ਹੁਕਮ ਦੇਣ ਵਾਲੀ ਤਤਕਾਲੀ ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਸੋਧਾ ਲਾਉਣ ਵਾਲੇ ਕੌਮੀ ਸ਼ਹੀਦ ਭਾਈ ਸਤਵੰਤ ਸਿੰਘ ਤੇ ਭਾਈ ਕੇਹਰ ਸਿੰਘ ਜੀ ਦਾ 30ਵਾਂ ਸ਼ਹੀਦੀ ਦਿਹਾੜਾ ਇਥੇ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ।

ਅਕਾਲ ਤਖਤ ਸਾਹਿਬ ਨੇੜੇ ਗੁਰਦੁਆਰਾ ਝੰਡਾ ਬੁੰਗਾ ਸਾਹਿਬ ਵਿਖੇ ਤਿੰਨ ਰੋਜ਼ ਤੋਂ ਆਰੰਭ ਕਰਵਾਏ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਇਲਾਹੀ ਬਾਣੀ ਦੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਸ਼ਹੀਦੀ ਸਮਾਗਮ ਵਿਚ ਹਾਜ਼ਰੀ ਭਰਨ ਲਈ ਜਿਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਮੈਂਬਰ ਭਗਵੰਤ ਸਿੰਘ ਸਿਆਲਕਾ ਤੇ ਦਰਬਾਰ ਸਾਹਿਬ ਦੇ ਪ੍ਰਬੰਧਕ (ਮੈਨੇਜਰ) ਜਸਵਿੰਦਰ ਸਿੰਘ ਦੀਨਪੁਰ ਹਾਜ਼ਰ ਸਨ, ਉਥੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਦਲ ਖਾਲਸਾ ਵਲੋਂ ਸ. ਕੰਵਰਪਾਲ ਸਿੰਘ, ਸਿੱਖ ਯੂਥ ਆਫ ਪੰਜਾਬ ਦੇ ਪ੍ਰਧਾਨ ਪਰਮਜੀਤ ਸਿੰਘ ਮੰਡ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਆਗੂ ਕਰਨੈਲ ਸਿੰਘ ਪੀਰ ਮੁਹੰਮਦ ਪੁੱਜੇ ਹੋਏ ਸਨ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਵਿੰਦਰ ਸਿੰਘ ਨੇ ਸ਼ਹੀਦ ਭਾਈ ਸਤਵੰਤ ਸਿੰਘ ਦੀ ਮਾਤਾ ਪਿਆਰ ਕੌਰ ਅਤੇ ਭਰਾਤਾ ਵਰਿਆਮ ਸਿੰਘ ਨੂੰ ਗੁਰੂ ਬਖਸ਼ਿਸ਼ ਸਿਰੋਪਾਉ ਭੇਟ ਕੀਤਾ।

## ਪੰਜਾਬ ਪੁਲਿਸ ਵੱਲੋਂ ਦਿੱਲੀ ਹਵਾਈ ਅੱਡੇ ਤੋਂ ਬੱਬਰ ਖਾਲਸਾ ਕਾਰਕੁਨ ਗ੍ਰਿਫ਼ਤਾਰ ਕਰਨ ਦਾ ਦਾਅਵਾ

**ਮੁਹਾਲੀ/ਬਿਊਰੋ ਨਿਊਜ਼ :**

ਸਾਊਦੀ ਅਰਬ ਤੋਂ ਡਿਪੋਰਟ ਕਰ ਕੇ ਵਾਪਸ ਭਾਰਤ ਭੇਜੇ ਗਏ ਇਕ ਸਿੱਖ ਨੌਜਵਾਨ ਦੀ ਦਿੱਲੀ ਹਵਾਈ ਅੱਡੇ ਉਤੇ ਗ੍ਰਿਫਤਾਰੀ ਹੋਈ ਹੈ। ਪੰਜਾਬ ਪੁਲੀਸ ਦੇ ਦਾਅਵੇ ਮੁਤਾਬਕ ਉਸ ਵੱਲੋਂ ਦਿੱਲੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਦਿਲਾਵਰ ਸਿੰਘ ਨਾਮ ਦਾ ਸਿੱਖ ਨੌਜਵਾਨ ਬੱਬਰ ਖਾਲਸਾ ਦਾ ਕਾਰਕੁਨ ਹੈ। ਅਦਾਲਤ ਨੇ ਦਿਲਾਵਰ ਨੂੰ 11 ਜਨਵਰੀ ਤਕ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ।



ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪੰਜਾਬ ਪੁਲਿਸ ਦੇ ਬੀਤੇ ਵਿਚ ਕੀਤੇ ਗਏ ਅਜਿਹੇ ਬਹੁਤ ਸਾਰੇ ਦਾਅਵੇ ਅਕਸਰ ਹੀ ਝੂਠੇ ਨਿਕਲਦੇ ਰਹੇ ਹਨ। ਇਸ ਕਰ ਕੇ ਇਸ ਕੇਸ ਦੀ ਅਸਲ ਸਚਾਈ ਵੀ ਅਦਾਲਤ ਵਿਚ ਹੀ ਟਰਾਇਲ ਦੌਰਾਨ ਪਤਾ ਲੱਗ ਸਕੇਗੀ। ਦਿਲਾਵਰ ਸਿੰਘ ਖ਼ਿਲਾਫ਼ ਪਿਛਲੇ ਸਾਲ ਮੁਹਾਲੀ ਥਾਣੇ ਵਿਚ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਮੁਲਜ਼ਮ 'ਤੇ ਖਾਲਿਸਤਾਨ ਪੱਖੀ ਲਹਿਰ ਚਲਾਉਣ ਦਾ ਦੋਸ਼ ਹੈ। ਥਾਣਾ ਫੇਜ਼-1 ਦੇ ਐਸਐਚਓ ਗੁਰਬੰਤ ਸਿੰਘ ਨੇ ਦੱਸਿਆ ਕਿ ਭੁਪਿੰਦਰ ਸਿੰਘ ਉਰਫ਼ ਦਿਲਾਵਰ ਸਿੰਘ ਵਾਸੀ ਪਿੰਡ ਤਾਜਪੁਰ (ਰਾਏਕੋਟ) ਖ਼ਿਲਾਫ਼ 29 ਮਈ 2017 ਨੂੰ ਦੇਸ਼ ਵਿਰੋਧੀ ਕਾਰਵਾਈਆਂ ਵਿਚ ਹਿੱਸਾ ਲੈਣ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਉਸ ਨੂੰ ਹਾਲ ਹੀ ਵਿਚ ਸਾਊਦੀ ਅਰਬ ਦੀ ਸਰਕਾਰ ਵੱਲੋਂ ਡਿਪੋਰਟ ਕਰਕੇ ਵਾਪਸ ਭਾਰਤ ਭੇਜਿਆ ਗਿਆ ਸੀ ਜਿਸ ਨੂੰ ਦਿੱਲੀ ਹਵਾਈ ਅੱਡੇ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ। ਥਾਣਾ ਮੁਖੀ ਨੇ ਦੱਸਿਆ ਕਿ ਦਿਲਾਵਰ ਸਿੰਘ ਨੇ ਬੱਬਰ ਖਾਲਸਾ ਨਾਲ ਸਬੰਧਤ ਕਾਰਕੁਨਾਂ ਨੂੰ ਮਾਰੂ ਹਥਿਆਰ ਖਰੀਦਣ ਲਈ ਲੋੜੀਂਦੇ ਫੰਡ ਮੁਹੱਈਆ ਕਰਵਾਏ ਸਨ ਅਤੇ ਉਹ ਪਾਕਿਸਤਾਨ ਵਿਚ ਬੈਠੇ ਖਾੜਕੂਆਂ ਦੇ ਲਗਾਤਾਰ ਸੰਪਰਕ ਵਿਚ ਸੀ।

ਪੁਲੀਸ ਮੁਤਾਬਕ ਦਿਲਾਵਰ ਸਿੰਘ ਸਾਲ 2010 ਤੋਂ ਸਾਊਦੀ ਅਰਬ ਵਿਚ ਰਹਿ ਰਿਹਾ ਸੀ ਅਤੇ ਮੁਹਾਲੀ ਪੁਲੀਸ ਵੱਲੋਂ ਉਸ ਖ਼ਿਲਾਫ਼ ਰੈਡ ਕਾਰਨਰ ਨੋਟਿਸ ਜਾਰੀ ਕਰਵਾਉਣ ਉਪਰੰਤ ਉੱਥੋਂ ਦੀ ਸਰਕਾਰ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਉਹ ਪਿਛਲੇ 8 ਮਹੀਨਿਆਂ ਤੋਂ ਸਾਊਦੀ ਅਰਬ ਦੀ ਜੇਲ੍ਹ ਵਿਚ ਸੀ। ਜਾਣਕਾਰੀ ਅਨੁਸਾਰ ਦਿਲਾਵਰ ਦੇ ਸਾਥੀਆਂ ਨੇ ਸੰਨ 2017 ਵਿਚ ਅੰਮ੍ਰਿਤਸਰ ਅਤੇ ਆਲਮਗੀਰ ਵਿਚ ਮੀਟਿੰਗ ਕਰਕੇ ਸਿੱਖ ਕਤਲੇਆਮ ਦੇ ਦੋਸ਼ੀਆਂ ਤੇ ਸੀਨੀਅਰ ਕਾਂਗਰਸ ਆਗੂਆਂ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਸਮੇਤ ਪੰਜਾਬ ਵਿਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਸਬੰਧੀ ਬਦਲਾ ਲੈਣ ਦੀ ਸਹੁੰ ਖਾਧੀ ਸੀ। ਪੁਲੀਸ ਅਨੁਸਾਰ ਇਸ ਮਾਮਲੇ ਵਿਚ ਦਿਲਾਵਰ ਸਿੰਘ ਦੇ 11 ਹੋਰ ਸਾਥੀਆਂ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ।

## ਮਨਜਿੰਦਰ ਸਿੰਘ ਸਿਰਸਾ ਦੀ ਦਿੱਲੀ ਅਸੈਂਬਲੀ ਵਿਚ ਲੱਥੀ ਪੱਗ



**ਨਵੀਂ ਦਿੱਲੀ/ਬਿਊਰੋ ਨਿਊਜ਼ :**ਦਿੱਲੀ ਤੋਂ ਭਾਜਪਾ ਦੇ ਵਿਧਾਇਕ ਮਨਜਿੰਦਰ ਸਿੰਘ ਸਿਰਸਾ ਨੇ ਦੋਸ਼ ਲਗਾਇਆ ਕਿ ਹੈ ਕਿ ਵਿਧਾਨ ਸਭਾ 'ਚੋਂ ਜਦੋਂ ਮਾਰਸ਼ਲਾਂ ਵੱਲੋਂ ਉਸ ਨੂੰ ਜ਼ਬਰਦਸਤੀ ਬਾਹਰ ਕੱਢਿਆ ਜਾ ਰਿਹਾ ਸੀ ਤਾਂ ਉਸਦੀ ਪੱਗ ਉਤਾਰੀ ਗਈ ਹੈ ਤੇ ਇਸ ਤੋਂ ਬਾਅਦ ਸੈਸ਼ਨ ਨੂੰ ਮੁਅੱਤਲ ਕਰ ਦਿੱਤਾ ਗਿਆ। ਦੂਜੇ ਪਾਸੇ ਆਮ ਆਦਮੀ ਪਾਰਟੀ ਦੇ ਵਿਧਾਇਕ ਸੌਰਭ ਭਾਰਦਵਾਜ ਨੇ ਕਿਹਾ ਕਿ ਸਿਰਸਾ ਨੇ ਆਪਣੀ ਪੱਗ ਆਪ ਆਪਣੇ ਹੱਥ ਨਾਲ ਉਤਾਰੀ ਹੈ। ਉਨ੍ਹਾਂ ਕਿਹਾ ਕਿ ਜਦੋਂ ਸਿਰਸਾ ਨੂੰ ਮਾਰਸ਼ਲਾਂ ਵੱਲੋਂ ਬਾਹਰ ਜਾਣ ਲਈ ਕਿਹਾ ਜਾ ਰਿਹਾ ਸੀ ਤਾਂ ਉਨ੍ਹਾਂ ਆਪਣੀਆਂ ਲੱਤਾਂ ਕੁਰਸੀ 'ਚ ਫਸਾ ਲਈਆਂ। ਇਸ ਦੌਰਾਨ ਸਪੀਕਰ ਰਾਮ ਨਿਵਾਸ ਗੋਇਲ ਨੇ ਵਿਰੋਧੀ ਪਾਰਟੀ ਦੇ ਵਿਧਾਇਕ ਵੱਲੋਂ ਕੀਤੀ ਗਈ ਅਜਿਹੀ ਕਾਰਵਾਈ ਦੀ ਨਿਖੇਧੀ ਕੀਤੀ, ਉਨ੍ਹਾਂ ਇਹ ਮਾਮਲਾ ਮਰਿਆਦਾ ਕਮੇਟੀ ਨੂੰ ਸੌਂਪ ਦਿੱਤਾ।

## 'ਸਿੱਟ' ਅੱਗੇ ਪੇਸ਼ ਨਹੀਂ ਹੋਣਗੇ ਗਿਆਨੀ ਗੁਰਬਚਨ ਸਿੰਘ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ੍ਰੀ ਅਕਾਲ ਤਖਤ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਉਹ ਬੇਅਦਬੀ ਮਾਮਲਿਆਂ ਦੀ ਜਾਂਚ ਕਰ ਰਹੀ ਪੁਲਿਸ ਦੀ ਵਿਸ਼ੇਸ਼ ਟੀਮ ਮੂਹਰੇ ਹਰਗਿਜ਼ ਪੇਸ਼ ਨਹੀਂ ਹੋਣਗੇ। ਬੇਅਦਬੀ ਮਾਮਲਿਆਂ ਦੀ ਜਾਂਚ ਅਤੇ ਡੇਰਾ ਸਿਰਸਾ ਮੁਖੀ ਨੂੰ ਮੁਆਫ਼ੀ ਦਿੱਤੇ ਜਾਣ ਬਾਰੇ ਪੰਜਾਬ ਸਰਕਾਰ ਵਲੋਂ ਗਠਿਤ 'ਸਿੱਟ' ਵਲੋਂ ਉਨ੍ਹਾਂ ਨੂੰ ਵੀ ਪੁੱਛਗਿੱਛ ਲਈ ਬੁਲਾਏ ਜਾਣ ਦੀ ਸੰਭਾਵਨਾ ਦੀ ਚੱਲ ਰਹੀ ਚਰਚਾ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਉਹ ਅਜਿਹੀ ਕਿਸੇ ਜਾਂਚ ਟੀਮ ਅੱਗੇ ਪੇਸ਼ ਨਹੀਂ ਹੋਣਗੇ ਤੇ ਜੇਕਰ ਕਿਸੇ ਨੂੰ ਲੋੜ ਹੋਵੇ ਤਾਂ ਉਹ ਉਨ੍ਹਾਂ ਕੋਲ ਆ ਸਕਦਾ ਹੈ ।



## ਗੁਰੂ ਗ੍ਰੰਥ ਸਾਹਿਬ ਬੇਅਦਬੀ ਕਾਂਡ ਦੇ ਜ਼ਿੰਮੇਵਾਰ ਸਿਰਸਾ ਸਾਧ ਦੇ ਪੰਜ ਚੇਲਿਆਂ ਖ਼ਿਲਾਫ਼ ਦੋਸ਼ ਪੱਤਰ ਦਾਇਰ

### ਡੇਰਾ ਪ੍ਰੇਮੀ ਪ੍ਰਿਥੀ ਸਿੰਘ ਤੇ ਹੋਰ ਮੁਲਜ਼ਮਾਂ ਨੇ ਬੇਅਦਬੀ ਕਾਂਡ 'ਚ ਆਪਣਾ ਗੁਨਾਹ ਕਬੂਲਿਆ

**ਮੋਗਾ/ਬਿਊਰੋ ਨਿਊਜ਼ :** ਜ਼ਿਲ੍ਹਾ ਮੋਗਾ ਦੇ ਪਿੰਡ ਮੱਲਕੇ ਅਤੇ ਜ਼ਿਲ੍ਹਾ ਬਠਿੰਡਾ ਦੇ ਪਿੰਡ ਗੁਰੂਸਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਂਡ ਦੇ ਮੁਲਜ਼ਮਾਂ ਖ਼ਿਲਾਫ਼ ਪੁਲੀਸ ਨੇ ਬਾਘਾਪੁਰਾਣਾ ਅਤੇ ਫੂਲ ਅਦਾਲਤ ਵਿਚ ਦੋਸ਼ ਪੱਤਰ ਦਾਇਰ ਕਰ ਦਿੱਤੇ ਹਨ। ਮੋਗਾ ਦੇ ਪਿੰਡ ਮੱਲਕੇ ਵਿਚ ਬੇਅਦਬੀ ਮਾਮਲੇ 'ਚ ਡੇਰਾ ਸਿਰਸਾ ਦੀ 45 ਮੈਂਬਰੀ ਕਮੇਟੀ ਆਗੂ ਪ੍ਰਿਥੀ ਸਿੰਘ ਸਮੇਤ ਪੰਜ ਖ਼ਿਲਾਫ਼ ਦੋਸ਼ ਪੱਤਰ ਦਿੱਤਾ ਗਿਆ ਹੈ ਅਤੇ ਤਿੰਨ ਹੋਰ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਅਦਾਲਤ 'ਚੋਂ ਵਾਰੰਟ ਹਾਸਲ ਕੀਤੇ ਗਏ ਹਨ। ਵਿਸ਼ੇਸ਼ ਜਾਂਚ ਟੀਮ ਮੁਖੀ ਡੀ.ਆਈਜੀ. ਰਣਬੀਰ ਸਿੰਘ ਖੱਟੜਾ ਨੇ ਮੁਲਜ਼ਮਾਂ ਖ਼ਿਲਾਫ਼ ਦੋਸ ਪੱਤਰ ਦਾਇਰ ਕਰਨ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਇਸ ਕੇਸ 'ਚ ਤਿੰਨ ਹੋਰ ਮੁਲਜ਼ਮਾਂ ਪਰਦੀਪ ਕਲੇਰ, ਸੰਦੀਪ ਬਰੇਟਾ ਤੇ ਹਰਸ਼ ਧੂਰੀ ਅਜੇ ਤਕ ਫਰਾਰ ਹਨ, ਜਿਨ੍ਹਾਂ ਦੀ ਗ੍ਰਿਫ਼ਤਾਰੀ ਲਈ ਅਦਾਲਤ 'ਚੋਂ ਗੈਰ-ਜ਼ਮਾਨਤੀ ਵਾਰੰਟ ਹਾਸਲ ਕੀਤੇ ਗਏ ਹਨ ਅਤੇ ਪੁਲੀਸ ਵੱਲੋਂ ਛਾਪੇ ਮਾਰੇ ਜਾ ਰਹੇ ਹਨ। ਇਨ੍ਹਾਂ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਹੋਣ ਉੱਤੇ ਇਨ੍ਹਾਂ ਖ਼ਿਲਾਫ਼ ਸਪਲੀਮੈਂਟਰੀ ਚਲਾਨ ਅਦਾਲਤ 'ਚ ਦਿੱਤਾ ਜਾਵੇਗਾ।



ਉਨ੍ਹਾਂ ਦੱਸਿਆ ਕਿ ਇਹ ਤਿੰਨੋਂ ਮੁਲਜ਼ਮ ਡੇਰਾ ਸਿਰਸਾ ਦੇ ਨਜ਼ਦੀਕੀ ਹਨ। ਉਨ੍ਹਾਂ ਦੱਸਿਆ ਕਿ ਅਦਾਲਤਾਂ 'ਚ ਚਲਾਨ ਪੇਸ਼ ਕਰਨ ਤੋਂ ਪਹਿਲਾਂ ਪੰਜਾਬ ਸਰਕਾਰ ਤੋਂ ਬਕਾਇਦਾ ਮਨਜ਼ੂਰੀ ਲਈ ਗਈ ਹੈ। ਜਾਣਕਾਰੀ ਅਨੁਸਾਰ ਪਿੰਡ ਮੱਲਕੇ ਵਿਖੇ ਤਿੰਨ ਵਰ੍ਹੇ ਪਹਿਲਾਂ 4 ਨਵੰਬਰ 2015 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਾਂਡ 'ਚ ਡੇਰਾ ਪ੍ਰੇਮੀਆਂ ਦਾ ਹੱਥ ਹੋਣ ਦੇ ਪੱਕੇ ਸਬੂਤ ਮਿਲਣ ਬਾਅਦ ਪ੍ਰਿਥੀ ਸਿੰਘ ਸਮੇਤ 5 ਡੇਰਾ ਪ੍ਰੇਮੀਆਂ ਮਿੱਠੂ ਸਿੰਘ ਅਤੇ ਅਮਰਦੀਪ ਸਿੰਘ ਦੋਵੇਂ ਪਿੰਡ ਮੱਲਕੇ ਦੀ ਗ੍ਰਿਫ਼ਤਾਰੀ ਹੋਈ ਸੀ ਅਤੇ ਦੋ ਡੇਰਾ ਪ੍ਰੇਮੀਆਂ ਦੇਵਿੰਦਰ ਸਿੰਘ ਅਤੇ ਸੁਖਨਾਮ ਸਿੰਘ ਦੇ ਗੈਰ-ਜ਼ਮਾਨਤੀ ਵਾਰੰਟ ਜਾਰੀ ਹੋਣ ਬਾਅਦ ਉਹ ਖੁਦ ਪੇਸ਼ ਹੋ ਗਏ ਸਨ। ਪ੍ਰਿਥੀ ਸਿੰਘ ਤੇ ਹੋਰ ਮੁਲਜ਼ਮਾਂ ਨੇ ਬੇਅਦਬੀ ਕਾਂਡ 'ਚ ਆਪਣਾ ਗੁਨਾਹ ਕਬੂਲ ਕਰਦਿਆਂ ਧਾਰਾ 164 ਸੀਆਰਪੀਸੀ ਤਹਿਤ ਬਿਆਨ ਵੀ ਅਦਾਲਤ 'ਚ ਦਰਜ ਕਰਵਾ ਦਿੱਤਾ ਸੀ।

ਵਿਸ਼ੇਸ਼ ਜਾਂਚ ਟੀਮ ਮੁਤਾਬਕ ਬੀਤੇ ਵਰ੍ਹੇ ਦੀ 7 ਜੂਨ ਨੂੰ ਹਿਮਾਚਲ ਪ੍ਰਦੇਸ਼ ਦੇ ਪਾਲਮਪੁਰ ਤੋਂ ਗ੍ਰਿਫ਼ਤਾਰ ਡੇਰਾ ਸਿਰਸਾ ਦੀ ਰਾਜ ਪੱਧਰੀ ਕਮੇਟੀ ਦੇ ਮੈਂਬਰ ਤੇ ਕੋਟਕਪੂਰਾ ਦੇ ਵਸਨੀਕ ਮੋਹਿੰਦਰ ਪਾਲ ਬਿੱਟੂ ਨੇ ਪੁੱਛਗਿੱਛ ਦੌਰਾਨ ਮੰਨਿਆ ਸੀ ਕਿ ਉਨ੍ਹਾਂ ਨੂੰ ਡੇਰਾ ਮੁਖੀ ਦੇ ਇਕ ਨਿੱਜੀ ਸਹਾਇਕ (ਪੀਏ.) ਤੋਂ ਇਹ ਹਦਾਇਤਾਂ ਵੀ ਮਿਲੀਆਂ ਸਨ। ਉਨ੍ਹਾਂ ਦੱਸਿਆ ਕਿ ਮਹਿੰਦਰ ਪਾਲ ਬਿੱਟੂ ਨੇ ਵੀ ਬੇਅਦਬੀ ਘਟਨਾਵਾਂ 'ਚ ਸ਼ਮੂਲੀਅਤ ਬਾਰੇ ਮੋਗਾ ਵਿਖੇ ਅਦਾਲਤ'ਚ ਬੀਤੇ ਵਰ੍ਹੇ ਦੀ 20 ਜੂਨ ਨੂੰ ਆਪਣਾ ਗੁਨਾਹ ਕਬੂਲਦੇ ਧਾਰਾ 164 ਸੀਆਰਪੀਸੀ ਤਹਿਤ ਬਿਆਨ ਦਰਜ ਕਰਵਾ ਦਿੱਤਾ ਸੀ।

## ਰਾਮਗੜ੍ਹ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਾ ਗ੍ਰਿਫ਼ਤਾਰ

**ਚਮਕੌਰ ਸਾਹਿਬ/ਬਿਊਰੋ ਨਿਊਜ਼ :** ਚਮਕੌਰ ਸਾਹਿਬ-ਮੋਰਿੰਡਾ ਸੜਕ 'ਤੇ ਪੈਂਦੇ ਪਿੰਡ ਰਾਮਗੜ੍ਹ (ਨਜ਼ਦੀਕ ਲੁਠੇੜੀ) ਵਿਚ ਇਕ ਨੌਜਵਾਨ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਪਾਲਕੀ ਸਾਹਿਬ ਦੀ ਭੰਨ-ਤੋੜ ਕੀਤੀ। ਪੁਲੀਸ ਚੌਕੀ ਲੁਠੇੜੀ ਦੇ ਇੰਚਾਰਜ ਸ਼ਿੰਦਰਪਾਲ ਸਿੰਘ ਨੇ ਦੱਸਿਆ ਕਿ ਪਿੰਡ ਰਾਮਗੜ੍ਹ ਵਿਖੇ ਵੱਡੇ ਗੁਰਦੁਆਰੇ ਵਿਚ ਬਰਜੀਤ ਸਿੰਘ (35 ਸਾਲ) ਕਰੀਬ ਇਕ ਵਜੇ ਦਾਖ਼ਲ ਹੋਇਆ। ਉਸ ਨੇ ਮੱਥਾ ਟੇਕਦਿਆਂ ਉੱਚੀ-ਉੱਚੀ ਬੋਲੇ ਸੋ ਨਿਹਾਲ ਦੇ ਜੈਕਾਰੇ ਲਾਏ ਤੇ ਗੁਰੂ ਗ੍ਰੰਥ ਸਾਹਿਬ 'ਤੇ ਬੈਠ ਗਿਆ। ਉਸੇ ਸਮੇਂ ਪਿੰਡ ਦਾ ਹੀ ਮਲਕੀਤ ਸਿੰਘ ਗੁਰਦੁਆਰੇ ਨਤਮਸਤਕ ਹੋਣ ਲਈ ਆਇਆ ਤਾਂ ਉਸ ਨੇ ਮੁਲਜ਼ਮ ਨੂੰ ਅਜਿਹਾ ਕਰਦਿਆਂ ਵੇਖ ਲਿਆ। ਜਦੋਂ ਉਹ ਬਰਜੀਤ ਸਿੰਘ ਨੂੰ ਗੁਰੂ ਗ੍ਰੰਥ ਸਾਹਿਬ ਤੋਂ ਉਠਾਉਣ ਲੱਗਾ ਤਾਂ ਮੁਲਜ਼ਮ ਦੇ ਪੈਰਾਂ ਨਾਲ ਗੁਰੂ ਗ੍ਰੰਥ ਸਾਹਿਬ ਦਾ 763 ਨੰਬਰ ਪੰਨਾ ਦੋ ਥਾਵਾਂ ਤੋਂ ਫਟ ਗਿਆ। ਚੌਕੀ ਇੰਚਾਰਜ ਨੇ ਦੱਸਿਆ ਕਿ ਮੁਲਜ਼ਮ ਨੇ ਪਾਲਕੀ ਸਾਹਿਬ ਦੀ ਭੰਨ-ਤੋੜ ਕੀਤੀ ਤੇ ਮੌਕੇ ਤੋਂ ਫ਼ਰਾਰ ਹੋ ਗਿਆ। ਘਟਨਾ ਸਥਾਨ ਦਾ ਜਾਇਜ਼ਾ ਲੈਣ ਲਈ ਪੁੱਜੇ ਥਾਣਾ ਮੁਖੀ ਗੁਰਸੇਵਕ ਸਿੰਘ ਨੇ ਦੱਸਿਆ ਕਿ ਪੁਲੀਸ ਨੇ ਮਲਕੀਤ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਬਰਜੀਤ ਸਿੰਘ ਖ਼ਿਲਾਫ਼ ਧਾਰਾ 295 ਏ, ਆਈਪੀਸੀ ਤਹਿਤ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

# ਕੈਪਟਨ ਸਰਕਾਰ ਨਸ਼ਾ ਤਸਕਰੀ ਰੋਕਣ ਵਿਚ ਹੋਈ ਠੁੱਸ

## ਪੁਲੀਸ ਵਿਚ ਅੰਦਰੂਨੀ ਧੜੇਬੰਦੀ ਤੇ ਸਰਕਾਰੀ ਇੱਛਾ ਸ਼ਕਤੀ ਦੀ ਘਾਟ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਵਿਚ ਨਸ਼ਾ ਅੱਜ ਵੀ ਵੱਡਾ ਤੇ ਡਰਾਉਣਾ ਮੁੱਦਾ ਹੈ। ਸਿਆਸੀ ਪਾਰਟੀਆਂ ਆਪਣੇ ਰਾਜਨੀਤਕ ਮੰਤਵ ਲਈ ਤਾਂ ਇਸ ਮੁੱਦੇ ਨੂੰ ਉਭਾਰਦੀਆਂ ਹਨ ਪਰ ਕਿਸੇ ਵੀ ਸਿਆਸੀ ਧਿਰ ਨੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ। ਨਸ਼ਿਆਂ ਤੋਂ ਪੀੜਤ ਨੌਜਵਾਨ ਅੱਜ ਵੀ ਪਹਿਲਾਂ ਵਾਂਗ ਹੀ ਮਰ ਰਹੇ ਹਨ। ਹੁਣ ਮੀਡੀਆ ਵਿਚ ਵੀ ਉਨ੍ਹਾਂ ਦੀ ਚਰਚਾ ਘੱਟ ਹੋਣ ਲੱਗ ਪਈ ਹੈ। ਸਿੰਥੈਟਿਕ ਨਸ਼ੇ ਸਭ ਤੋਂ ਜ਼ਿਆਦਾ ਘਾਤਕ ਹਨ। ਇਨ੍ਹਾਂ ਦੀ ਵਰਤੋਂ ਕਰਨ ਵਾਲਾ ਵੱਧ ਤੋਂ ਵੱਧ ਦੋ ਸਾਲ ਤੱਕ ਹੀ ਜਿਉਂਦਾ ਰਹਿੰਦਾ ਹੈ। ਨਸ਼ਾ ਤਸਕਰੀ ਰੋਕਣ ਦੇ ਮਾਮਲੇ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਵੀ ਅਕਾਲੀ ਸਰਕਾਰ ਵਾਂਗ ਅੰਕੜਿਆਂ ਦੀ ਖੇਡ ਤੱਕ ਸਿਮਟ ਗਈ ਹੈ। ਜੂਨ ਵਿਚ ਨਸ਼ੇ ਦੀ ਓਵਰਡੋਜ਼ ਨਾਲ 24 ਦੇ ਕਰੀਬ ਮੌਤਾਂ ਤੋਂ ਬਾਅਦ ਜੁਲਾਈ 20 18 ਵਿਚ ਗ਼ੈਰ-ਸਰਕਾਰੀ ਜਥੇਬੰਦੀਆਂ ਵੱਲੋਂ ਕਾਲਾ ਹਫ਼ਤਾ ਮਨਾਉਣ ਵੇਲੇ ਪੰਜਾਬ ਸਰਕਾਰ ਫਸੀ ਮਹਿਸੂਸ ਕਰ ਰਹੀ ਸੀ। ਮੁੱਖ ਮੰਤਰੀ ਨੇ ਕੁਝ ਆਗੂਆਂ ਨਾਲ ਚਾਹ-ਪਾਣੀ ਪੀਤਾ ਤਾਂ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਗਈ ਕਿ ਸਰਕਾਰ ਦੀ ਗੰਭੀਰਤਾ ਨਾਲ ਨਸ਼ੇ ਦੀ ਸਮੱਸਿਆ ਜਿਵੇਂ ਹੱਲ ਹੋ ਗਈ ਹੋਵੇ। ਓਵਰਡੋਜ਼ ਨਾਲ ਮੌਤਾਂ ਦਾ ਸਿਲਸਲਾ ਅਜੇ ਵੀ ਜਾਰੀ ਹੈ। ਪੰਜਾਬ ਵਿਚ ਨਸ਼ੇ ਛੁਡਾਉਣ ਅਤੇ ਮੁੜ ਵਸੇਬੇ ਦੀ ਕੋਈ ਠੋਸ ਨੀਤੀ ਨਹੀਂ ਹੈ। ਇਸ ਮੀਟਿੰਗ ਦੌਰਾਨ ਇਹ ਮੁੱਦਾ ਵੀ ਉੱਭਰ ਕੇ ਸਾਹਮਣੇ ਆਇਆ ਸੀ ਕਿ ਜ਼ਿਲ੍ਹਿਆਂ ਵਿਚ ਤਾਇਨਾਤ ਪੁਲੀਸ ਦੇ ਕਈ ਅਫ਼ਸਰ ਸਮੱਗਲਰਾਂ ਨਾਲ ਮਿਲੇ ਹੋਏ ਹਨ ਤੇ ਸਮੱਗਲਰਾਂ ਦਾ ਸਮੇਂ ਸਿਰ ਚਲਾਨ ਪੇਸ਼ ਨਹੀਂ ਕੀਤਾ ਜਾਂਦਾ, ਜਿਸ ਕਰਕੇ ਤਸਕਰਾਂ ਨੂੰ ਅਦਾਲਤਾਂ ਤੋਂ ਸੌਖਿਆਂ ਹੀ ਜ਼ਮਾਨਤਾਂ ਮਿਲ ਜਾਂਦੀਆਂ ਹਨ। ਕੈਪਟਨ ਅਮਰਿੰਦਰ ਸਿੰਘ ਵੱਲੋਂ ਨਸ਼ਿਆਂ ਦੀ ਸਮੱਗਲਿੰਗ ਰੋਕਣ ਲਈ ਕਾਇਮ ਕੀਤੀ ਗਈ ਵਿਸ਼ੇਸ਼ ਟਾਸਕ ਫੋਰਸ (ਐੱਸ.ਟੀ.ਐੱਫ) ਵੀ ਕਿਸੇ ਵੱਡੀ ਮੱਛੀ ਨੂੰ ਹੱਥ ਪਾਉਣ ਵਿਚ ਕਾਮਯਾਬ ਨਹੀਂ ਹੋ ਸਕੀ। ਸਰਕਾਰ ਵੱਲੋਂ ਐੱਸ.ਟੀ.ਐੱਫ. ਦੇ ਗਠਨ ਨੂੰ ਹੁਣ ਤੱਕ ਦੀ ਸਭ ਤੋਂ ਵੱਡੀ ਪ੍ਰਾਪਤੀ ਤਾਂ ਮੰਨਿਆ ਜਾਂਦਾ ਸੀ ਪਰ ਸਮੱਗਲਿੰਗ ਰੋਕਣ ਲਈ ਕਾਇਮ ਕੀਤੇ ਇਸ ਵਿੰਗ ਨੂੰ ਮੁੱਖ ਮੰਤਰੀ ਵੱਲੋਂ ਵੱਡੀ ਮਾਨਤਾ ਨਹੀਂ ਦਿੱਤੀ ਗਈ। ਇਸੇ ਕਾਰਨ ਪੁਲੀਸ ਦਾ ਇਹ ਵਿਸ਼ੇਸ਼ ਵਿੰਗ ਵੀ ਵੱਡੇ ਪੁਲੀਸ ਅਧਿਕਾਰੀਆਂ ਦੀ ਹਉਮੈ ਦੀ ਭੇਟ ਚੜ੍ਹ ਗਿਆ ਹੈ।ਸਿਹਤ ਮੰਤਰੀ ਬ੍ਰਹਮ ਮਹਿੰਦਰਾ ਨੇ ਕਿਹਾ ਕਿ ਕੇਂਦਰ ਤੋਂ ਤਾਂ ਕੋਈ ਜਵਾਬ ਨਹੀਂ ਆਇਆ, ਪਰ 'ਮੈਂਟਲ ਹੈਲਥ ਕਾਨੂੰਨ ਮੁਤਾਬਿਕ' ਨਿਯਮ ਬਣਨ ਨਾਲ ਸੂਬਾ ਸਰਕਾਰ ਆਪਣੇ ਪੱਧਰ 'ਤੇ ਕੰਮ ਕਰ ਸਕੇਗੀ।
ਨਸ਼ਿਆਂ ਦੀ ਗ੍ਰਿਫ਼ਤ ਵਿਚ ਆਏ ਪੰਜਾਬ ਦੇ ਜਵਾਨਾਂ ਦਾ ਮੌਤ ਦੇ ਮੂੰਹ ਵਿਚ ਜਾਣਾ ਜਾਰੀ ਹੈ ਤੇ ਸਰਕਾਰ ਵੱਲੋਂ ਹੈਰੋਇਨ, ਸਮੈਕ, ਅਫ਼ੀਮ, ਨਸ਼ੀਲੀਆਂ ਗੋਲੀਆਂ ਤੇ ਭੁੱਕੀ ਆਦਿ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਤੇ ਕੇਸਾਂ ਦੇ ਅੰਕੜਿਆਂ ਦੇ ਥੱਲੇ ਪੰਜਾਬ ਦੀ ਇਸ ਸਮੱਸਿਆ ਨੂੰ ਦੱਬਣ ਦੇ ਯਤਨ ਕੀਤੇ ਜਾਂਦੇ ਹਨ। ਪਿਛਲੇ ਸਾਢੇ ਕੁ ਚਾਰ ਸਾਲਾਂ ਦੇ ਅੰਕੜਿਆਂ 'ਤੇ ਝਾਤ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ 570 ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਹਨ। ਇਹ ਅੰਕੜੇ ਪੁਲੀਸ ਦੇ ਹਨ ਜਦੋਂਕਿ ਗ਼ੈਰ ਸਰਕਾਰੀ ਸੂਤਰਾਂ ਅਨੁਸਾਰ ਪੰਜਾਬ ਵਿਚ ਇਸ ਸਾਲ ਦੌਰਾਨ ਹੀ 200 ਤੋਂ ਵੱਧ ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਹਨ।




### ਲੁਧਿਆਣਾ ਤੇ ਅੰਮ੍ਰਿਤਸਰ ਵਿਚ ਸਭ ਤੋਂ ਵੱਧ ਮਾਰ

ਇਹ ਤੱਥ ਵੀ ਸਾਹਮਣੇ ਆਏ ਹਨ ਕਿ ਨਸ਼ਿਆਂ ਕਾਰਨ ਸਭ ਤੋਂ ਵੱਧ ਮੌਤਾਂ ਲੁਧਿਆਣਾ ਤੇ ਅੰਮ੍ਰਿਤਸਰ ਸ਼ਹਿਰਾਂ ਵਿਚ ਹੋ ਰਹੀਆਂ ਹਨ। ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਸਥਿਤੀ ਜ਼ਿਆਦਾ ਭਿਆਨਕ ਸੀ। ਇਹ ਵੀ ਮਹਤੱਵਪੂਰਨ ਤੱਥ ਹੈ ਕਿ ਪੰਜਾਬ ਸਰਕਾਰ ਵੱਲੋਂ ਇਸ ਤਰਾਸਦੀ 'ਤੇ ਪਰਦਾ ਪਾਉਣ ਲਈ ਨਸ਼ਿਆਂ ਦੀ ਸਮੱਗਲਿੰਗ ਦੇ ਮਾਮਲੇ ਵਿਚ ਦਰਜ ਐੱਫਆਈਆਰਜ਼ ਅਤੇ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਦੇ ਅੰਕੜੇ ਪੇਸ਼ ਕਰ ਦਿੱਤੇ ਜਾਂਦੇ ਹਨ।

### ਸਿਆਸਤਦਾਨਾਂ, ਪੁਲੀਸ ਅਤੇ ਸਮੱਗਲਰਾਂ ਦਾ ਨਾਪਾਕ ਗੱਠਜੋੜ

ਪੰਜਾਬ ਦੇ ਲੋਕਾਂ ਵਿਚ ਇਹ ਆਮ ਪ੍ਰਭਾਵ ਪਾਇਆ ਜਾਂਦਾ ਹੈ ਕਿ ਨਸ਼ਿਆਂ ਦੀ ਸਮਗਲਿੰਗ ਅਤੇ ਹੋਰਨਾਂ ਗ਼ੈਰਕਾਨੂੰਨੀ ਕੰਮਾਂ ਦੇ ਮਾਮਲਿਆਂ ਵਿਚ ਸਿਆਸਤਦਾਨਾਂ, ਪੁਲੀਸ ਅਤੇ ਸਮੱਗਲਰਾਂ ਜਾਂ ਅਪਰਾਧੀਆਂ ਦਰਮਿਆਨ ਗੱਠਜੋੜ ਬਣਿਆ ਹੋਇਆ ਹੈ। ਕਪਤਾਨੀ ਹਕੂਮਤ ਦੇ ਪਹਿਲੇ ਸਾਲ ਦੌਰਾਨ ਪੁਲੀਸ ਵਿਭਾਗ ਵਿਚ ਸਭ ਤੋਂ ਵੱਡੀ ਘਟਨਾ ਇੰਸਪੈਕਟਰ ਇੰਦਰਜੀਤ ਸਿੰਘ ਨੂੰ ਨਸ਼ਿਆਂ ਦੀ ਸਮਗਲਿੰਗ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕਰਨ ਅਤੇ ਉਸ ਤੋਂ ਬਾਅਦ ਸੀਨੀਅਰ ਪੁਲੀਸ ਅਧਿਕਾਰੀਆਂ ਦੀ ਭੂਮਿਕਾ ਮੰਨੀ ਜਾ ਰਹੀ ਹੈ। ਮੋਗਾ ਜ਼ਿਲ੍ਹੇ ਦੇ ਸਾਬਕਾ ਐੱਸਐੱਸਪੀ ਰਾਜਜੀਤ ਸਿੰਘ, ਜਿਸ ਉੱਪਰ ਇੰਦਰਜੀਤ ਸਿੰਘ ਨੂੰ ਸਰਪ੍ਰਸਤੀ ਦੇਣ ਦੇ ਦੋਸ਼ ਲੱਗੇ ਸਨ, ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਵਧੀਕ ਡੀਜੀਪੀ ਰੈਂਕ ਦੇ ਹੀ ਇਕ ਅਧਿਕਾਰੀ ਖ਼ਿਲਾਫ਼ ਰਿੱਟ ਪਾਉਣ ਨੇ ਅਨੁਸ਼ਾਸਨਬੱਧ ਫੋਰਸ ਦਾ ਨਵਾਂ ਕਿਰਦਾਰ ਸਾਹਮਣੇ ਲਿਆਂਦਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਗੁਟਕਾ ਸਾਹਿਬ ਹੱਥ ਵਿਚ ਫੜ ਕੇ ਸਹੁੰ ਖਾਧੀ ਸੀ ਕਿ ਕਾਂਗਰਸ ਦੇ ਸੱਤਾ ਵਿਚ ਆਉਣ ਪਿੱਛੋਂ ਨਸ਼ਿਆਂ 'ਤੇ 4 ਹਫ਼ਤਿਆਂ ਵਿਚ ਕਾਬੂ ਪਾ ਲਿਆ ਜਾਵੇਗਾ। ਮੁੱਖ ਮੰਤਰੀ ਵਜੋਂ ਕੈਪਟਨ ਅਮਰਿੰਦਰ ਸਿੰਘ ਨੂੰ ਸੱਤਾ ਸੰਭਾਲਿਆਂ ਦੋ ਸਾਲ ਦਾ ਸਮਾਂ ਹੋਣ ਵਾਲਾ ਹੈ ਪਰ ਪੰਜਾਬ ਨੂੰ ਚਿੰਬੜੀ ਇਸ ਬਿਮਾਰੀ ਤੋਂ ਖਹਿੜਾ ਨਹੀਂ ਛੁੱਟ ਸਕਿਆ।ਸਿਹਤ ਮੰਤਰੀ ਬ੍ਰਹਮ ਮਹਿੰਦਰਾ ਨੇ ਕਿਹਾ ਕਿ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਵਿਚ ਨਸ਼ੇੜੀਆਂ ਦੀ ਦੁਰਦਸ਼ਾ ਦੇ ਮਾਮਲੇ ਸਾਹਮਣੇ ਆਉਣ 'ਤੇ ਹਰ ਜ਼ਿਲ੍ਹੇ ਦੇ ਸਿਵਲ ਸਰਜਨਾਂ ਦੇ ਪੱਧਰ ਉੱਤੇ ਲਗਾਤਾਰ ਚੈਕਿੰਗ ਕਰਨ ਅਤੇ ਨਜ਼ਰ ਰੱਖਣ ਦੇ ਹੁਕਮ ਦਿੱਤੇ ਹੋਏ ਹਨ।

## ਨਸ਼ਾ ਛੁਡਾਊ ਦਵਾਈ ਬਿਊਪ੍ਰਿਨੋਰਫੀਨ ਦੀ ਗੈਰਕਾਨੂੰਨੀ ਵਿਕਰੀ

ਪੰਜਾਬ ਵਿਚ ਨਸ਼ਾ ਛੁਡਾਊ ਦਵਾਈ ਬਿਊਪ੍ਰਿਨੋਰਫੀਨ ਦੀ ਗ਼ੈਰਕਾਨੂੰਨੀ ਢੰਗ ਨਾਲ ਵਿਕਰੀ ਦੀਆਂ ਖ਼ਬਰਾਂ ਆਉਣ ਨੇ ਨਸ਼ਾ ਛੁਡਾਉਣ ਦੀ ਸਰਕਾਰੀ ਨੀਤੀ ਸਾਹਮਣੇ ਵੱਡੇ ਸਵਾਲ ਖੜ੍ਹੇ ਕੀਤੇ ਹਨ। ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (ਐੱਫ਼ਡੀਏ) ਵੱਲੋਂ ਲੁਧਿਆਣਾ ਦੇ ਥੋਕ ਵਿਕਰੇਤਾ ਅਤੇ ਕੁਝ ਹੋਰ ਥਾਵਾਂ ਉੱਤੇ ਮਾਰੇ ਛਾਪਿਆਂ ਦੌਰਾਨ ਇਸ ਤਸਕਰੀ ਦਾ ਪਰਦਾਫ਼ਾਸ਼ ਹੋਇਆ ਹੈ। ਪੰਜਾਬ ਦੇ ਨੌਜਵਾਨ ਨਸ਼ਿਆਂ ਦੀ ਦਲਦਲ ਵਿਚ ਫਸਦੇ ਜਾ ਰਹੇ ਹਨ। ਨਵੇਂ ਖ਼ੁਲਾਸੇ ਤੋਂ ਇਹ ਸੰਕੇਤ ਮਿਲਦੇ ਹਨ ਕਿ ਨਸ਼ਾ ਤਸਕਰਾਂ ਨੂੰ ਆਪਣੇ ਮੁਨਾਫ਼ੇ ਲਈ ਗ਼ੈਰਕਾਨੂੰਨੀ ਵਪਾਰ ਕਰਨ ਤੋਂ ਕੋਈ ਡਰ ਨਹੀਂ ਲੱਗਦਾ।
ਗੁਜਰਾਤ ਅਤੇ ਉੱਤਰਾਖੰਡ ਵਿਚ ਬਣਨ ਵਾਲੀ ਬਿਊਪ੍ਰਿਨੋਰਫੀਨ ਦਵਾਈ ਕੋਰੀਅਰ ਕੰਪਨੀਆਂ, ਵੋਲਵੋ ਬੱਸਾਂ ਜਾਂ ਰੇਲਾਂ ਰਾਹੀਂ ਪੰਜਾਬ ਵਿਚ ਦਾਖ਼ਲ ਹੁੰਦੀ ਹੈ। ਡਰੱਗ ਕੰਟਰੋਲਰ ਜਨਰਲ ਆਫ਼ ਇੰਡੀਆ ਦੀਆਂ ਹਦਾਇਤਾਂ ਅਨੁਸਾਰ ਇਹ ਦਵਾਈ ਚੋਣਵੇਂ ਨਸ਼ਾ ਛੁਡਾਊ ਕੇਂਦਰਾਂ ਨੂੰ ਹੀ ਸਪਲਾਈ ਕੀਤੀ ਜਾ ਸਕਦੀ ਹੈ। ਹੋਰਾਂ ਕੇਂਦਰਾਂ ਅਤੇ ਕੈਮਿਸਟਾਂ ਰਾਹੀਂ ਵੇਚੀ ਜਾਣ ਵਾਲੀ ਦਵਾਈ ਗ਼ੈਰਕਾਨੂੰਨੀ ਹੈ। ਇਸ ਦਾ ਮਤਲਬ ਹੈ ਕਿ ਦਵਾਈ ਦੀ ਗ਼ੈਰਕਾਨੂੰਨੀ ਵਿਕਰੀ ਸਰਕਾਰੀ ਲਾਪ੍ਰਵਾਹੀ ਜਾਂ ਫਿਰ ਮਿਲੀਭੁਗਤ ਕਾਰਨ ਹੀ ਸੰਭਵ ਹੋ ਸਕਦੀ ਹੈ। ਪੰਜਾਬ ਵਿਚ ਨਸ਼ੇ ਦੇ ਆਦੀਆਂ ਦੀ ਵੱਡੀ ਸੰਖਿਆ ਹੈ। ਇਨ੍ਹਾਂ ਵਿਚੋਂ ਬਹੁਤ ਸਾਰੇ ਨਸ਼ੇੜੀ ਅਜਿਹੇ ਵੀ ਹੋ ਸਕਦੇ ਹਨ ਜਿਨ੍ਹਾਂ ਦੇ ਪਰਿਵਾਰ ਉਨ੍ਹਾਂ ਨੂੰ ਨਸ਼ਾ ਛੁਡਾਊ ਕੇਂਦਰਾਂ 'ਤੇ ਲੈ ਕੇ ਨਹੀਂ ਗਏ ਜਾਂ ਉਨ੍ਹਾਂ ਦੇ ਆਰਥਿਕ ਹਾਲਾਤ ਅਜਿਹੇ ਹਨ ਕਿ ਉਹ ਇਨ੍ਹਾਂ ਕੇਂਦਰਾਂ 'ਚ ਇਲਾਜ ਨਹੀਂ ਕਰਾ ਸਕਦੇ। ਸਰਕਾਰ ਵੱਲੋਂ ਕੀਤੀ ਗਈ ਸਖ਼ਤੀ ਕਾਰਨ ਲੋੜਵੰਦਾਂ ਨੂੰ ਕੋਈ ਵੀ ਨਸ਼ੀਲੀ ਦਵਾਈ ਲੈਣੀ ਆਸਾਨ ਨਹੀਂ ਪਰ ਜੇ ਉਹੀ ਦਵਾਈ ਗ਼ੈਰਕਾਨੂੰਨੀ ਤਰੀਕੇ ਨਾਲ ਸ਼ਰ੍ਹੇਆਮ ਮਿਲ ਰਹੀ ਹੋਵੇ ਤਾਂ ਕਿਤੇ ਨਾ ਕਿਤੇ ਸਰਕਾਰੀ ਪ੍ਰਬੰਧ ਉੱਤੇ ਸਵਾਲ ਉਠਣੇ ਲਾਜ਼ਮੀ ਹਨ। ਨਸ਼ੇੜੀ ਹੋ ਚੁੱਕੇ ਵਿਅਕਤੀ ਦਾ ਨਸ਼ਾ ਛੁਡਾਉਣਾ ਅਤੇ ਉਸ ਦੇ ਮੁੜ ਵਸੇਬੇ ਤੱਕ ਨਸ਼ੇ ਦੀ ਥਾਂ 'ਤੇ ਦਿੱਤੀ ਜਾਣ ਵਾਲੀ ਦਵਾਈ ਦਾ ਪ੍ਰਬੰਧ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ। ਅਜਿਹਾ ਕਰਨ ਲਈ ਜ਼ਰੂਰੀ ਹੈ ਕਿ ਸਰਕਾਰ ਕੋਲ ਜ਼ਰੂਰੀ ਅੰਕੜੇ ਤੇ ਜਾਣਕਾਰੀ ਹੋਵੇ। ਪੰਜਾਬ ਸਰਕਾਰ ਵੱਲੋਂ ਕੈਂਸਰ ਦੇ ਫੈਲਾਅ ਬਾਰੇ ਕਰਾਏ ਗਏ ਸਰਵੇਖਣ ਵਾਂਗ ਨਸ਼ਿਆਂ ਦੀ ਖ਼ਪਤ ਤੇ ਨਸ਼ੇੜੀਆਂ ਬਾਰੇ ਸਰਵੇਖਣ ਕਰਾਏ ਜਾਣ ਦੀ ਸਖ਼ਤ ਜ਼ਰੂਰਤ ਹੈ ਕਿਉਂਕਿ ਅਜਿਹੀ ਪ੍ਰਕਿਰਿਆ ਰਾਹੀਂ ਹੀ ਨੀਤੀਗਤ ਅਤੇ ਅਮਲੀ ਕਦਮ ਉਠਾਉਣ ਵਿਚ ਸਹਾਇਤਾ ਮਿਲ ਸਕਦੀ ਹੈ। ਸਿਹਤ ਵਿਭਾਗ ਨੇ ਪੰਜਾਬ ਵਿਚ ਪ੍ਰਚੂਨ ਅਤੇ ਥੋਕ ਵਿਚ ਦਵਾਈ ਵੇਚਣ ਵਾਲੇ ਕੈਮਿਸਟਾਂ ਦੀ ਸੂਚੀ ਵੀ ਵੈੱਬਸਾਈਟ ਉੱਤੇ ਨਹੀਂ ਪਾਈ ਹੈ। ਨਸ਼ੀਲੀਆਂ ਅਤੇ ਗ਼ੈਰਕਾਨੂੰਨੀ ਦਵਾਈਆਂ ਦੇ ਮਾਮਲੇ ਵਿਚ ਦੇਖ- ਰੇਖ ਦਾ ਪ੍ਰਬੰਧ ਫੂਡ ਐਂਡ ਡਰੱਗਜ਼ ਐਡਮਨਿਸਟ੍ਰੇਸ਼ਨ ਕੋਲ ਹੁੰਦਾ ਹੈ। ਇਹ ਇਲਜ਼ਾਮ ਆਮ ਲੱਗਦਾ ਹੈ ਕਿ ਜ਼ਿਲ੍ਹਾ ਪੱਧਰ ਦੇ ਅਧਿਕਾਰੀ ਅਣਗਹਿਲੀ ਕਰਦੇ ਹਨ ਜਾਂ ਦਵਾਈਆਂ ਵੇਚਣ ਵਾਲੇ ਉਨ੍ਹਾਂ ਨਾਲ ਕੋਈ ਜੋੜ ਤੋੜ ਕਰ ਲੈਂਦੇ ਹਨ। ਸੂਬਾ ਸਰਕਾਰ ਨੇ ਨਸ਼ਾ ਤਸਕਰਾਂ, ਅਧਿਕਾਰੀਆਂ ਅਤੇ ਸਿਆਸਤਦਾਨਾਂ ਦੇ ਗੱਠਜੋੜ ਨੂੰ ਤੋੜਨ ਦਾ ਵਾਅਦਾ ਕੀਤਾ ਹੋਇਆ ਹੈ ਪਰ ਆਏ ਦਿਨ ਨਵੇਂ ਤੱਥ ਇਹ ਦੱਸਦੇ ਹਨ ਕਿ ਇਸ ਸਬੰਧ ਵਿਚ ਕੋਈ ਜ਼ਿਆਦਾ ਕਦਮ ਨਹੀਂ ਪੁੱਟੇ ਗਏ।

### ਨਸ਼ਿਆਂ ਕਾਰਨ ਬਦਨਾਮ ਹੋਇਆ ਪਿੰਡ ਦੌਲੇਵਾਲਾ

ਨਸ਼ਿਆਂ ਵਿਚ ਨਵੀਂ ਕਿਸਮ ਦਾ ਘਾਤਕ ਪਦਾਰਥ 'ਕੱਟ' ਨੌਜਵਾਨਾਂ ਦੀਆਂ ਜਾਨਾਂ ਲੈ ਰਿਹਾ ਹੈ।ਨਸ਼ਾ ਤਸਕਰੀ ਲਈ ਬਦਨਾਮ ਪਿੰਡ ਦੌਲੇਵਾਲਾ ਅਤੇ ਨੂਰਪੁਰ ਹਕੀਮਾਂ ਵੀ ਪੁਲੀਸ ਲਈ ਚੁਣੌਤੀ ਬਣੇ ਹੋਏ ਹਨ। ਇੱਥੇ 80 ਫ਼ੀਸਦੀ ਲੋਕ ਨਸ਼ਿਆਂ ਦਾ ਕਾਰੋਬਾਰ ਕਰਦੇ ਹਨ, ਔਸਤਨ ਹਰੇਕ ਘਰ ਖ਼ਿਲਾਫ਼ ਤਸਕਰੀ ਦਾ ਕੇਸ ਦਰਜ ਹੈ। ਪੁਰਸ਼ ਜੇਲ੍ਹਾਂ 'ਚ ਹੋਣ ਕਾਰਨ ਔਰਤਾਂ ਇਹ ਧੰਦਾਂ ਕਰ ਰਹੀਆਂ ਹਨ, ਇੱਥੋਂ ਤੱਕ ਕਿ ਨਿੱਕੇ ਨਿਆਣੇ ਵੀ ਨਹੀਂ ਬਚ ਸਕੇ। ਪਿੰਡ ਦੌਲੇਵਾਲਾ ਦੇ ਮੱਥੇ 'ਤੇ ਲੱਗਾ ਤਸਕਰੀ ਦਾ ਕਲੰਕ ਧੋਣ ਲਈ ਅੱਗੇ ਆਏ ਇਸ ਪਿੰਡ ਦੇ ਨੌਜਵਾਨਾਂ ਦੀ ਮੁਹਿੰਮ ਵੀ ਮੱਠੀ ਪੈ ਗਈ ਹੈ। ਡੀਜੀਪੀ ਸੁਰੇਸ਼ ਅਰੋੜਾ ਨੇ ਤਕਰੀਬਨ ਢਾਈ ਸਾਲ ਪਹਿਲਾਂ 7 ਅਪਰੈਲ 2016 ਨੂੰ ਪਿੰਡ ਦੌਲੇਵਾਲਾ ਦਾ ਦੌਰਾ ਕੀਤਾ ਸੀ। ਉਦੋਂ ਲੋਕਾਂ ਨੇ ਰੁਜ਼ਗਾਰ ਦੀ ਮੰਗ ਕੀਤੀ ਸੀ ਅਤੇ ਪੁਲੀਸ 'ਤੇ ਨਸ਼ਾ ਵਿਕਾਉਣ ਦੇ ਇਲਜ਼ਾਮ ਲਗਾਏ ਸਨ। ਉਦੋਂ ਡੀਜੀਪੀ ਨੇ 112 ਅਹਿਮ ਤਸਕਰਾਂ ਦੀ ਸ਼ਨਾਖ਼ਤ ਹੋਣ ਦਾ ਦਾਅਵਾ ਕਰਦਿਆਂ ਉਨ੍ਹਾਂ ਨੂੰ ਨਜ਼ਰਬੰਦ ਕਰਨ ਦੀ ਵੀ ਗੱਲ ਆਖੀ ਸੀ। ਕਈ ਕਾਰਨਾਂ ਕਰ ਕੇ ਬਹੁਤੇ ਪੁਲੀਸ ਮੁਲਾਜ਼ਮ ਨਸ਼ਾ ਤਸਕਰਾਂ ਨੂੰ ਹੱਥ ਪਾਉਣ ਤੋਂ ਝਿਜਕਦੇ ਹਨ। ਥਾਣਾ ਬਾਘਾ ਪੁਰਾਣਾ ਵਿਚ ਦਰਜ ਤਿੰਨ ਨਸ਼ਾ ਤਸਕਰੀ ਕੇਸਾਂ 'ਚ ਮੁਲਜ਼ਮ ਸਬੂਤਾਂ ਦੀ ਘਾਟ ਕਾਰਨ ਬਰੀ ਹੋ ਗਏ। ਅਦਾਲਤ ਨੇ ਇਨ੍ਹਾਂ ਤਸਕਰੀ ਕੇਸਾਂ ਦੀ ਤਫ਼ਤੀਸ਼ ਨਾਲ ਜੁੜੇ ਐੱਸਪੀ, ਡੀਐੱਸਪੀ ਤੇ ਇੰਸਪੈਕਟਰ ਰੈਂਕ ਸਮੇਤ ਤਕਰੀਬਨ ਦੋ ਦਰਜਨ ਪੁਲੀਸ ਮੁਲਾਜ਼ਮਾਂ ਖ਼ਿਲਾਫ਼ ਕੇਸ ਦਰਜ ਕਰਨ ਦੇ ਆਦੇਸ਼ ਦਿੱਤੇ ਹਨ। ਇਸ ਤੋਂ ਇਲਾਵਾ ਜਸਟਿਸ ਮਹਿਤਾਬ ਸਿੰਘ ਕਮਿਸ਼ਨ ਦੀ ਰਿਪੋਰਟ ਉੱਤੇ ਇਕ ਏਐੱਸਆਈ ਸਮੇਤ ਹੋਰਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ। ਏਐੱਸਆਈ ਨੂੰ ਨਿਆਂ ਲਈ ਹਾਈ ਕੋਰਟ ਜਾਣਾ ਪਿਆ ਤੇ ਥਾਣਾ ਬੱਧਨੀ ਕਲਾਂ ਦੇ ਤਤਕਾਲੀ ਮੁਖੀ ਵੱਲੋਂ ਫੜੀ 15 ਬੋਰੀ ਭੁੱਕੀ ਉਸ ਨੂੰ ਹੀ ਲੈ ਡੁੱਬੀ।

### ਸਰਹੱਦੀ ਜ਼ਿਲ੍ਹੇ ਫ਼ਿਰੋਜ਼ਪੁਰ 'ਚ ਹੈਰੋਇਨ ਦੀ ਤਸਕਰੀ

ਸਰਹੱਦੀ ਜ਼ਿਲ੍ਹੇ ਫ਼ਿਰੋਜ਼ਪੁਰ ਵਿਚ ਪਿਛਲੇ ਕਰੀਬ ਛੇ ਮਹੀਨਿਆਂ ਦੌਰਾਨ ਨਸ਼ਿਆਂ ਦੀ ਓਵਰਡੋਜ਼ ਨਾਲ ਦੋ ਦਰਜਨ ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ। ਇਸ ਤੋਂ ਜ਼ਾਹਰ ਹੁੰਦਾ ਹੈ ਕਿ ਲੁਕ ਛਿਪ ਕੇ ਨਸ਼ੇ ਦਾ ਕਾਰੋਬਾਰ ਅਜੇ ਵੀ ਚੱਲ ਰਿਹਾ ਹੈ।
ਪਾਕਿਸਤਾਨ ਦੀ ਸਰਹੱਦ ਨਾਲ ਲੱਗਦੇ ਇਸ ਜ਼ਿਲ੍ਹੇ ਵਿਚ ਹੈਰੋਇਨ ਦੀ ਤਸਕਰੀ ਸਭ ਤੋਂ ਵੱਧ ਹੋ ਰਹੀ ਹੈ। ਇਹ ਨਸ਼ਾ ਨੌਜਵਾਨਾਂ ਦੀ ਪਹਿਲੀ ਪਸੰਦ ਬਣ ਚੁੱਕਾ ਹੈ। ਸ਼ਹਿਰਾਂ ਦੇ ਮੁਕਾਬਲੇ ਪਿੰਡਾਂ ਦੇ ਨੌਜਵਾਨ ਇਸ ਨਸ਼ੇ ਦੀ ਗ੍ਰਿਫ਼ਤ ਵਿਚ ਵਧੇਰੇ ਹਨ। ਪੁਲੀਸ ਦੀ ਸਖ਼ਤੀ ਕਾਰਨ ਹੁਣ ਇਹ ਨਸ਼ਾ ਹੋਰ ਮਹਿੰਗਾ ਮਿਲਣ ਲੱਗ ਪਿਆ ਹੈ। ਨਸ਼ੇੜੀ ਦੱਸਦੇ ਹਨ ਕਿ ਹੈਰੋਇਨ ਦੀ ਪੁੜੀ ਜੋ ਪਹਿਲਾਂ ਹਜ਼ਾਰ ਰੁਪਏ ਦੀ ਮਿਲਦੀ ਸੀ, ਹੁਣ ਪੰਦਰਾਂ ਸੌ ਰੁਪਏ ਤੱਕ ਮਿਲਦੀ ਹੈ। ਜ਼ਮੀਨੀ ਹਕੀਕਤ ਇਹ ਹੈ ਕਿ ਪੁਲੀਸ ਦੇ ਕੁਝ ਕਰਮਚਾਰੀ ਵੀ ਨਸ਼ੇ ਦੇ ਇਸ ਗੋਰਖਧੰਦੇ ਵਿਚ ਕਥਿਤ ਤੌਰ 'ਤੇ ਸ਼ਾਮਲ ਹਨ। ਪੁਲੀਸ ਹਿਰਾਸਤ ਵਿਚ ਪਈ ਹੈਰੋਇਨ ਵੀ ਕੁਝ ਕਰਮਚਾਰੀਆਂ ਦੀ ਕਥਿਤ ਮਿਲੀਭੁਗਤ ਨਾਲ ਬਾਜ਼ਾਰ ਵਿਚ ਵਿਕਦੀ ਹੈ। ਕੁਝ ਚਿਰ ਪਹਿਲਾਂ ਇਸ ਦੋਸ਼ ਤਹਿਤ ਇੱਥੋਂ ਦੇ ਕੁਝ ਮੁਲਾਜ਼ਮ ਨੌਕਰੀ ਤੋਂ ਬਰਖ਼ਾਸਤ ਵੀ ਕੀਤੇ ਗਏ ਸਨ, ਜਿਨ੍ਹਾਂ ਨੂੰ ਬਾਅਦ ਵਿਚ ਬਹਾਲ ਕਰ



ਦਿੱਤਾ ਗਿਆ। ਹੈਰੋਇਨ ਤੋਂ ਬਾਅਦ ਮੈਡੀਕਲ ਨਸ਼ਿਆਂ ਨੇ ਗਰੀਬ ਤਬਕੇ ਦੇ ਨੌਜਵਾਨਾਂ ਨੂੰ ਆਪਣੀ ਗ੍ਰਿਫ਼ਤ ਵਿਚ ਜਕੜਿਆ ਹੋਇਆ ਹੈ। ਇਹ ਨਸ਼ਾ ਮੈਡੀਕਲ ਸਟੋਰਾਂ ਤੋਂ ਆਸਾਨੀ ਨਾਲ ਮਿਲ ਜਾਂਦਾ ਹੈ। ਮਿਹਨਤ, ਮਜ਼ਦੂਰੀ ਕਰਨ ਵਾਲੇ ਲੋਕ ਸਭ ਤੋਂ ਵੱਧ ਇਸ ਨਸ਼ੇ ਦੀ ਵਰਤੋਂ ਕਰ ਰਹੇ ਹਨ। ਜ਼ਿਲ੍ਹਾ ਮੈਡੀਕਲ ਐਸੋਸੀਏਸ਼ਨ ਦੇ ਪ੍ਰਧਾਨ ਸੁਬੋਧ ਕੱਕੜ ਨੇ ਕਿਹਾ ਕਿ ਬਿਨਾਂ ਲਾਇਸੈਂਸ ਚੱਲਣ ਵਾਲੇ ਮੈਡੀਕਲ ਸਟੋਰ ਦੇ ਸੰਚਾਲਕਾਂ ਅਤੇ ਨਸ਼ਾ ਵੇਚਣ ਵਾਲਿਆਂ ਨੂੰ ਇਸ ਐਸੋਸੀਏਸ਼ਨ ਵਿਚ ਸ਼ਾਮਲ ਨਹੀਂ ਕੀਤਾ ਗਿਆ। ਐਸੋਸੀਏਸ਼ਨ ਅਜਿਹੇ ਲੋਕਾਂ ਖ਼ਿਲਾਫ਼ ਕਾਰਵਾਈ ਕਰਨ ਲਈ ਪ੍ਰਸ਼ਾਸਨ ਨੂੰ ਅਪੀਲ ਕਰਦੀ ਹੈ। ਇੱਥੋਂ ਦੇ ਸਿਵਲ ਹਸਪਤਾਲ 'ਚ ਸਥਿਤ ਸਰਕਾਰੀ ਨਸ਼ਾ ਛੁਡਾਊ ਕੇਂਦਰ ਵਿਚ ਪਿਛਲੇ ਸਾਲ ਦੋ ਹਜ਼ਾਰ ਨਸ਼ੇੜੀਆਂ ਦਾ ਇਲਾਜ ਕੀਤਾ ਗਿਆ। ਇਨ੍ਹਾਂ ਵਿਚ ਕੁਝ ਲੜਕੀਆਂ ਤੇ ਸਰਕਾਰੀ ਮੁਲਾਜ਼ਮ ਵੀ ਸ਼ਾਮਲ ਹਨ। ਬਹੁਤ ਸਾਰੇ ਨਸ਼ੇੜੀ ਨਿੱਜੀ ਹਸਪਤਾਲਾਂ ਤੋਂ ਇਲਾਜ ਕਰਵਾ ਰਹੇ ਹਨ, ਜਿਸ ਦੇ ਅੰਕੜੇ ਸਿਹਤ ਵਿਭਾਗ ਕੋਲ ਮੌਜੂਦ ਨਹੀਂ ਹਨ। ਜੇਲ੍ਹ ਵਿਚ ਬੰਦ ਨਸ਼ੇੜੀ ਹਵਾਲਾਤੀਆਂ ਤੇ ਕੈਦੀਆਂ ਦੇ ਇਲਾਜ ਵਾਸਤੇ ਵੱਖਰਾ ਨਸ਼ਾ ਛੁਡਾਊ ਕੇਂਦਰ ਖੋਲ੍ਹਿਆ ਗਿਆ ਹੈ। ਸਥਾਨਕ ਕੇਂਦਰ ਦੀ ਡਾਕਟਰ ਰਚਨਾ ਮਿੱਤਲ ਦਾ ਕਹਿਣਾ ਹੈ ਕਿ ਇੱਛਾ ਸ਼ਕਤੀ ਮਜ਼ਬੂਤ ਹੋਵੇ ਤਾਂ ਨਸ਼ੇ ਤੋਂ ਨਿਜ਼ਾਤ ਪਾਈ ਜਾ ਸਕਦੀ ਹੈ। ਬੀਐੱਸਐੱਫ਼ ਨੇ ਲੰਘੇ ਵਰ੍ਹੇ ਪਾਕਿਸਤਾਨ ਤੋਂ ਆਈ 231 ਕਿਲੋ ਹੈਰੋਇਨ ਬਰਾਮਦ ਕੀਤੀ। ਇਕੱਲੇ ਕਾਊਂਟਰ ਇੰਟੈਲੀਜੈਂਸ ਨੇ ਪਿਛਲੇ ਡੇਢ ਸਾਲ ਦੌਰਾਨ 49 ਕਿੱਲੋ ਹੈਰੋਇਨ, ਪੰਜ ਕਿੱਲੋ ਅਫ਼ੀਮ, ਇਕ ਕਿੱਲੋ ਡੇਢ ਸੌ ਗ੍ਰਾਮ ਨਸ਼ੀਲਾ ਪਾਊਡਰ ਅਤੇ 23 ਕਿੱਲੋ ਪੋਸਤ ਬਰਾਮਦ ਕੀਤੀ ਹੈ। ਜ਼ਿਲ੍ਹਾ ਪੁਲੀਸ ਨੇ ਪਿਛਲੇ ਇਕ ਸਾਲ ਵਿਚ 35 ਕਿੱਲੋ ਹੈਰੋਇਨ, 25 ਕਿੱਲੋ ਅਫ਼ੀਮ ਅਤੇ 800 ਕਿੱਲੋ ਪੋਸਤ ਬਰਾਮਦ ਕੀਤੀ ਹੈ। ਅੰਤਰਰਾਸ਼ਟਰੀ ਬਾਜ਼ਾਰ ਵਿਚ ਇਸ ਹੈਰੋਇਨ ਦੀ ਕੀਮਤ 1575 ਕਰੋੜ ਰੁਪਏ ਹੈ। ਫ਼ਿਰੋਜ਼ਪੁਰ ਰੇਂਜ ਦੇ ਆਈਜੀ ਮੁਖਵਿੰਦਰ ਸਿੰਘ ਛੀਨਾ ਨੇ ਕਿਹਾ ਕਿ ਨਸ਼ਿਆਂ ਖ਼ਿਲਾਫ਼ ਮੁਹਿੰਮ ਅੱਗੇ ਵੀ ਜਾਰੀ ਰਹੇਗੀ।

## ਸੈਕਰਾਮੈਂਟੋ ਵਿਖੇ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਨੂੰ ਸਮਰਪਿਤ 'ਦਸਤਾਰ ਮੁਕਾਬਲਾ' ਕਰਵਾਇਆ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਸਿੱਖ ਕੌਮ ਦੀ ਆਨ ਤੇ ਸ਼ਾਨ ਦਸਤਾਰ ਪ੍ਰਤੀ ਨੌਜਵਾਨਾਂ ਵਿਚ ਰੁਝਾਨ ਵਧਾਉਣ ਲਈ ਤੇ ਦਸਤਾਰਧਾਰੀ ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਪ੍ਰੋਡਕਸਨਜ਼ ਤੇ ਗਰਵ ਪੰਜਾਬ ਟੀਵੀ ਵਲੋਂ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਨੂੰ ਸਮਰਪਿਤ 'ਦਸਤਾਰ ਮੁਕਾਬਲਾ' ਗੁਰਦੁਆਰਾ ਦਸਮੇਸ਼ ਦਰਬਾਰ ਸੈਕਰਾਮੈਂਟੋ ਵਿਖੇ ਕਰਵਾਇਆ ਗਿਆ। ਇਸ ਵਿਚ 7 ਸਾਲ ਤੋਂ 30 ਸਾਲ ਦੇ ਬੱਚਿਆਂ ਨੇ ਭਾਗ ਲਿਆ। ਉਮਰ ਵਰਗ ਨੂੰ ਦੋ ਭਾਗਾਂ 'ਚ ਵੰਡਿਆ ਗਿਆ। ਇੱਕ ਬੈਚ 'ਚ 7 ਸਾਲ ਤੋਂ 15 ਸਾਲ ਦੇ ਬੱਚੇ ਰੱਖੇ ਗਏ, ਜਿਨ੍ਹਾਂ ਨੂੰ ਪਹਿਲਾ ਇਨਾਮ 500 ਡਾਲਰ, ਦੂਜਾ 300 ਡਾਲਰ ਤੇ ਤੀਜਾ 200 ਡਾਲਰ ਦਿੱਤਾ ਗਿਆ। ਦੂਸਰੇ ਬੈਚ 'ਚ 16 ਸਾਲ ਤੋਂ 30 ਸਾਲ ਦੇ ਬੱਚੇ ਸਨ ਜਿਨ੍ਹਾਂ ਨੂੰ ਪਹਿਲਾ ਇਨਾਮ 700 ਡਾਲਰ, ਦੂਜਾ 500 ਡਾਲਰ ਅਤੇ ਤੀਜਾ ਇਨਾਮ ਦੋ ਬੱਚਿਆਂ ਨੂੰ 300-300 ਡਾਲਰ ਦਿੱਤਾ ਗਿਆ। ਮੁਕਬਲੇ ਵਿਚ ਭਾਗ ਲੈਣ ਵਾਲੇ ਹਰੇਕ ਬੱਚੇ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਮੁਕਾਬਲੇ ਤੋਂ ਪਹਿਲਾਂ ਮਿਤੀ 25, 26, 27, 28 ਦਸੰਬਰ ਸ਼ਾਮ 4 ਵਜੇ ਤੋਂ ਰਾਤ 7 ਵਜੇ ਤੱਕ ਦਸਤਾਰ ਸਿਖਲਾਈ ਕੈਂਪ ਲਗਾਇਆ ਗਿਆ ਜਿਸ ਵਿਚ ਬੱਚਿਆਂ ਨੂੰ ਪੱਗ ਬੰਨ੍ਹਣ ਦੀ ਸਿਖਲਾਈ ਦਿੱਤੀ ਗਈ । ਦਸਤਾਰ ਮੁਕਾਬਲੇ 'ਚ 7 ਤੋਂ 15 ਸਾਲ ਦੇ ਗਰੁੱਪ 'ਚੋਂ ਸੁੱਖਪ੍ਰੀਤ ਸਿੰਘ, ਪ੍ਰਭਜੀਤ ਸਿੰਘ ਤੇ ਮਹਿਕਦੀਪ ਸਿੰਘ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ, 16 ਤੋਂ 30 ਸਾਲ ਦੇ ਗਰੁੱਪ 'ਚੋਂ ਰਣਬੀਰ ਸਿੰਘ ਸਿੱਧੂ ਨੇ ਪਹਿਲਾ, ਨਵਜੋਤ ਸਿੰਘ ਬਰਾੜ ਨੇ ਦੂਜਾ, ਸੁਖਦੀਪ ਸਿੰਘ ਤੇ ਸੁਖਮਨ ਸਿੰਘ ਪੂਰਬਾ ਨੇ ਤੀਜਾ ਸਥਾਨ ਹਾਸਲ ਕੀਤਾ।

ਅਖੀਰ 'ਚ ਪ੍ਰਬੰਧਕਾਂ ਵੱਲੋਂ ਬੱਚਿਆਂ, ਬੱਚਿਆਂ ਦੇ ਮਾਤਾ-ਪਿਤਾ, ਗੁਰਦਵਾਰਾ ਦਸਮੇਸ਼ ਦਰਬਾਰ ਦੀ ਪ੍ਰਬੰਧਕ ਕਮੇਟੀ, ਸਾਰੇ ਸਹਿਯੋਗੀਆਂ ਅਤੇ ਸਮੂਹ ਸੰਗਤ ਦਾ ਧੰਨਵਾਦ ਕੀਤਾ ਗਿਆ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਦਲਜੀਤ ਸਿੰਘ ਢੰਡਾ, ਜਤਿੰਦਰ ਸੋਨੂੰ ਹੁੰਦਲ, ਗੁਰਪਿੰਦਰ ਤੁੰਗ, ਜਗਦੇਵ ਸਿੰਘ ਭੰਡਾਲ, ਹਰਪ ਗਿੱਲ, ਸੁਖਵਿੰਦਰ ਸੰਘੇੜਾ, ਟੀ ਜੇ ਹੁੰਦਲ, ਹਰਵੀ ਕਾਹਲੋਂ, ਸਰਪੰਚ ਗੁਰਦੇਵ ਸਿੰਘ ਹੁੰਦਲ, ਸਿਮਰਜੀਤ ਸਿੰਘ, ਰਾਜਿੰਦਰ ਸਿੰਘ, ਗੁਰਪ੍ਰੀਤ ਸਿੰਘ ਸੰਧਰ, ਕੈਪੀਟਲ ਸਰਵਿਸ ਸੈਕਰਾਮੈਂਟੋ, ਮੇਵਾ ਸਿੰਘ ਧਾਲੀਵਾਲ, ਸੁਖਜਿੰਦਰ ਝੱਟੂ, ਕੁਲਦੀਪ ਗਿੱਲ, ਹਰਮਨ ਸਿੰਘ, ਮਾਈਕ ਬੋਪਾਰਾਏ, ਸ਼ਿਕਾਗੋ ਪੀਜ਼ਾ, ਗੀਬੇਲ ਇੰਟਰਟੇਨਮੈਂਟ, ਪੰਜਾਬ ਮੇਲ, ਦੇਸੀ ਸਵੈਗ ਤੇ ਇੰਦਰਜੀਤ ਚੀਨਾ ਜਿਊਲਰਜ਼ ਦਾ ਵਿਸ਼ੇਸ਼ ਯੋਗਦਾਨ ਰਿਹਾ।

## ਪੰਜਾਬ ਟਾਈਗਰ ਖਿਤਾਬ ਜੇਤੂ ਪਹਿਲਵਾਨ ਰੇਸ਼ਮ ਸਿੰਘ ਸਨਮਾਨਤ



**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਸਥਾਨਕ ਲੈਥਰੋਪ ਪਾਰਕ ਵਿਖੇ ਪੰਜਾਬ ਦੇ ਲਾਇਲਪੁਰ ਖਾਲਸਾ ਕਾਲਜ ਜਲੰਧਰ ਤੋਂ ਆਲ ਇੰਡੀਆ ਇੰਟਰ ਯੂਨੀਵਰਸਿਟੀ ਕੁਸ਼ਤੀ ਚੈਂਪੀਅਨਸ਼ਿਪ ਅੰਮ੍ਰਿਤਸਰ ਦੇ ਸੋਨ ਤਮਗਾ ਜੇਤੂ ਅਤੇ ਪੰਜਾਬ ਟਾਈਗਰ ਦਾ ਖਿਤਾਬ ਜਿੱਤਣ ਵਾਲੇ ਰੇਸ਼ਮ ਸਿੰਘ ਪਹਿਲਵਾਨ ਦਾ ਸਨਮਾਨ ਕੀਤਾ ਗਿਆ। ਲੈਥਰੋਪ ਦੀ ਪਾਰਕ ਤੇ ਰੀਕ੍ਰੇਸ਼ਨ ਦੇ ਕਮਿਸ਼ਨਰ ਅਜੀਤ ਸਿੰਘ ਸੰਧੂ ਨੇ ਸਨਮਾਨ ਸਮਾਰੋਹ 'ਚ ਬੋਲਦਿਆਂ ਦੱਸਿਆ ਕਿ ਰੇਸ਼ਮ ਸਿੰਘ ਨੇ ਆਪਣੇ ਸਮੇਂ ਵਿਚ ਕੁਸ਼ਤੀ ਦੇ ਖੇਤਰ ਵਿਚ ਵੱਡੀਆਂ ਮੱਲ੍ਹਾਂ ਮਾਰੀਆਂ ਹੋਈਆਂ ਹਨ। ਉਹ ਅੱਜ ਕੱਲ੍ਹ ਟੋਰਾਂਟੋ 'ਚ ਕੁਸ਼ਤੀ ਤੇ ਕਬੱਡੀ ਨੂੰ ਬੜ੍ਹਾਵਾ ਦੇ ਰਹੇ ਹਨ। ਕੁਸ਼ਤੀ ਕੋਚ ਰਹੇ ਜਗਦੇਵ ਸਿੰਘ ਨੇ ਦੱਸਿਆ ਕਿ ਰੇਸ਼ਮ ਸਿੰਘ ਬਹੁਤ ਮਿਹਨਤੀ ਤੇ ਦਾਅਪੇਚ ਦੇ ਮਾਹਰ ਹਨ। ਰੇਸ਼ਮ ਸਿੰਘ ਪਹਿਲਵਾਨ ਨੇ ਧੰਨਵਾਦੀ ਭਾਸ਼ਣ ਵਿਚ ਦੱਸਿਆ ਕਿ ਸਰੀ ਵੈਨਕੋਵਰ ਅਤੇ ਟੋਰਾਂਟੋ ਕੁਸ਼ਤੀ ਦੇ ਸੈਂਟਰ ਬਹੁਤ ਵਧੀਆ ਢੰਗ ਨਾਲ ਚਲਾਏ ਜਾ ਰਹੇ ਹਨ ਜਿਥੋਂ ਪੰਜਾਬੀ ਮੂਲ ਦੇ ਬੱਚੇ ਭਾਈਚਾਰੇ ਦਾ ਨਾਂ ਰੋਸ਼ਨ ਕਰ ਰਹੇ ਹਨ। ਰੇਸ਼ਮ ਸਿੰਘ ਨੇ ਦੱਸਿਆ ਕਿ ਸਿਆਟਲ ਵਿਚ ਬੱਚਿਆਂ ਦਾ ਖੇਡ ਕੈਂਪ ਲਗਾ ਕੇ ਖੇਡਾਂ ਅਤੇ ਪੰਜਾਬੀ ਵਿਰਸੇ ਤੇ ਸੱਭਿਆਚਾਰ ਨਾਲ ਜੋੜਨ ਦਾ ਸ਼ਾਨਦਾਰ ਉਪਰਾਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਨਵੀਂ ਪੀੜ੍ਹੀ ਦੇ ਬੱਚਿਆਂ ਨੂੰ ਕਸਰਤ ਕਰਨ ਤੇ ਖੇਡਾਂ ਵਿਚ ਭਾਗ ਲੈਣ ਲਈ ਪ੍ਰੇਰਤ ਕੀਤਾ। ਉਨ੍ਹਾਂ ਦੱਸਿਆ ਕਿ ਵਿਦੇਸ਼ਾਂ ਵਿਚ ਬੱਚੇ ਪੰਜਾਬੀ ਵਿਰਸੇ ਤੇ ਸੱਭਿਆਚਾਰ ਤੋਂ ਦੂਰ ਹੁੰਦੇ ਜਾ ਰਹੇ ਹਨ, ਜਿਸ ਕਰਕੇ ਬੱਚਿਆਂ ਦੀ ਸਿਹਤਯਾਬੀ ਤੇ ਵਿਦਿਆ ਵੱਲ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੈ।

## ਵਾਸ਼ਿੰਗਟਨ ਸਟੇਟ ਕੁਸ਼ਤੀ ਟੂਰਨਾਮੈਂਟ ਵਿਚ ਕਰਨਦੀਪ ਚੌਹਾਨ ਦਾ ਸ਼ਾਨਦਾਰ ਪ੍ਰਦਰਸ਼ਨ



**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਵਾਸ਼ਿੰਗਟਨ ਸਟੇਟ ਦਾ ਕੁਸ਼ਤੀ ਟੂਰਨਾਮੈਂਟ ਕੈਂਟ ਮੁਰੈਡੀਅਨ ਹਾਈ ਸਕੂਲ ਦੇ ਜਿਮਨੇਜ਼ੀਅਮ ਹਾਲ ਵਿਚ ਹੋਇਆ, ਜਿਸ ਵਿਚ ਪੰਜਾਬੀ ਮੂਲ ਦੇ ਹੋਣਹਾਰ ਪਹਿਲਵਾਨ ਕਰਨਦੀਪ ਚੌਹਾਨ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਦੂਸਰੀ ਕੁਸ਼ਤੀ ਦੌਰਾਨ ਹਾਰੋਲਡਸਨ ਫੀਫੇ ਨੂੰ ਚਾਰੋਂ-ਖਾਨੇ ਚਿੱਤ ਕਰਕੇ ਕਰਨਦੀਪ ਨੇ ਸੈਮੀਫਾਈਨਲ ਵਿਚ ਪ੍ਰਵੇਸ਼ ਕੀਤਾ। ਪਿਛਲੇ ਸਾਲ ਕਰਨਦੀਪ ਨੇ ਭਾਰਤ ਜਾ ਕੇ ਪੀਆਰ ਸੌਂਧੀ ਦੇ ਸੈਂਟਰ ਫਗਵਾੜਾ ਵਿਚ ਅਭਿਆਸ ਕੀਤਾ ਸੀ ਅਤੇ ਪਿਛਲੇ ਚਾਰ ਸਾਲ ਤੋਂ ਕੁਸ਼ਤੀ ਦੀ ਟ੍ਰੇਨਿੰਗ ਕਰ ਰਿਹਾ ਸੀ। ਕਰਨਦੀਪ ਦਾ ਵੱਡਾ ਭਰਾ ਰਜਤ ਚੌਹਾਨ ਜੂਨੀਅਰ ਵਿਸ਼ਵ ਪਾਵਰ ਲਿਫ਼ਟਿੰਗ ਵਿਚ ਸੋਨ ਤਮਗਾ ਜਿੱਤ ਚੁੱਕਾ ਹੈ। ਹਰਦੀਪ ਸਿੰਘ ਚੌਹਾਨ ਨੇ ਦੱਸਿਆ ਕਿ ਕਰਨਦੀਪ ਵਾਸ਼ਿੰਗਟਨ ਸਟੇਟ ਵਿਚੋਂ ਸੋਨ ਤਮਗਾ ਜਿੱਤ ਸਕਦਾ ਹੈ।

# ਕਰਤਾਰਪੁਰ ਸਾਹਿਬ ਲਾਂਘਾ

# ਏਸ਼ੀਆਈ-ਆਲਮੀ ਰਾਜਨੀਤੀ ਤੇ ਸਿੱਖ

**ਗੁਰਬਚਨ ਸਿੰਘ ਜਲੰਧਰ**



ਬੀਤੇ ਸਾਲ ਬੜੀ ਹੈਰਾਨੀਜਨਕ ਤੇਜੀ ਨਾਲ ਵਾਪਰੀਆ ਘਟਨਾਵਾਂ ਤੋਂ ਬਾਅਦ, ਕਰਤਾਰਪੁਰ ਸਾਹਿਬ ਲਾਂਘੇ ਦੀ—ਭਾਰਤ ਤੇ ਪਾਕਿਸਤਾਨ—ਦੋਵੇਂ ਪਾਸਿਓਂ ਬੁਨਿਆਦ ਰੱਖੀ ਗਈ ਹੈ। ਸਮੁੱਚਾ ਸਿੱਖ ਪੰਥ ਤੇ ਹਰ ਨਾਨਕ ਨਾਮ ਲੇਵਾ ਖੁਸ਼ੀ ਨਾਲ ਬਾਗੋਬਾਗ ਹੈ। ਹੋਣਾ ਵੀ ਚਾਹੀਦਾ ਹੈ ਕਿਉਂਕਿ ਕਰੀਬ 72 ਸਾਲ ਬਾਅਦ ਉਸ ਦੀ ਅਰਦਾਸ ਸੁਣੀ ਗਈ ਹੈ। ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ।। ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ।।

ਪਾਕਿਸਤਾਨੀ ਫੌਜ ਦੇ ਮੁਖੀ ਕਮਰ ਜਾਵੇਦ ਬਾਜਵਾ ਨੇ ਕਰੀਬ ਤਿੰਨ ਮਹੀਨੇ ਪਹਿਲਾ, ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸਹੁੰ-ਚੁੱਕ ਸਮਾਗਮ ਵਿਚ ਸ਼ਾਮਿਲ ਹੋਏ ਨਵਜੋਤ ਸਿੰਘ ਸਿੱਧੂ ਰਾਹੀਂ ਪੰਜਾਬ ਦੇ ਸਿੱਖਾਂ ਨੂੰ ਇਕ ਸੁਨੇਹਾ ਦਿਤਾ ਸੀ, ਕਿ ਪਾਕਿਸਤਾਨ ਸਰਕਾਰ ਕਰਤਾਰਪੁਰ ਲਾਂਘੇ ਵਾਸਤੇ ਆਪਣੇ ਵਾਲੇ ਪਾਸਿਓਂ ਰਾਹ ਦੇਣ ਲਈ ਤਿਆਰ ਹੈ ਪਰ ਆਲਮੀ ਰਾਜਨੀਤੀ ਦੇ ਦਸਤੂਰ ਅਨੁਸਾਰ ਇਸ ਲਈ ਪਹਿਲਕਦਮੀ ਭਾਰਤ ਨੂੰ ਹੀ ਕਰਨੀ ਪੈਣੀ ਹੈ। ਇਸ ਸੁਨੇਹੇ ਤੋਂ ਗਦ-ਗਦ ਹੋਏ ਸਿੱਧੂ ਦੀ ਕਮਰ ਜਾਵੇਦ ਬਾਜਵੇ ਨੂੰ ਪਾਈ ਜੱਫੀ ਦੀਆਂ ਤਸਵੀਰਾਂ ਜਿਉਂ ਹੀ ਭਾਰਤੀ ਮੀਡੀਏ ਵਿਚ ਛਪੀਆ, ਆਰਐਸਐਸ ਦੇ ਮਨੂਵਾਦੀ ਪੱਤਰਕਾਰਾਂ ਦੀ ਜਿੰਨੀ ਨਫਰਤ ਦਾ ਸਾਹਮਣਾ ਸ. ਸਿੱਧੂ ਨੂੰ ਕਰਨਾ ਪਿਆ, ਉਹ ਉਸ ਵਰਗਾ ਮਨੁੱਖ ਹੀ ਸਹਿਣ ਕਰ ਸਕਦਾ ਸੀ। ਫਿਰ ਐਸਾ ਕੀ ਵਾਪਰਿਆ ਕਿ ਇਕ ਦਿਨ ਪਹਿਲਾਂ ਤਕ ਸਰਹੱਦ ਉਤੇ ਨਵੀਂ ਦੂਰਬੀਨ ਲਵਾ ਦੇਣ ਬਾਰੇ ਬਿਆਨ ਦੇਣ ਵਾਲੇ ਕੈਬਨਿਟ ਮੰਤਰੀ ਦੇ ਫੈਸਲੇ ਨੂੰ ਬਦਲ ਕੇ ਰਾਤੋ-ਰਾਤ ਕੈਬਨਿਟ ਨੇ ਆਪਣੇ ਵਾਲੇ ਪਾਸਿਓਂ ਲਾਂਘਾ (ਕੋਰੀਡੋਰ) ਬਣਾਉਣ ਦਾ ਫੈਸਲਾ ਸੁਣਾ ਦਿੱਤਾ ਅਤੇ ਪਾਕਿਸਤਾਨ ਨਾਲੋਂ ਦੋ ਦਿਨ ਪਹਿਲਾਂ 26 ਨਵੰਬਰ ਨੂੰ ਲਾਂਘੇ ਦਾ ਨੀਂਹ ਪੱਥਰ ਰੱਖਣ ਦਾ ਐਲਾਨ ਵੀ ਕਰ ਦਿੱਤਾ। ਇਸ ਐਲਾਨ ਤੋਂ ਨਾ ਸਿਰਫ ਸਿੱਖਾਂ ਨੂੰ ਹੈਰਾਨੀ ਹੋਈ, ਸਗੋਂ ਸਰਕਾਰ ਨੇੜਲੇ ਪੱਤਰਕਾਰਾਂ ਨੇ ਵੀ ਕਾਹਲੀ ਵਿਚ ਲਏ ਗਏ ਇਸ ਫੈਸਲੇ ਬਾਰੇ ਹੈਰਾਨੀ ਪ੍ਰਗਟ ਕੀਤੀ।

ਦਰਅਸਲ ਪਾਕਿਸਤਾਨ ਦੇ ਰਾਜਕੀ ਵਰਗ ਨੇ ਜਿਸ ਰਾਜਨੀਤੀ ਅਧੀਨ ਇਹ ਚਾਲ ਚੱਲੀ ਸੀ, ਉਹਨਾਂ ਦੀ ਉਹ ਚਾਲ ਸਫਲ ਹੋ ਗਈ ਸੀ। ਸ. ਸਿੱਧੂ ਰਾਹੀਂ ਉਹ ਸਿੱਖ ਜਗਤ ਨੂੰ ਇਹ ਸੁਨੇਹਾ ਦੇਣਾ ਚਾਹੁੰਦਾ ਸੀ ਕਿ ਪਾਕਿਸਤਾਨ ਤਾਂ ਸਿੱਖਾਂ ਨੂੰ ਇਹ ਲਾਂਘਾ ਦੇਣ ਲਈ ਤਿਆਰ ਹੈ ਪਰ ਉਹਨਾਂ ਦੇ 'ਆਪਣੇ' ਹਾਕਮ ਹੀ ਇਸ ਲਾਂਘੇ ਵਿਚ ਰੁਕਾਵਟ ਬਣੇ ਹੋਏ ਹਨ। 'ਆਪਣੇ' ਹਾਕਮਾਂ ਤੋਂ ਬਦਜਨ ਹੋਏ ਬਹੁਗਿਣਤੀ ਬੇਚੈਨ ਸਿੱਖਾਂ ਤਕ ਇਹ ਸੁਨੇਹਾ ਪਹੁੰਚ ਗਿਆ ਸੀ। ਗੁਰੂ ਨਾਨਕ ਸਾਹਿਬ ਦੇ ਜਨਮ ਦਿਹਾੜੇ ਉਤੇ ਸ੍ਰੀ ਨਨਕਾਣਾ ਸਾਹਿਬ ਪਹੁੰਚੇ ਵਿਦੇਸ਼ੀ ਸਿੱਖਾਂ ਦੀਆਂ ਤਕਰੀਰਾਂ ਵਿਚੋਂ ਇਸ ਭਾਵਨਾ ਦਾ ਪ੍ਰਗਟਾਵਾ ਬੜੇ ਸਪਸ਼ਟ ਰੂਪ ਵਿਚ ਹੋ ਰਿਹਾ ਸੀ। ਆਪਣੀ ਹੋਂਦ ਦੀ ਦਹਿਸ਼ਤ ਪਾਉਣ ਪਹੁੰਚੇ ਪਾਕਿਸਤਾਨ ਵਿਚਲੇ ਭਾਰਤ ਦੇ ਰਾਜਦੂਤ ਨੂੰ ਜਦੋਂ ਨਨਕਾਣਾ ਸਾਹਿਬ ਜਾਣ ਤੋਂ ਰੋਕ ਦਿੱਤਾ ਗਿਆ, ਤਾਂ ਮੋਦੀ-ਡੋਭਾਲਕਿਆਂ ਨੂੰ ਸਮਝ ਆਈ ਕਿ ਵਿਦੇਸ਼ਾਂ ਵਿਚ ਰਹਿੰਦੇ ਸਿੱਖਾਂ ਨੂੰ ਇਹ ਭਾਵਨਾ ਪ੍ਰਗਟ ਕਰਨ ਤੋਂ ਰੋਕਿਆ ਨਹੀਂ ਜਾ ਸਕਦਾ ਤੇ ਇਸ ਦਾ ਅਸਰ ਪੰਜਾਬ ਦੇ ਸਿੱਖਾਂ ਉਤੇ ਪੈਣਾ ਲਾਜ਼ਮੀ ਹੈ। ਖਾਸ ਕਰਕੇ ਉਸ ਵੇਲੇ ਜਦੋਂ ਬਹੁਗਿਣਤੀ ਸਿੱਖ ਬਰਗਾੜੀ ਇਨਸਾਫ ਮੋਰਚੇ ਦੀ ਹਮਾਇਤ ਕਰ ਰਹੇ ਹਨ ਅਤੇ ਕੇਂਦਰ ਸਰਕਾਰ ਦੇ ਪਿੱਠੂ ਬਾਦਲਕਿਆਂ ਦੀ ਰਾਜਸੀ ਪੜ੍ਹਤ ਦਿਨੋ-ਦਿਨ ਘਟ ਰਹੀ ਹੈ। ਇਸ ਹਾਲਤ ਵਿਚ ਮੋਦੀਕਿਆਂ ਨੂੰ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਦੇ ਇਸ ਫੈਸਲੇ ਦਾ ਇਹ ਕੌੜਾ ਅੱਕ ਚੱਬਣਾ ਪਿਆ ਹੈ। 29 ਨਵੰਬਰ ਦੀ ਆਪਣੀ ਸੰਪਾਦਕੀ ਵਿਚ ਇਸ ਤੱਥ ਦੀ ਪੁਸ਼ਟੀ ਇੰਡੀਅਨ ਐਕਸਪ੍ਰੈਸ ਨੇ ਵੀ ਕੀਤੀ ਹੈ, 'ਆਪਣੇ ਇਸ ਦਾਅਵੇ ਦੇ ਬਾਵਜੂਦ ਕਿ ਇਹ ਲਾਂਘਾ ਖੋਲ੍ਹਣ ਦੀ ਪਹਿਲ ਭਾਰਤ ਨੇ ਕੀਤੀ ਹੈ ਪਰ ਕਰਤਾਰਪੁਰ ਲਾਂਘੇ ਬਾਰੇ ਭਾਰਤੀ ਲੀਡਰਸ਼ਿਪ ਦੀ ਯੁੱਧਨੀਤਕ ਡਾਂਵਾਡੋਲਤਾ ਨੂੰ ਵੇਖਦਿਆਂ ਜਾਪਦਾ ਹੈ ਕਿ ਉਹ ਪਾਕਿਸਤਾਨ ਦੇ ਇਸ ਸੁਝਾਅ ਨੂੰ ਮੰਨਣ ਬਾਰੇ ਮਨੋਂ ਬਿਲਕੁਲ ਹੀ ਤਿਆਰ ਨਹੀਂ ਸੀ।' ਪਰ ਅਚਾਨਕ ਉਹਨਾਂ ਨੂੰ ਇਹ ਫੈਸਲਾ ਕਰਨਾ ਪੈ ਗਿਆ ਹੈ। ਇਸੇ ਲਈ ਉਹਨਾਂ ਦੇ ਪਾਕਿਸਤਾਨ ਵਿਰੋਧੀ ਪ੍ਰਚਾਰ ਵਿਚ ਅਜੇ ਵੀ ਰਤੀ ਭਰ ਫਰਕ ਨਹੀਂ ਪਿਆ। ਪਾਕਿਸਤਾਨ ਦੇ ਗੱਲਬਾਤ ਕਰਨ ਦੇ ਸੱਦੇ ਨੂੰ ਉਹਨਾਂ ਨੇ ਪੂਰੀ ਹਿਕਾਰਤ ਨਾਲ ਠੁਕਰਾ ਦਿਤਾ ਹੈ।

ਬੇਸ਼ਕ ਪਾਕਿਸਤਾਨੀ ਰਾਜਕੀ ਵਰਗ ਆਪਣੀ ਰਾਜਨੀਤੀ ਵਿਚ ਸਫਲ ਹੋ ਗਿਆ ਹੈ। ਉਹਨਾਂ ਨੂੰ ਇਸ ਗੱਲ ਦਾ ਯਕੀਨ ਹੈ ਕਿ ਆਉਣ ਵਾਲੇ ਸਮੇਂ ਵਿਚ ਉਹਨਾਂ ਦੇ ਇਸ ਫੈਸਲੇ ਨੇ ਇਸ ਖੇਤਰ ਦੀ ਰਾਜਨੀਤੀ ਉਤੇ ਫੈਸਲਾਕੁੰਨ ਪ੍ਰਭਾਵ ਪਾਉਣਾ ਹੈ। ਇਹ ਚਾਲ ਉਹਨਾਂ ਦੀ ਏਸ਼ੀਆਈ-ਆਲਮੀ ਰਾਜਨੀਤੀ ਦਾ ਇਕ ਹਿੱਸਾ ਹੈ। ਆਲਮੀ ਰਾਜਨੀਤੀ ਬੜੀਆ ਵੱਡੀਆ ਉਥਲਾਂ-ਪੁਥਲਾਂ ਵਿਚੋਂ ਗੁਜ਼ਰ ਰਹੀ ਹੈ। ਉਹ ਵੇਖ ਰਹੇ ਹਨ ਕਿ ਇਸ ਖੇਤਰ ਵਿਚੋਂ ਅਮਰੀਕੀ ਸਾਮਰਾਜੀਆਂ ਦੀ ਸਫ ਵਲ੍ਹੇਟੀ ਜਾਣ ਵਾਲੀ ਹੈ। ਦਿਨੋ-ਦਿਨ ਇਸ ਖੇਤਰ ਵਿਚੋਂ ਉਸ ਦਾ ਪ੍ਰਭਾਵ ਘਟ ਰਿਹਾ ਹੈ। (ਸਾਮਰਾਜੀ ਨੀਤੀਆਂ ਉਤੇ ਚੱਲ ਰਹੇ) ਚੀਨ ਦਾ ਪ੍ਰਭਾਵ ਇਸ ਖੇਤਰ ਵਿਚ ਵਧ ਰਿਹਾ ਹੈ। ਮਾਲੀ ਪੂੰਜੀ ਦਾ ਚੀਨ ਕੋਲ ਕੋਈ ਘਾਟਾ ਨਹੀਂ ਅਤੇ ਦਿਨੋ-ਦਿਨ ਉਹ ਆਪਣੀ ਫੌਜੀ ਤਾਕਤ ਵਧਾਈ ਜਾ ਰਿਹਾ ਹੈ। ਅਜੇ ਕੁਝ ਦਿਨ ਪਹਿਲਾ ਹੀ ਅਮਰੀਕੀ ਫੌਜ ਨੇ ਆਪਣੀ ਇਕ ਰਿਪੋਰਟ ਜਾਰੀ ਕੀਤੀ ਹੈ, ਜਿਸ ਰਿਪੋਰਟ ਅਨੁਸਾਰ ਜੇ ਹੁਣ ਜੰਗ ਲੱਗ ਜਾਏ ਤਾਂ ਅਮਰੀਕਾ—ਰੂਸ ਅਤੇ ਚੀਨ ਨੂੰ ਫੌਜੀ ਤਾਕਤ ਨਾਲ ਹਰਾ ਨਹੀਂ ਸਕਦਾ। ਅਮਰੀਕਾ ਨੇ ਪਾਕਿਸਤਾਨ ਨੂੰ ਮਾਲੀ ਸਹਾਇਤਾ ਦੇਣੀ ਬੰਦ ਕਰ ਦਿੱਤੀ ਹੈ। ਮਾਲੀ ਸਹਾਇਤਾ ਲਈ ਉਸ ਦੀ ਚੀਨ ਉਤੇ ਨਿਰਭਰਤਾ ਵਧਦੀ ਜਾ ਰਹੀ ਹੈ। ਰੂਸ ਅਤੇ ਚੀਨ ਪਹਿਲਾ ਹੀ ਅਮਰੀਕਾ ਦੇ ਵਿਰੋਧ ਵਿਚ ਯੁੱਧਨੀਤਕ ਸਮਝੌਤਾ ਕਰੀ ਬੈਠੇ ਹਨ।

ਇਸ ਹਾਲਤ ਵਿਚ ਰੂਸ, ਚੀਨ ਅਤੇ ਪਾਕਿਸਤਾਨ ਦੀ ਇਹ ਇਕ ਸਾਂਝੀ ਲੋੜ ਬਣਦੀ ਹੈ ਕਿ ਅਮਰੀਕੀ ਸਾਮਰਾਜੀਆਂ ਨੂੰ ਇਸ ਖਿੱਤੇ ਵਿਚੋਂ ਦਫਾ ਕੀਤਾ ਜਾਵੇ। ਇਸ ਹਾਲਤ ਵਿਚ ਜੇ ਭਾਰਤ ਅਮਰੀਕੀ ਸਾਮਰਾਜੀਆਂ ਨਾਲੋਂ ਆਪਣੀ ਯੁੱਧਨੀਤਕ ਸਾਂਝ ਤੋੜ ਲਵੇ ਤਾਂ ਇਉਂ ਕਰਨਾ ਸੰਭਵ ਹੋ ਜਾਵੇਗਾ। ਉਂਝ ਵੀ ਅਮਰੀਕੀ ਸਾਮਰਾਜ ਦਿਨੋ-ਦਿਨ ਆਪਣੀਆਂ ਅੰਦਰੂਨੀ ਮੁਸ਼ਕਿਲਾਂ ਵਿਚ ਘਿਰਦਾ ਜਾ ਰਿਹਾ ਹੈ। ਯੂਰਪੀਨ ਯੂਨੀਅਨ ਨੇ ਪਹਿਲਾਂ ਹੀ ਐਲਾਨ ਕਰ ਦਿੱਤਾ ਹੈ ਕਿ ਉਹ ਆਪਣੀ ਸਾਂਝੀ ਫੌਜ ਬਣਾਉਣ ਬਾਰੇ ਸੋਚ ਰਿਹਾ ਹੈ, ਕਿਉਂਕਿ ਅਮਰੀਕਾ—ਰੂਸ ਤੇ ਚੀਨ ਵਾਂਗ ਹੀ ਉਹਨਾਂ ਦਾ ਵਿਰੋਧੀ ਦੇਸ਼ ਹੈ। ਆਲਮੀ ਰਾਜਨੀਤੀ ਵਿਚ ਹੋ ਰਹੀ ਇਸ ਉਥਲ-ਪੁਥਲ ਨੂੰ ਵੇਖਦੇ ਹੋਏ ਭਾਰਤੀ ਸਾਮਰਾਜੀ ਹਾਕਮ ਵਰਗ ਦਾ ਇਕ ਹਿੱਸਾ ਪਹਿਲਾਂ ਹੀ ਇਹ ਮੰਗ ਕਰ ਰਿਹਾ ਹੈ ਕਿ ਭਾਰਤੀ ਮੰਡੀ ਦੇ ਪਸਾਰ ਲਈ ਭਾਰਤ-ਪਾਕਿਸਤਾਨ ਸਰਹੱਦ ਖੁੱਲ੍ਹਣੀ ਚਾਹੀਦੀ ਹੈ। ਇੰਡੀਅਨ ਐਕਸਪ੍ਰੈਸ ਨੇ ਆਪਣੀ ਸੰਪਾਦਕੀ ਵਿਚ ਇਹ ਜ਼ਿਕਰ ਵੀ ਕੀਤਾ ਹੈ ਕਿ ਚੁਣਾਵੀ ਮਜਬੂਰੀ ਕਾਰਨ ਮੋਦੀ ਸਰਕਾਰ ਇਸ ਸ਼ਾਨਦਾਰ ਮੌਕੇ ਨੂੰ ਗੁਆਉਣ ਦੀ ਗਲਤੀ ਕਰ ਰਹੀ ਹੈ।

ਅਜੇ ਕੁਝ ਸਮਾਂ ਪਹਿਲਾਂ ਹੀ ਭਾਰਤ ਵਿਚ ਤਾਇਨਾਤ ਚੀਨੀ ਰਾਜਦੂਤ ਨੇ ਆਪਣੀ ਪੰਜਾਬ ਫੇਰੀ ਦੌਰਾਨ ਇਹ ਗੱਲ ਸਪਸ਼ਟ ਕੀਤੀ ਸੀ ਕਿ ਉਹ ਹਿੰਦ-ਪਾਕਿ ਸਰਹਦ ਖੋਲ੍ਹਣ ਦੇ ਹੱਕ ਵਿਚ ਹਨ। ਦਰਬਾਰ ਸਾਹਿਬ ਮੱਥਾ ਟੇਕਣ ਆਏ ਤੇ ਵਾਹਗਾ ਸਰਹੱਦ ਤਕ ਗਏ ਰਾਜਦੂਤ ਨੂੰ ਜਦੋਂ ਸਨਕੀ ਤੇ ਸ਼ੱਕੀ ਮਨੂਵਾਦੀ ਮੀਡੀਏ ਨੇ ਉਸ ਦੀ ਇਸ ਯਾਤਰਾ ਦੇ ਮੰਤਵ ਬਾਰੇ ਪੁੱਛਿਆ ਸੀ ਤਾਂ ਉਸ ਦਾ ਬੜਾ ਸਪਸ਼ਟ ਜੁਆਬ ਸੀ, ਕਿ ਉਹ ਇਹ ਵੇਖਣ ਆਇਆ ਹੈ ਕਿ ਇਹ ਸਰਹੱਦ ਖੁੱਲ੍ਹਣ ਨਾਲ ਇਸ ਖੇਤਰ ਵਿਚ ਵਪਾਰ ਦੀਆਂ ਕੀ ਸੰਭਾਵਨਾਵਾਂ ਹਨ। ਬੜੀ ਪਰਚਾਰੀ ਗਈ ਸਰਜੀਕਲ ਸਟ੍ਰਾਈਕ ਦੇ ਜੁਆਬ ਵਿਚ ਪੈਦਾ ਹੋਏ ਡੋਕਲਾਮ ਸੰਕਟ ਨੇ ਭਾਰਤੀ ਸਾਮਰਾਜੀ ਹਾਕਮ ਵਰਗ ਨੂੰ ਇਹ ਸਪਸ਼ਟ ਕਰ ਦਿੱਤਾ ਸੀ ਕਿ ਉਹਨਾਂ ਦੀ ਪਾਕਿਸਤਾਨ ਨੂੰ ਡਰਾਉਣ ਲਈ ਕੀਤੀ ਗਈ ਕਿਸੇ ਵੀ ਹਰਕਤ ਨੂੰ ਚੀਨ ਸਹਿਣ ਨਹੀਂ ਕਰੇਗਾ। ਨੇਪਾਲ, ਬੰਗਲਾਦੇਸ਼, ਸ੍ਰੀ ਲੰਕਾ, ਮਾਲਦੀਵ ਤੇ ਭੂਟਾਨ ਨਾਲ ਚੀਨ ਦੇ ਆਰਥਿਕ ਸਬੰਧਾਂ ਨੇ ਭਾਰਤੀ ਕਾਰਪੋਰੇਟਾਂ ਨੂੰ ਇਹ ਗੱਲ ਵੀ ਸਮਝਾ ਦਿਤੀ ਹੈ ਕਿ ਉਹ ਹੁਣ ਇਸ ਖੇਤਰ ਦੇ ਲੋਕਾਂ ਦੀ ਲੁੱਟ ਚੀਨ ਨਾਲ ਮੁਕਾਬਲੇ ਵਿਚ ਨਹੀਂ ਬਲਕਿ ਉਸਦੇ ਸਹਾਇਕ ਬਣ ਕੇ ਹੀ ਕਰ ਸਕਦੇ ਹਨ। ਯੂਨਾਈਟਡ ਨੇਸ਼ਨਜ਼ ਦੇ ਸਕੱਤਰ ਜਨਰਲ ਦਾ ਦਰਬਾਰ ਸਾਹਿਬ ਮੱਥਾ ਟੇਕਣ ਆਉਣਾ ਵੀ ਇਸੇ ਰਾਜਨੀਤੀ ਦਾ ਹੀ ਹਿੱਸਾ ਸੀ। ਰੂਸ ਵਿਚ ਤਾਲਿਬਾਨ ਨਾਲ ਹੋ ਰਹੀ ਸਮਝੌਤਾ ਵਾਰਤਾ ਵਿਚ ਭਾਰਤ ਨੂੰ ਸ਼ਾਮਿਲ ਕਰਨਾ ਵੀ ਇਸੇ ਰਾਜਨੀਤੀ ਦਾ ਇਕ ਅੰਗ ਸੀ, ਕਿ ਜੇ ਉਹ ਇਹਨਾਂ ਦੇਸ਼ਾਂ ਨਾਲ ਮਿਲ ਕੇ ਚੱਲੇਗਾ ਤਾਂ ਉਸ ਨੂੰ ਅਫਗਾਨਿਸਤਾਨ ਰਾਹੀਂ ਤਾਜਿਕਸਤਾਨ ਤਕ ਵਪਾਰ ਕਰਨ ਦੀ ਖੁੱਲ੍ਹ ਹੋਵੇਗੀ।

ਹੁਣ ਦਿਲਚਸਪ ਹਾਲਤ ਇਹ ਬਣ ਗਈ ਹੈ ਕਿ ਸਿੱਖ ਇਸ ਖੇਤਰ ਦੀ ਏਸ਼ੀਆਈ-ਆਲਮੀ ਰਾਜਨੀਤੀ ਦੇ ਇਕ ਵਾਰ ਫਿਰ ਕੇਂਦਰ ਵਿਚ ਆ ਖੜ੍ਹੇ ਹੋਏ ਹਨ। ਜੇ ਸਿੱਖਾਂ ਨੂੰ ਸਹੀ ਲੀਡਰਸ਼ਿਪ ਮਿਲ ਗਈ ਤਾਂ ਗੁਰੂ ਨਾਨਕ ਸਾਹਿਬ ਦੇ ਕਰਤਾਰਪੁਰੀ ਮਿਸ਼ਨ—ਕਿਰਤ ਕਰੋ-ਵੰਡ ਛਕੋ-ਨਾਮ ਜਪੋ—ਨੂੰ ਦੁਨੀਆ ਭਰ ਵਿਚ ਫੈਲਾਉਣ ਦੀਆਂ ਭਰਪੂਰ ਸੰਭਾਵਨਾਵਾਂ ਬਣ ਸਕਦੀਆਂ ਹਨ।

# ਮਨੁੱਖ ਨੂੰ ਇਨਸਾਨੀਅਤ ਸਿਖਾਉਣ ਦਾ ਇਕ ਕੀਮਤੀ ਗੁਰਮਤਿ ਸਿਧਾਂਤ ਹੈ ਲੰਗਰ

ਵੀਰ ਭੁਪਿੰਦਰ ਸਿੰਘ



ਲੰਗਰ ਗੁਰਮਤਿ ਦਾ, ਮਨੁੱਖਤਾ ਨੂੰ ਇਨਸਾਨੀਅਤ ਸਿਖਾਉਣ ਦਾ ਇਕ ਕੀਮਤੀ ਸਿਧਾਂਤ ਹੈ। ਕਾਸ਼ ! ਗੁਰਮਤਿ ਦਾ ਇਹ ਕੀਮਤੀ ਸਿਧਾਂਤ ਅਸੀਂ ਰੈਡ ਕਰਾਸ, ਯੂਐਨਓ, ਯੂਨੈਸਕੋ ਨੂੰ ਦੱਸ ਸਕੀਏ ਕਿ ਲੰਗਰ ਸਾਰੀ ਮਨੁੱਖਤਾ ਨੂੰ ਏਕਤਾ ਸਿਖਾਉਣ ਦਾ ਢੰਗ ਹੈ। ਪੁਰਾਤਨ ਸਮੇਂ ਤੋਂ ਹੀ ਧਰਮ ਅਸਥਾਨਾਂ ਉਤੇ ਲੰਗਰ, ਜਿਸ ਨੂੰ ਭੰਡਾਰਾ ਜਾਂ ਯੱਗ ਕਹਿੰਦੇ ਸਨ, ਕੀਤਾ ਜਾਂਦਾ ਸੀ। ਜਿਸ ਜਗ੍ਹਾ ਉੱਚ ਜਾਤ ਵਾਲਿਆਂ ਦਾ ਲੰਗਰ ਹੁੰਦਾ ਸੀ ਉੱਥੇ ਨੀਵੀਂ ਜਾਤ ਵਾਲੇ ਨਹੀਂ ਆ ਸਕਦੇ ਸਨ, ਨਾ ਹੀ ਉਨ੍ਹਾਂ ਭਾਂਡਿਆਂ ਨੂੰ ਵਰਤ ਸਕਦੇ ਸਨ ਅਤੇ ਨਾ ਹੀ ਉਨ੍ਹਾਂ ਵਿਚ ਵਰਤਾਅ ਸਕਦੇ ਸਨ। ਇਸ ਉੱਚੀ-ਨੀਵੀਂ ਜਾਤ ਅਤੇ ਅਮੀਰ-ਗ਼ਰੀਬ ਦੇ ਵਿਤਕਰੇ ਨੂੰ ਖ਼ਤਮ ਕਰਨ ਲਈ ਗੁਰੂ ਘਰ ਵਿਚ ਲੰਗਰ ਦੀ ਵਿਲੱਖਣ ਪ੍ਰਥਾ ਚਲਾਈ। ਗੁਰੂ ਅਮਰਦਾਸ ਪਾਤਸ਼ਾਹ ਦੇ ਸਮੇਂ ਵਿਚ ਬਾਦਸ਼ਾਹ ਅਕਬਰ ਜਦੋਂ ਗੁਰੂ ਘਰ ਵਿਚ ਆਉਂਦਾ ਹੈ ਤਾਂ ਉਸ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇ ਉਸ ਦੇ ਮਨ ਵਿਚ ਇਹ ਖ਼ਿਆਲ ਹੈ ਕਿ ਉਹ ਰਾਜਾ ਹੈ ਅਤੇ ਬਾਕੀ ਮਨੁੱਖ ਨੀਵੇਂ ਹਨ ਤਾਂ ਉਹ ਗੁਰੂ ਘਰ ਆਉਣ ਤੋਂ ਪਹਿਲਾਂ ਬਾਹਰ ਹੀ ਖਾਣਾ ਛਕ ਕੇ ਆਏ। ਜੇ ਉਹ ਗੁਰੂ ਘਰ ਵਿਚ ਲੰਗਰ ਛਕਣਾ ਚਾਹੁੰਦਾ ਹੈ ਤਾਂ ਆਪਣੇ ਮਨ 'ਚੋਂ ਉੱਚੇ-ਨੀਵੇਂ ਦੀ ਭਾਵਨਾ ਕੱਢ ਕੇ, ਪੰਗਤ ਵਿਚ ਸਭ ਮਨੁੱਖਾਂ ਨਾਲ ਰਲ ਕੇ ਬੈਠੇ। ਇਸ ਤੋਂ ਅਸੀਂ ਸਮਝ ਸਕਦੇ ਹਾਂ ਕਿ ਗੁਰੂ ਘਰ ਵਿਚ ਲੰਗਰ ਦੀ ਪ੍ਰਥਾ ਦੀ ਸ਼ੁਰੂਆਤ ਬਰਾਬਰਤਾ ਸਿਖਾਉਣ ਲਈ ਹੋਈ ਸੀ। ਲੰਗਰ ਦਾ ਮਕਸਦ ਸੀ : ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥ (ਗੁਰੂ ਗ੍ਰੰਥ ਸਾਹਿਬ, ਪੰਨਾ 15)

ਜਿਸ ਲੰਗਰ ਵਿਚ ਗ਼ਰੀਬਾਂ ਨੂੰ ਜੰਗਲੇ, ਗੇਟ ਤੋਂ ਬਾਹਰ ਖੜ੍ਹਾ ਰੱਖਿਆ ਜਾਵੇ, ਉਥੇ ਅਕਸਰ ਗੁਰੂ ਪਾਤਸ਼ਾਹ ਦਾ ਬਰਾਬਰਤਾ ਵਾਲਾ ਨੁਕਤਾ ਟੁੱਟ ਜਾਂਦਾ ਹੈ। ਗੁਰੂ ਕੇ ਲੰਗਰਾਂ ਵਿਚ ਜੇ ਕੋਈ ਆਪਣੇ ਅਮੀਰਜ਼ਾਦੇ ਜਾਂ ਉੱਚ ਜਾਤੀ ਦੇ ਸਾਥੀ ਨੂੰ ਵੇਖ ਕੇ ਉਸ ਨਾਲ ਹੀ ਬੈਠਦਾ ਹੈ ਤੇ ਜੇਕਰ ਲੰਗਰ ਵਿਚ ਕੋਈ ਹਿੰਦੂ, ਮੁਸਲਮਾਨ, ਗ਼ੈਰ ਸਿੱਖ ਜਾਂ ਗ਼ਰੀਬ ਨਾਲ ਵਿਤਕਰੇ ਦੀ ਭਾਵਨਾ ਕਰੇ, ਉਹ ਵੀ ਸਿੱਖ ਸਿਧਾਂਤਾਂ ਅਨੁਸਾਰ ਸਹੀ ਨਹੀਂ ਹੈ। ਉਹ ਸੱਜਣ ਮੁਬਾਰਕ ਹਨ ਜਿਹੜੇ ਵਿਤਕਰਾ ਨਹੀਂ ਕਰਦੇ ਪਰ ਜੇਕਰ ਅਸੀਂ ਇਹ ਸੋਚ ਕੇ ਕਿ ਫਲਾਣੇ ਦੇ ਕੱਪੜੇ ਗੰਦੇ ਹਨ, ਇਹ ਗ਼ੈਰ ਸਿੱਖ ਹੈ, ਪਤਿਤ ਹੈ, ਦੂਜੇ ਮਜ਼੍ਹਬ ਦਾ ਹੈ ਉਸ ਨਾਲ ਨਹੀਂ ਬੈਠਦੇ ਤਾਂ ਲੰਗਰ ਦਾ ਮਕਸਦ ਹੱਲ ਨਹੀਂ ਹੋਇਆ ਕਿਉਂਕਿ ਬਰਾਬਰਤਾ ਵਾਲਾ ਨੁਕਤਾ ਪੂਰਾ ਨਹੀਂ ਹੁੰਦਾ।

ਗੁਰਮਤਿ ਅਨੁਸਾਰ ਲੰਗਰ ਦੇ ਸਿਧਾਂਤ ਨੂੰ ਸਮਝਦੇ ਹੋਏ ਸਾਨੂੰ ਚਾਹੀਦਾ ਹੈ ਕਿ ਸਾਡੇ ਲੰਗਰਾਂ ਵਿਚ ਸਾਦਗੀ ਹੋਵੇ। ਜੇ ਸਾਡੇ ਲੰਗਰਾਂ ਵਿਚ ਸਾਦਗੀ ਨਹੀਂ ਹੈ ਤਾਂ ਇਹ ਲੰਗਰ ਭਾਈ ਲਾਲੋ ਵਾਲੇ ਨਹੀਂ ਹੋਣਗੇ। ਕਈ ਵਾਰ ਅਸੀਂ ਲੰਗਰ ਕੇਵਲ ਆਪਣੀ ਅਮੀਰੀ ਦੇ ਦਿਖਾਵੇ ਲਈ ਕਰਦੇ ਹਾਂ। ਜੇ ਇਕ ਗੁਰਪੁਰਬ ਉਤੇ ਅਮੀਰੀ ਦੇ ਦਿਖਾਵੇ ਵਾਲੇ ਇਹ ਲੰਗਰ ਨਾ ਕਰੀਏ ਤਾਂ ਸੋਮਾਲੀਆ, ਬੋਸਨੀਆ, ਬੰਗਲਾਦੇਸ਼ ਅਤੇ ਉੜੀਸਾ ਵਰਗੀਆਂ ਗ਼ਰੀਬ ਥਾਵਾਂ ਉਤੇ ਭੁੱਖੇ ਤੇ ਲਾਚਾਰ ਲੋਕਾਂ ਨੂੰ ਸਾਰੀ ਉਮਰ ਵਾਸਤੇ ਰੋਟੀ ਖੁਆ ਸਕਦੇ ਹਾਂ, ਉਨ੍ਹਾਂ ਦਾ ਪਾਲਣ-ਪੋਸ਼ਣ ਕਰ ਸਕਦੇ ਹਾਂ, ਉਨ੍ਹਾਂ ਨੂੰ ਕੰਮ-ਕਾਜ ਦੇ ਸਕਦੇ ਹਾਂ। ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ (ਗੁਰੂ ਗ੍ਰੰਥ ਸਾਹਿਬ, ਪੰਨਾ 1349)। ਏਕੁ ਪਿਤਾ ਏਕਸ ਕੇ ਹਮ ਬਾਰਿਕ ॥(ਗੁਰੂ ਗ੍ਰੰਥ ਸਾਹਿਬ, ਪੰਨਾ 611)। ਸਭ ਦੀਆਂ ਰਗਾਂ 'ਚ ਇਕੋ ਕਿਸਮ ਦਾ ਲਹੂ ਵਗਦਾ ਹੈ, ਫਿਰ ਉੱਚੀ-ਨੀਵੀਂ ਜਾਤ ਅਤੇ ਅਮੀਰੀ-ਗ਼ਰੀਬੀ ਦਾ ਵਿਤਕਰਾ ਕਰਨਾ ਮਨੁੱਖਤਾ ਦਾ ਸਿਧਾਂਤ ਨਹੀਂ। ਇਹ ਗੱਲ ਸਾਨੂੰ ਸੁਨੇਹਾ ਦਿੰਦੀ ਹੈ ਕਿ ਸਾਨੂੰ ਜਾਤ-ਪਾਤ ਦਾ ਵਿਤਕਰਾ ਨਹੀਂ ਕਰਨਾ ਚਾਹੀਦਾ। ਗੁਰੂ ਗ੍ਰੰਥ ਸਾਹਿਬ ਰਾਹੀਂ ਸਾਨੂੰ ਗੁਰੂਆਂ ਅਤੇ ਭਗਤਾਂ ਦੀ ਬਾਣੀ ਤੋਂ ਇਹੀ ਸੁਨੇਹਾ ਮਿਲਦਾ ਹੈ ਪਰ ਸਾਡਾ ਧਿਆਨ ਇਸ ਪਾਸੇ ਨਹੀਂ ਜਾਂਦਾ। ਅਫ਼ਸੋਸ ਇਸ ਗੱਲ ਦਾ ਹੈ ਕਿ ਸਰੋਵਰ ਅਤੇ ਲੰਗਰ ਦੀ ਪ੍ਰਥਾ ਚਲਾਉਣ ਦੇ ਬਾਵਜੂਦ ਅਸੀਂ ਜਾਤ-ਪਾਤ ਅਤੇ ਅਮੀਰੀ-ਗ਼ਰੀਬੀ ਦੇ ਵਿਤਕਰੇ ਵਾਲੀ ਖੇਡ ਕਰੀ ਜਾਂ ਰਹੇ ਹਾਂ। ਇਸ ਦਾ ਭਾਵ ਅਸੀਂ ਗੁਰੂ ਸਾਹਿਬਾਨ ਦੀ ਬਾਣੀ ਅਨੁਸਾਰ ਆਪਣਾ ਜੀਵਨ ਨਹੀਂ ਬਣਾ ਰਹੇ ਹਾਂ। ਲੰਗਰ ਦੀ ਪੰਗਤ ਵਿਚ ਬੈਠ ਕੇ ਬਰਾਬਰਤਾ ਸਿੱਖਦੇ ਹੋਏ ਅਸੀਂ ਆਪਣੇ ਆਪ ਨੂੰ ਆਤਮਕ ਤੌਰ ਉਤੇ ਵੀ ਉੱਚਾ ਕਰ ਸਕਦੇ ਹਾਂ।

ਲੰਗਰ ਵਿਚ ਸਾਦਗੀ ਅਤੇ ਸਫਾਈ ਦਾ ਹੋਣਾ ਬਹੁਤ ਜ਼ਰੂਰੀ ਹੈ। ਜਿਸ ਤਰ੍ਹਾਂ ਮਲਕ ਭਾਗੋ ਨਾਮ, ਅਮੀਰੀ, ਦਿਖਾਵੇ ਅਤੇ ਹੇਰਾ-ਫੇਰੀ ਦੀ ਕਮਾਈ ਦਾ ਪ੍ਰਤੀਕ ਹੈ। ਉਸੀ ਤਰ੍ਹਾਂ 'ਭਾਈ ਲਾਲੋ' ਗ਼ਰੀਬ, ਮਿਹਨਤ-ਮੁਸ਼ੱਕਤ ਅਤੇ ਇਮਾਨਦਾਰੀ ਦੀ ਕਮਾਈ ਦਾ ਪ੍ਰਤੀਕ ਹੈ।

ਇਨ੍ਹਾਂ ਸਭ ਗੱਲਾਂ ਨੂੰ ਧਿਆਨ ਵਿਚ ਰੱਖੀਏ ਤਾਂ ਸਾਨੂੰ ਸਮਝ ਪੈਂਦੀ ਹੈ ਕਿ ਲੰਗਰ ਸਭ ਦੇ ਲਈ ਸਾਂਝਾ ਹੈ, ਲੰਗਰ ਪਕਾਉਣਾ ਅਤੇ ਵਰਤਾਉਣਾ ਅਮਲੀ ਤੌਰ ਉਤੇ ਬਰਾਬਰਤਾ ਸਿੱਖਣ ਦਾ ਇਕ ਢੰਗ ਹੈ। ਪੁਰਾਤਨ ਸਮੇਂ ਹੀ ਨਹੀਂ ਅੱਜ ਤੋਂ ਤੀਹ-ਪੈਂਤੀ ਸਾਲ ਪਹਿਲੋਂ ਤਕ ਵੀ ਗੁਰਦੁਆਰਾ ਸਾਹਿਬ ਵਿਚ ਸੰਗਤਾਂ ਆਪ ਲੰਗਰ ਪਕਾਉਂਦੀਆਂ ਸਨ ਅਤੇ ਪਕਾਉਣ ਸਮੇਂ ਗੁਰਦੁਆਰੇ ਵਿਚ ਚਲ ਜਿਹਾ ਗੁਰਬਾਣੀ ਦਾ ਕਥਾ/ਕੀਰਤਨ ਸੰਗਤਾਂ ਦੇ ਕੰਨੀਂ ਪੈਂਦਾ ਸੀ। ਇਸ ਤਰ੍ਹਾਂ ਸਹਿਜੇ ਹੀ ਗੁਰੂ ਦੀ ਗੱਲ ਵੀ ਸਮਝ ਪੈ ਜਾਂਦੀ ਸੀ। ਹਰ ਉਮਰ, ਹਰ ਵਰਗ, ਜਾਤ, ਧਰਮ ਅਤੇ ਲਿੰਗ ਵਾਲੇ ਇਕੱਠੇ ਬੈਠਦੇ, ਬਿਨਾ ਕਿਸੇ ਵਿਤਕਰੇ ਦੇ ਲੰਗਰ ਪਕਾਉਂਦੇ ਅਤੇ ਵਰਤਾਉਂਦੇ ਸਨ। ਲੰਗਰ ਪਕਾਉਣ ਦੇ ਇਸ ਤਰੀਕੇ ਰਾਹੀਂ ਨਿਮਰਤਾ, ਏਕਤਾ ਅਤੇ ਬਰਾਬਰਤਾ (ਏਕੁ ਪਿਤਾ ਏਕਸ ਕੇ ਹਮ ਬਾਰਿਕ) ਦਾ ਸਿਧਾਂਤ ਦ੍ਰਿੜ ਹੁੰਦਾ ਸੀ, ਜੋ ਕਿ ਗੁਰੂ ਦੀ ਅਸਲੀ ਸੇਵਾ ਹੈ। ਲੰਗਰ ਦੀ ਸੇਵਾ ਹੱਥੀਂ ਮਿਹਨਤ ਕਰਕੇ ਕਰਨਾ ਸਿਹਤ ਲਈ ਵੀ ਫਾਇਦੇਮੰਦ ਸਿੱਧ ਹੁੰਦਾ ਹੈ। ਭਾਵੇਂ ਅੱਜ ਵੀ ਗੁਰਪੁਰਬਾਂ ਜਾਂ ਇਤਿਹਾਸਕ ਸਥਾਨਾਂ ਉਤੇ ਹੱਥੀਂ ਲੰਗਰ ਤਿਆਰ ਕੀਤਾ ਜਾਂਦਾ ਹੈ ਪਰ ਅੱਜ-ਕੱਲ੍ਹ ਦੇ ਸਮੇਂ ਵਿਚ ਲੰਗਰ ਵਿਚੋਂ ਸਾਦਗੀ ਪੰਖ ਲਗਾ ਕੇ ਉਡ ਗਈ ਹੈ।

ਹਲਵਾਈਆਂ ਤੋਂ ਲੰਗਰ ਬਣਵਾਉਣਾ, ਹੋਟਲਾਂ ਤੋਂ ਮੰਗਵਾਉਣਾ ਜਾਂ ਢੇਰ ਸਾਰੇ ਪਕਵਾਨਾਂ ਨੂੰ ਲੰਗਰ ਦਾ ਨਾਮ ਦੇਣਾ ਗੁਰਮਤਿ ਅਸੂਲਾਂ ਤੋਂ ਵਿਰੁੱਧ ਹੈ। ਆਮ ਤੌਰ ਉਤੇ ਸੰਗਤਾਂ 'ਚ ਆਏ ਦਿਨ ਹਲਵਾਈ ਜਾਂ ਹੋਟਲਾਂ ਤੋਂ ਲੰਗਰ ਮੰਗਵਾ ਕੇ ਵਰਤਾਉਣ ਦੀ ਵਾਦੀ ਵਧਦੀ ਜਾ ਰਹੀ ਹੈ ਜੋ ਕਿ ਢਹਿੰਦੀ ਕਲਾ ਦੀ ਨਿਸ਼ਾਨੀ ਹੈ। ਬਾਹਰਲੇ ਦੇਸ਼ਾਂ 'ਚ ਵੀ ਕਈ ਥਾਵਾਂ ਉਤੇ ਹਲਵਾਈ ਨੂੰ ਗੁਰਦੁਆਰੇ ਬੁਲਵਾ ਕੇ ਲੰਗਰ ਪਕਵਾਉਂਦੇ ਹਨ। ਕਈ ਥਾਵਾਂ 'ਤੇ ਭਾਵੇਂ ਸੰਗਤਾਂ ਆਪ ਵੀ ਲੰਗਰ ਪਕਾਉਂਦੀਆਂ ਹਨ ਪਰ ਉੱਥੇ ਵੀ ਲੰਗਰ ਵਿਚ ਕੇਕ, ਜਲੇਬੀ, ਸ਼ਰਬਤ, ਪਰੌਂਠੇ, ਲੱਡੂ, ਖੀਰ, ਬਦਾਮ, ਬਰਫੀ ਆਦਿ ਚੀਜ਼ਾਂ ਲੰਗਰ ਵਿਚ ਵਰਤਾਈਆਂ ਜਾਂਦੀਆਂ ਹਨ ਨਤੀਜਨ ਲੰਗਰ ਵਿੱਚੋਂ ਸਾਦਗੀ ਅਤੇ ਬਰਾਬਰਤਾ ਵਾਲਾ ਸਿਧਾਂਤ ਅਲੋਪ ਹੁੰਦਾ ਜਾ ਰਿਹਾ ਹੈ।

ਕੁਦਰਤ ਦੇ ਨਿਯਮਾਂ ਨੂੰ ਸਮਝਣ ਵਾਲੇ ਨੁਕਤੇ ਅਨੁਸਾਰ ਬੀਮਾਰ ਨੂੰ ਹਸਪਤਾਲ ਜਾਂ ਡਾਕਟਰਾਂ ਤੋਂ ਛੁਪ ਕੇ, ਬਿਨਾ ਪੁੱਛੇ ਲੰਗਰ ਇਸ ਖ਼ਿਆਲ ਨਾਲ ਖੁਆਉਣਾ ਕਿ ਉਨ੍ਹਾਂ ਦੇ ਰੋਗ ਦੂਰ ਹੋ ਜਾਣਗੇ, ਗੁਰਮਤਿ ਦੇ ਸਿਧਾਂਤ ਤੋਂ ਲਾਂਭੇ ਹੋਣਾ ਅਤੇ ਇਕ ਅੰਧਵਿਸ਼ਵਾਸ ਹੈ। ਇਸ ਬਾਰੇ ਲੰਗਰ ਪਕਾਉਣ, ਵਰਤਾਉਣ ਅਤੇ ਕਮੇਟੀਆਂ ਨੂੰ ਧਿਆਨ ਰੱਖਣਾ ਚਾਹੀਦਾ ਹੈ। ਇਸ ਗੱਲ ਦਾ ਪ੍ਰਚਾਰ ਹੋਣਾ ਚਾਹੀਦਾ ਹੈ ਕਿ ਕਿਸੀ ਮਰੀਜ਼ ਨੂੰ ਕਿਨ੍ਹਾਂ ਹਾਲਾਤ ਵਿਚ ਅਤੇ ਡਾਕਟਰ ਦੀ ਰਾਇ ਮੁਤਾਬਕ ਲੰਗਰ ਦਿੱਤਾ ਜਾਵੇ ਕਿ ਨਹੀਂ। ਇਨ੍ਹਾਂ ਸਭ ਗੱਲਾਂ ਬਾਰੇ ਖੁੱਲ੍ਹ ਕੇ ਜਾਣਕਾਰੀ ਦਿੱਤੀ ਜਾਵੇ ਤਾਂ ਕਿ ਲੰਗਰ ਦੀ ਵਿੱਲਖਣਤਾ, ਮਹਾਨਤਾ ਅਤੇ ਬਰਾਬਰਤਾ ਜਿਹੇ ਸਾਰੇ ਗੁਣਾਂ ਨੂੰ ਜੀਵਤ ਰੱਖਿਆ ਜਾ ਸਕੇ। ਲੰਗਰ ਸਾਦਾ ਹੋਵੇ, ਸਾਫ ਹੋਵੇ ਅਤੇ ਸਰਬ ਸਾਂਝਾ ਹੋਵੇ। ਸਾਦੇ ਫੁਲਕੇ ਅਤੇ ਦਾਲ-ਸਬਜ਼ੀ ਤੋਂ ਵੱਧ ਲੰਗਰ ਵਿਚ ਵਿਖਾਵੇ ਨਾ ਕੀਤੇ ਜਾਣ ਬਲਕਿ ਸਭ ਦੀ ਉਮਰ ਵਾਲਿਆਂ ਦੀ ਸਿਹਤ ਬਾਰੇ ਵੱਧ ਤੋਂ ਵੱਧ ਜਾਣਕਾਰੀ ਲੈ ਕੇ ਲੰਗਰ ਪਕਾਉਣਾ ਲਾਹੇਵੰਦ ਹੋਵੇਗਾ।

ਸਾਦੇ ਲੰਗਰ ਕਰਨ ਨਾਲ ਖ਼ਰਚੇ ਬਚਣਗੇ, ਲੰਗਰ ਵੀ ਜ਼ਾਇਆ ਨਹੀਂ ਜਾਵੇਗਾ ਅਤੇ ਵੱਧ ਤੋਂ ਵੱਧ ਮਾਇਆ ਬਚਾ ਕੇ ਅਸੀਂ ਹਸਪਤਾਲ, ਯਤੀਮਖ਼ਾਨੇ, ਵਿਧਵਾ ਆਸ਼ਰਮ, ਬੇਰੋਜ਼ਗਾਰਾਂ ਨੂੰ ਰੋਜ਼ਗਾਰ ਦੇ ਸਕਦੇ ਹਾਂ ਜੋ ਕਿ ਗੁਰੂ ਸਾਹਿਬਾਨ ਵੇਲੇ ਵੀ ਅਮਲੀ ਤੌਰ ਉਤੇ ਕੀਤਾ ਜਾਂਦਾ ਸੀ। ਜੇ ਕਿਤੇ ਹੜ੍ਹ ਆਵੇ, ਸੋਕਾ ਪੈ ਜਾਵੇ, ਭੂਚਾਲ ਆ ਜਾਵੇ, ਅੱਗ ਲੱਗ ਜਾਵੇ ਜਾਂ ਕੋਈ ਬੇਘਰ ਹੋ ਜਾਵੇ ਤਾਂ ਗੁਰਦੁਆਰੇ ਜਾਂ ਕਿਸੇ ਸੰਸਥਾ ਵੱਲੋਂ ਰਲ ਕੇ ਲੰਗਰ ਤਿਆਰ ਕੀਤਾ ਜਾਂਦਾ ਹੈ। ਲੰਗਰ ਪਕਾਉਣ ਅਤੇ ਵਰਤਾਉਣ ਲਈ ਸੇਵਾ ਭਾਵਨਾ ਵਾਲੇ ਸੇਵਾਦਾਰ (ਵਲੰਟੀਅਰ) ਜਾਂਦੇ ਹਨ। ਇਹ ਗੁਰਮਤਿ ਦਾ ਇਕ ਅਨੋਖਾ ਅਤੇ ਸਰਬ ਸਾਂਝੀਵਾਲਤਾ ਨਾਲ ਜਿਊਣ ਦਾ ਵਿਲੱਖਣ ਢੰਗ ਹੈ। ਗੁਰਦੁਆਰਿਆਂ ਵਿਚ ਸਾਨੂੰ "ਜਿਥੈ ਨੀਚ ਸਮਾਲੀਅਨਿ" ਵਾਲੇ ਨੁਕਤੇ ਵੱਲ ਧਿਆਨ ਕਰਨ ਦੀ ਲੋੜ ਹੈ। ਸੰਗਤਾਂ ਅਤੇ ਕਮੇਟੀਆਂ ਆਪ ਇਸ ਕੰਮ ਨੂੰ ਨਜਿੱਠ ਸਕਦੀਆਂ ਹਨ।

ਲੰਗਰ ਪਕਾਉਣਾ ਅਤੇ ਵਰਤਾਉਣਾ ਗੁਰਮਤਿ ਦਾ ਅਟੁੱਟ ਅੰਗ ਹੈ। ਇਸ ਰਾਹੀਂ ਨਿਮਰਤਾ ਅਤੇ ਬਰਾਬਰਤਾ ਦਾ ਸੁਭਾਅ ਪੱਕ ਜਾਂਦਾ ਹੈ। ਸਭ ਤੋਂ ਵੱਡਾ ਮਕਸਦ ਹੈ, ਗੁਰਮਤਿ ਨੂੰ ਸੁਣਨਾ, ਵਿਚਾਰਨਾ ਅਤੇ ਗੁਰਬਾਣੀ ਅਨੁਸਾਰ ਅਮਲੀ ਜੀਵਨੀ ਦਾ ਧਾਰਨੀ ਬਣਨਾ। ਜੇਕਰ ਅਸੀਂ ਲੰਗਰ ਪਕਾਉਣ ਅਤੇ ਵਰਤਾਉਣ ਵਿਚ ਆਪਣਾ ਤਨ, ਮਨ ਅਤੇ ਧਨ ਲਗਾਉਂਦੇ ਹਾਂ ਪਰ ਗੁਰਮਤਿ ਨਹੀਂ ਸਿੱਖਦੇ ਹਾਂ, ਅਮਲੀ ਜੀਵਨ ਵਾਲਾ ਸੁਭਾਅ ਨਹੀਂ ਬਣਾਉਂਦੇ ਹਾਂ, ਗੁੱਸੇ ਅਤੇ ਹੰਕਾਰੀ ਹੋ ਕੇ ਗਰੀਬ ਨੂੰ ਮਾੜੇ ਬੋਲ ਬੋਲਦੇ ਹਾਂ ਜਾਂ ਧੜੇਬਾਜ਼ੀ ਕਾਰਨ ਹੋਰਨਾਂ ਨੂੰ ਗਾਲਾਂ ਭਰੇ ਕੁਬੋਲ ਬੋਲਦੇ ਹਾਂ ਤਾਂ ਅਮਲੀ ਜੀਵਨ ਤੋਂ ਬਿਨਾ ਸਾਡਾ ਸਾਰਾ ਜੀਵਨ ਵਿਅਰਥ ਜਾ ਰਿਹਾ ਹੈ। ਲੰਗਰ ਪਕਾ ਕੇ, ਵਰਤਾਅ ਕੇ ਜਾਂ ਲੰਗਰ ਲਈ ਮਾਇਆ ਦੇ ਕੇ ਗੁਰਮਤਿ ਅਸੂਲਾਂ ਤੋਂ ਉਲਟ ਛੂਤ-ਛਾਤ, ਜਾਤ-ਪਾਤ, ਅਮੀਰ-ਗਰੀਬ ਦਾ ਵਿਤਕਰਾ ਅਤੇ ਪਖੰਡ, ਦਿਖਾਵੇ ਵਾਲੇ ਕਰਮਕਾਂਡ ਜੇਕਰ ਅਸੀਂ ਕਰਦੇ ਹਾਂ ਤਾਂ ਗਿਆਨ ਤੋਂ ਕੋਰੇ ਰਹਿੰਦੇ ਹਾਂ। ਸਾਡੀ ਸਾਰੀ ਮਿਹਨਤ ਅਜਾਈਂ ਜਾ ਰਹੀ ਹੈ ਅਤੇ ਨਿਰਾਰਥਕ ਹੀ ਸਿੱਧ ਹੋਵੇਗੀ। ਭਾਵੇਂ ਲੰਗਰ ਪਕਾਈਏ, ਵਰਤਾਈਏ ਜਾਂ ਲੰਗਰ ਲਈ ਮਾਇਆ ਦੇਈਏ ਪਰ ਗੁਰਮਤਿ ਗਿਆਨ ਲੈਣਾ ਅਤੇ ਉਸ ਅਨੁਸਾਰ ਆਪਣਾ ਜੀਵਨ ਅਮਲੀ ਤੌਰ ਉਤੇ ਜਿਊਣਾ ਵੀ ਸਾਡੇ ਜੀਵਨ ਦਾ ਮੁੱਖ ਉਦੇਸ਼ ਹੋਣਾ ਚਾਹੀਦਾ ਹੈ। ਧਰਮ ਦੀ ਕਿਰਤ ਕਮਾਈ, ਹੱਕ-ਹਲਾਲ ਦੀ ਕਮਾਈ ਅਤੇ ਹੋਰਨਾਂ ਲਈ ਵੰਡ ਛਕਣਾ ਹੀ ਗੁਰਮਤਿ ਅਨੁਸਾਰ ਲੰਗਰ ਦਾ ਪ੍ਰਤੀਕ ਹੈ।

# ਮਾਤਾ ਭਾਗ ਕੌਰ (ਮਾਈ ਭਾਗੋ) ਜੀ ਦੀ ਮਿਸਾਲੀ ਪ੍ਰੇਰਨਾ

ਪਰਮਜੀਤ ਕੌਰ



ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੰਗ ਲੜਨ ਵਿਚ ਸਾਥ ਦੇ ਕੇ ਮਾਈ ਭਾਗੋ ਜੀ ਨੇ ਸਿੱਖ ਇਤਿਹਾਸ ਨੂੰ ਇਕ ਨਵਾਂ ਮੋੜ ਦਿੱਤਾ ਸੀ। ਸ੍ਰੀ ਆਨੰਦਪੁਰ ਸਾਹਿਬ ਤੋਂ ਬੇਦਾਵਾ ਦੇ ਕੇ ਗਏ 40 ਮਝੈਲ ਸਿੰਘਾਂ ਨੂੰ ਪ੍ਰੇਰਨਾ ਦੇ ਕੇ ਅਤੇ ਉਨ੍ਹਾਂ ਦੀ ਆਪ ਅਗਵਾਈ ਕਰਕੇ ਗੁਰੂ ਜੀ ਦੀ ਭਾਲ ਵਿਚ ਮਾਈ ਭਾਗੋ ਜੀ ਨੇ ਖਿਦਰਾਣੇ ਦੀ ਧਰਤੀ (ਹੁਣ ਸ੍ਰੀ ਮੁਕਤਸਰ ਸਾਹਿਬ) ਦੇ ਜੰਗੇ ਮੈਦਾਨ ਵਿਚ ਦੁਸ਼ਮਣ ਦੀਆਂ ਫ਼ੌਜਾਂ ਦਾ ਮੁਕਾਬਲਾ ਕੀਤਾ ਸੀ। ਜੰਗ ਵਿਚ ਆਪ ਜ਼ਖ਼ਮੀ ਹੋ ਗਏ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਹਿਕਦੀ ਮਾਈ ਭਾਗੋ ਨੂੰ ਵੇਖਿਆ ਤਾਂ ਉਸ ਦੇ ਜ਼ਖ਼ਮ ਸਾਫ਼ ਕਰਕੇ ਮਰ੍ਹਮ ਪੱਟੀ ਕਰਕੇ ਉਸ ਨੂੰ ਠੀਕ ਕੀਤਾ।

ਝਬਾਲ ਦੇ ਪੇਰੋ ਸ਼ਾਹ ਦੇ ਦੋ ਪੁੱਤਰ ਸਨ; ਮਾਲੇ ਸ਼ਾਹ ਅਤੇ ਹਰੂ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਿੱਖੀ ਦਾ ਉਨ੍ਹਾਂ 'ਤੇ ਕਾਫੀ ਅਸਰ ਸੀ। ਮਾਲੇ ਸ਼ਾਹ ਦੇ ਘਰ ਚਾਰ ਪੁੱਤਰ ਹੋਏ, ਜੋ ਬੜੇ ਸੂਰਬੀਰ ਸਨ। ਇਨ੍ਹਾਂ ਤੋਂ ਮਗਰੋਂ ਉਸ ਦੇ ਘਰ ਇਕ ਬੀਬੀ ਨੇ ਜਨਮ ਲਿਆ। ਇਸ ਦੇ ਪੈਦਾ ਹੋਣ ਮਗਰੋਂ ਸਾਰਾ ਪਰਿਵਾਰ ਉਨਤੀ ਦੀ ਸਿਖਰ ਵੱਲ ਜਾਣ ਲੱਗਾ। ਸਾਰੇ ਜਣੇ ਉਸ ਨੂੰ 'ਭਾਗ ਭਰੀ' ਕਹਿਣ ਲੱਗੇ ਪਰ ਉਸ ਦੀਆਂ ਸਹੇਲੀਆਂ ਉਸ ਨੂੰ 'ਭਾਗੋ' ਦੇ ਨਾਂਅ ਨਾਲ ਸੱਦਦੀਆਂ ਰਹੀਆਂ। ਅਜੇ ਭਾਗੋ ਸੱਤਾਂ-ਅੱਠਾਂ ਵਰ੍ਹਿਆਂ ਦੀ ਹੀ ਸੀ ਕਿ ਉਸ ਦੇ ਮਾਤਾ ਜੀ ਉਸ ਨੂੰ ਸਤਿਗੁਰੂ ਦੇ ਦਰਬਾਰ ਲੈ ਜਾਂਦੇ। ਉਸ ਵੇਲੇ ਗੁਰਿਆਈ ਦੀ ਗੱਦੀ ਉੱਤੇ ਸਾਹਿਬ ਸ੍ਰੀ ਹਰਿ ਰਾਏ ਜੀ ਬਿਰਾਜਮਾਨ ਸਨ। ਉਸ ਨਿੱਕੀ ਜਿਹੀ ਲੜਕੀ ਦੀ ਸ਼ਰਧਾ ਤੇ ਪਿਆਰ ਦੇਖ ਕੇ ਇਕ ਦਿਨ ਸੱਤਵੇਂ ਪਾਤਸ਼ਾਹ ਨੇ ਸਿਰ 'ਤੇ ਪਿਆਰ ਦਿੰਦਿਆਂ ਕਿਹਾ ਕਿ, "ਇਹ ਬੜੀ ਸਿਦਕਵਾਨ ਤੇ ਭਾਗਾਂ ਵਾਲੀ ਹੋਵੇਗੀ ਤੇ ਇਸ ਦਾ ਨਾਂਅ ਬੜਾ ਉੱਘਾ ਹੋਵੇਗਾ।" ਸਤਿਗੁਰਾਂ ਤੋਂ ਇਹ ਵਰ ਲੈ ਕੇ ਮਾਤਾ ਜੀ ਬੜੇ ਪ੍ਰਸੰਨ ਹੋਏ ਤੇ ਬੀਬੀ ਨੂੰ ਸਤਿਗੁਰਾਂ ਦੇ ਚਰਨਾਂ ਨਾਲ ਹੀ ਲਾਈ ਰੱਖਿਆ।

ਜਦੋਂ ਬੀਬੀ ਰਤਾ ਵੱਡੀ ਹੋਈ ਤਾਂ ਉਹ ਆਪਣੇ ਪਿਤਾ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਦਰਸ਼ਨ ਕਰਨ ਲਈ ਜਾਂਦੀ ਹੁੰਦੀ ਸੀ। ਕਸ਼ਮੀਰੀ ਪੰਡਤਾਂ ਦੀ ਫਰਿਆਦ ਤੇ ਗੋਬਿੰਦ ਰਾਏ ਦੇ ਕਹਿਣ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧਰਮ ਨੂੰ ਬਚਾਉਣ ਲਈ ਕੁਰਬਾਨੀ ਦਿੱਤੀ। ਇਹ ਸਭ ਅਕਾਲ ਪੁਰਖ ਦਾ ਹੁਕਮ ਸੀ ਤੇ ਇਹ ਹੁਕਮ ਅਟੱਲ ਸੀ। ਸਤਿਗੁਰਾਂ ਨੇ ਆਪਾ ਵਾਰ ਕੇ ਹੀ ਦੇਸ਼ ਅੰਦਰ ਇਕ ਪਰਿਵਰਤਨ ਲਿਆਉਣਾ ਸੀ ਅਤੇ ਆਪਣੇ ਇਕਲੌਤੇ ਸਾਹਿਬਜ਼ਾਦੇ ਜੋ ਅਜੇ ਬਾਲਕ ਹੀ ਸਨ, ਪਰ ਆਪਣੇ ਹਿਰਦੇ ਅੰਦਰ ਇਕ ਜ਼ਬਰਦਸਤ ਜਵਾਲਾਮੁਖੀ ਲੁਕੋਈ ਬੈਠੇ ਸਨ, ਉਸ ਜਵਾਲਾਮੁਖੀ ਨੇ ਥੋੜ੍ਹੇ ਸਮੇਂ ਅੰਦਰ ਹੀ 'ਖਾਲਸੇ' ਦਾ ਰੂਪ ਧਾਰ ਕੇ ਦੇਸ਼ ਅੰਦਰ ਇਕ ਪਰਿਵਰਤਨ ਲਿਆ ਦੇਣਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਿਰਦੇ ਅੰਦਰ ਹਿੰਦੁਸਤਾਨ ਅੰਦਰ ਇਕ ਨਵਾਂ ਰੰਗ ਲਿਆਉਣ ਲਈ ਅਥਾਹ ਜੋਸ਼ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਕੁਰਬਾਨੀ ਅਤੇ ਬੇਮਿਸਾਲ ਸ਼ਹੀਦੀ ਦੀ ਖ਼ਬਰ ਬਿਜਲੀ ਦੀ ਤਰ੍ਹਾਂ ਸਾਰੇ ਦੇਸ਼ ਅੰਦਰ ਫੈਲ ਗਈ। ਸਤਿਗੁਰਾਂ ਨਾਲ ਦਿੱਲੀ ਗਏ ਸਿੱਖਾਂ ਦੀ ਸ਼ਹੀਦੀ ਦੀ ਖ਼ਬਰ ਵੀ ਪਹੁੰਚ ਚੁੱਕੀ ਸੀ। ਦੇਸ਼ ਦੇ ਨੌਜਵਾਨਾਂ ਅੰਦਰ ਕੁਰਬਾਨ ਹੋਣ ਦਾ ਜੋਸ਼ ਠਾਠਾਂ ਮਾਰਨ ਲੱਗ ਪਿਆ ਸੀ ਕਿ ਜੇ ਸਾਡਾ ਵੱਸ ਚੱਲੇ ਤਾਂ ਔਰੰਗਜ਼ੇਬ ਦੇ ਦਿੱਲੀ ਦਾ ਉਹ ਕਾਜ਼ੀ, ਜਿਸ ਦੇ ਹੁਕਮ ਨਾਲ ਇਹ ਭਾਣਾ ਵਰਤਿਆ ਹੈ, ਉਨ੍ਹਾਂ ਦੇ ਸਿਰ ਇਕਦਮ ਧੜ ਨਾਲੋਂ ਵੱਖ ਕਰ ਦਿੱਤੇ ਜਾਣ।

ਬੀਬੀ ਭਾਗੋ ਨੇ ਕਿਹਾ, "ਪਿਤਾ ਜੀ ! ਮੇਰਾ ਦਿਲ ਕਰਦਾ ਹੈ ਕਿ ਮੈਂ ਤਲਵਾਰ ਲੈ ਕੇ ਹੁਣੇ ਦਿੱਲੀ ਚਲੀ ਜਾਵਾਂ ਤੇ ਜਾ ਕੇ ਉਨ੍ਹਾਂ ਦੁਸ਼ਟਾਂ ਦਾ ਖ਼ਾਤਮਾ ਕਰ ਆਵਾਂ, ਜਿਨ੍ਹਾਂ ਨੇ ਮੇਰੇ ਸ਼ਹਿਨਸ਼ਾਹ ਗੁਰੂ ਤੇਗ ਬਹਾਦਰ ਜੀ ਨੂੰ ਇਸ ਤਰ੍ਹਾਂ ਸ਼ਹੀਦ ਕੀਤਾ।" ਮਾਈ ਭਾਗੋ ਹਿੰਮਤ ਅਤੇ ਦਲੇਰੀ ਦੀ ਧਾਰਨੀ ਸੀ। ਸਿੱਖ ਇਤਿਹਾਸ ਵਿਚ ਮਾਈ ਭਾਗੋ ਜੀ ਇਸ ਘਟਨਾ ਕਰਕੇ ਕਾਫੀ ਪ੍ਰਸਿੱਧ ਹਨ ਕਿ ਉਨ੍ਹਾਂ ਨੇ ਮਾਝੇ ਦੇ ਸਿੱਖਾਂ (ਜੋ ਬੇਦਾਵਾ ਲਿਖ ਕੇ ਗੁਰੂ ਜੀ ਨਾਲੋਂ ਬੇਮੁੱਖ ਹੋਏ ਸਨ) ਨੂੰ ਪ੍ਰੇਰਨਾ ਦੇ ਕੇ ਮੁੜ ਗੁਰੂ ਜੀ ਦੇ ਲੜ ਲਾਇਆ ਸੀ। ਉਨ੍ਹਾਂ ਸਿੱਖਾਂ ਨੇ ਖਿਦਰਾਣੇ ਦੀ ਢਾਬ 'ਤੇ ਪਹੁੰਚ ਕੇ ਭਾਰੀ ਜੰਗ ਕੀਤੀ ਤੇ ਗੁਰੂ ਜੀ ਨਾਲ ਟੁੱਟੀ ਗੰਢੀ ਸੀ।

ਮਾਈ ਭਾਗੋ ਜੀ ਖ਼ੁਦ ਵੀ ਇਸ ਯੁੱਧ ਵਿਚ ਜ਼ਖ਼ਮੀ ਹੋ ਗਏ ਸਨ। ਮਾਈ ਭਾਗੋ ਜੀ ਹਜ਼ੂਰ ਸਾਹਿਬ ਤਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਗਏ। ਬਾਅਦ ਵਿਚ ਵੀ ਉਹ ਉਸੇ ਇਲਾਕੇ ਵਿਚ ਵਿਚਰਦੇ ਰਹੇ, ਸਿੱਖੀ ਦਾ ਪ੍ਰਚਾਰ ਕੀਤਾ ਅਤੇ ਬਿਦਰ (ਕਰਨਾਟਕ) ਦੇ ਇਲਾਕੇ ਵਿਚ ਨਾਨਕ ਝੀਰਾ ਜੀ ਦੇ ਕੋਲ ਲਗਭਗ 10 ਕਿਲੋਮੀਟਰ ਦੇ ਜਨਵਾੜੇ ਵਿਚ ਆਪਣਾ ਸਰੀਰ ਤਿਆਗਿਆ। ਸਾਨੂੰ ਮਾਤਾ ਭਾਗ ਕੌਰ ਦੇ ਜੀਵਨ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ, ਜਿਨ੍ਹਾਂ ਧਰਮ, ਕੌਮ ਵਾਸਤੇ ਆਪਾ ਵਾਰਿਆ ਅਤੇ ਬੇਮੁੱਖ ਹੋਏ ਸਿੱਖਾਂ ਨੂੰ ਪ੍ਰੇਰਨਾ ਦੇ ਕੇ ਦਸਮੇਸ਼ ਪਿਤਾ ਪਾਸ ਵਾਪਿਸ ਲਿਆਂਦਾ।

## ਵਿਸ਼ਵ ਭਰ ਵਿਚੋਂ ਭਾਰਤ 'ਚ ਔਰਤਾਂ ਦੀ ਖੁਦਕੁਸ਼ੀ ਦਰ ਸਭ ਤੋਂ ਵੱਧ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ :**
ਵਿਸ਼ਵ ਭਰ ਵਿਚ ਔਰਤਾਂ ਵੱਲੋਂ ਕੀਤੀਆਂ ਜਾਂਦੀਆਂ ਖੁਦਕੁਸ਼ੀਆਂ ਦੇ ਮਾਮਲੇ ਵਿਚ ਭਾਰਤ ਦਾ ਪਹਿਲਾ ਸਥਾਨ ਹੈ। ਹਰ ਤਿੰਨ ਔਰਤਾਂ ਪਿਛੇ ਇਕ ਭਾਰਤੀ ਔਰਤ ਖੁਦਕੁਸ਼ੀ ਕਰਦੀ ਹੈ। ਇਹ ਖੁਲਾਸਾ ਲਾਂਸੈਟ ਪਬਲਿਕ ਹੈਲਥ ਦੁਆਰਾ ਪ੍ਰਕਾਸ਼ਿਤ ਨਵੇਂ ਅਧਿਐਨ ਵਿਚ ਕੀਤਾ ਗਿਆ ਹੈ ਜਿਸ ਦੀ ਸਮੀਖਿਆ 'ਸਾਇੰਟਿਫਿਕ ਅਮੈਰੀਕਨ' ਵੱਲੋਂ ਆਪਣੇ ਦਸੰਬਰ ਅੰਕ ਵਿਚ ਕੀਤੀ ਗਈ ਹੈ । ਲਾਂਸੈਟ ਪਬਲਿਕ ਹੈਲਥ ਦਾ ਅਧਿਐਨ ਭਾਰਤੀ ਮੂਲ ਦੇ ਕਲੀਨੀਕਲ ਪ੍ਰੋਫੈਸਰ ਰਾਖੀ ਡੌਡਨਾ ਦੁਆਰਾ ਕੀਤਾ ਗਿਆ ਹੈ। ਰਾਖੀ ਡੌਡਨਾ 'ਯੂਨੀਵਰਸਿਟੀ ਆਫ ਵਾਸ਼ਿੰਗਟਨ' ਵਿਖੇ ਵਿਸ਼ਵ ਸਿਹਤ ਵਿਭਾਗ ਵਿਚ ਕੰਮ ਕਰ ਰਹੇ ਹਨ। ਪ੍ਰਕਾਸ਼ਿਤ ਰਿਪੋਰਟ ਵਿਚ ਸੰਨ 1990 ਤੋਂ ਸੰਨ 2016 ਤਕ ਭਾਰਤ ਵਿਚ ਔਰਤਾਂ ਦੁਆਰਾ ਖੁਦਕੁਸ਼ੀ ਦਰ ਦੀ ਪੁਸ਼ਟੀ ਕਰਨ ਲਈ ਪ੍ਰੋ. ਡੌਡਨਾ ਤੇ ਉਸ ਦੇ ਸਾਥੀਆਂ ਵੱਲੋਂ ' ਗਲੋਬਲ ਬਰਡਨ ਆਫ ਡਸੀਜ਼ ਸਟੱਡੀ' ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਸਿੱਟਾ ਕੱਢਿਆ ਗਿਆ ਹੈ ਕਿ ਭਾਰਤ ਵਿਚ ਹਰ ਸਾਲ 2,30,000 ਔਰਤਾਂ ਵੱਲੋਂ ਖੁਦਕੁਸ਼ੀਆਂ ਕੀਤੀਆਂ ਜਾਂਦੀਆਂ ਹਨ। ਭਾਰਤ ਦੀ ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੀ ਤੁਲਨਾ ਵਿਚ ਇਹ ਦਰ ਬਹੁਤ ਜਿਆਦਾ ਹੈ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਅਨੁਸਾਰ ਸੰਨ 2015 ਵਿਚ 1,33,623 ਔਰਤਾਂ ਨੇ ਖੁਦਕੁਸ਼ੀ ਕੀਤੀ ਪਰੰਤੂ ਖੋਜੀਆਂ ਦਾ ਕਹਿਣਾ ਹੈ ਕਿ ਭਾਰਤ ਵਿਚ ਖੁਦਕੁਸ਼ੀ ਦੇ ਮਾਮਲਿਆਂ ਨੂੰ ਰਫਾ-ਦਫਾ ਕਰਨਾ ਆਮ ਵਰਤਾਰਾ ਹੈ। ਪ੍ਰੋ. ਡੌਡਨਾ ਅਨੁਸਾਰ ਭਾਰਤ ਵਿਚ ਔਰਤਾਂ ਦੁਆਰਾ ਖੁਦਕੁਸ਼ੀਆਂ ਦਾ ਕਾਰਨ ਔਰਤਾਂ ਦੀਆਂ ਖਾਹਿਸ਼ਾਂ ਤੇ ਸਮਾਜਿਕ ਕੱਟੜਤਾ ਵਿਚਾਲੇ ਟਕਰਾਅ ਹੈ। ਹਾਲਾਂਕਿ ਭਾਰਤ ਵਿਚ ਪਹਿਲਾਂ ਦੀ ਤੁਲਨਾ ਵਿਚ ਔਰਤਾਂ ਵਧੇਰੇ ਪੜ੍ਹ-ਲਿਖ ਗਈਆਂ ਹਨ ਤੇ ਤੈਅਸ਼ੁਦਾ ਵਿਆਹਾਂ ਦੀ ਦਰ ਘਟੀ ਹੈ ਪਰੰਤੂ ਅਜੇ ਵੀ ਔਰਤਾਂ ਨੂੰ ਸਮਾਜ ਵਿਚ ਨੀਵਾਂ ਰੁਤਬਾ ਹਾਸਲ ਹੈ। ਔਰਤਾਂ ਦੀ ਤਰੱਕੀ ਵਿਚ ਅੜਿੱਕੇ ਡਾਹੇ ਜਾਂਦੇ ਹਨ। ਪ੍ਰੋ. ਡੌਡਨਾ ਨੇ ਆਪਣੀ ਰਿਪੋਰਟ ਵਿਚ ਇਹ ਵੀ ਖੁਲਾਸਾ ਕੀਤਾ ਹੈ ਕਿ ਭਾਰਤ ਦੇ ਉਤਰੀ ਰਾਜਾਂ ਦੀ ਤੁਲਨਾ ਵਿਚ ਦੱਖਣੀ ਰਾਜਾਂ ਵਿਚ ਔਰਤਾਂ ਵਧ ਖੁਦਕੁਸ਼ੀਆਂ ਕਰਦੀਆਂ ਹਨ। ਦੱਖਣ ਵਿਚ ਔਰਤਾਂ ਸਮਾਜਿਕ ਤੌਰ 'ਤੇ ਚੇਤੰਨ ਹੋਈਆਂ ਹਨ ਤੇ ਉਹ ਅੱਗੇ ਵਧੀਆਂ ਹਨ ਜਦ ਕਿ ਉਤਰੀ ਖੇਤਰ ਉਹ ਵਧੇਰੇ ਰਵਾਇਤੀ ਤੇ ਦਿਹਾਤੀ ਹਨ। ਇਸ ਕਰਕੇ ਉਤਰ ਵਿਚ ਬਹੁਤ ਘੱਟ ਔਰਤਾਂ ਖੁਦਕੁਸ਼ੀ ਕਰਦੀਆਂ ਹਨ ।

## ਪੰਜਾਬ ਪੁਲਿਸ ਨੇ ਸੋਸ਼ਲ ਮੀਡੀਆ 'ਤੇ ਨਜ਼ਰ ਰੱਖਣ ਲਈ ਬਣਾਇਆ ਸੈੱਲ

### ਭੜਕਾਊ ਪੋਸਟਾਂ ਪਾਉਣ 'ਤੇ ਹੋਵੇਗੀ ਖਾਸ ਨਜ਼ਰ

**ਨਵਾਂਸ਼ਹਿਰ/ਬਿਊਰੋ ਨਿਊਜ਼ :**
ਪੰਜਾਬ ਪੁਲਿਸ ਵੱਲੋਂ ਸੋਸ਼ਲ ਮੀਡੀਆ ਉਪਰ ਨਜ਼ਰ ਰੱਖਣ ਲਈ ਇਕ ਵੱਖ ਤੋਂ ਸੈੱਲ ਦਾ ਗਠਨ ਕੀਤਾ ਗਿਆ ਹੈ। ਇਹ ਸੈੱਲ ਦੇਸ਼ ਅਤੇ ਸਮਾਜ ਵਿਰੁੱਧ ਭੜਕਾਉਣ ਵਾਲਿਆਂ 'ਤੇ ਨਜ਼ਰ ਰੱਖੇਗਾ। ਮਿਲੀ ਜਾਣਕਾਰੀ ਮੁਤਾਬਕ ਪੁਲਿਸ ਨੇ ਕਈ ਅਜਿਹੇ ਸੋਸ਼ਲ ਮੀਡੀਆ ਗਰੁੱਪਾਂ ਦੀ ਪਛਾਣ ਕੀਤੀ ਹੈ ਜੋ ਨੌਜਵਾਨਾਂ ਨੂੰ ਭੜਕਾਉਂਦੇ ਹਨ। ਪੁਲਿਸ ਹੁਣ ਇਨ੍ਹਾਂ 'ਤੇ ਨਜ਼ਰ ਵੀ ਰੱਖ ਰਹੀ ਹੈ। ਪੁਲਿਸ ਦਾ ਮਕਸਦ ਅਜਿਹੇ ਮੀਡੀਆ ਗਰੁੱਪਾਂ ਵਿਚ ਸਰਗਰਮ ਲੋਕਾਂ ਦੀ ਪਛਾਣ ਕਰਨਾ ਹੈ ਤਾਂ ਜੋ ਕੋਈ ਅਣਸੁਖਾਵੀਂ ਵਾਰਦਾਤ ਹੋਣ 'ਤੇ ਇਨ੍ਹਾਂ ਦਾ ਪੂਰਾ ਡਾਟਾ ਤਿਆਰ ਰਹੇ ਅਤੇ ਇਹਨਾਂ ਨੂੰ ਦਬੋਚਿਆ ਜਾ ਸਕੇ।
ਪੰਜਾਬ ਪੁਲਿਸ ਦਾ ਮੰਨਣਾ ਹੈ ਕਿ ਫੇਸਬੁੱਕ, ਟਵੀਟਰ ਵਰਗੇ ਸੋਸ਼ਲ ਮੀਡੀਆ ਪਲੇਟਫ਼ਾਰਮ ਦਾ ਇਸਤੇਮਾਲ ਕਰਕੇ ਦੂਜੇ ਦੇਸ਼ਾਂ 'ਚ ਬੈਠੇ ਦੇਸ਼ ਵਿਰੋਧੀ ਲੋਕ ਆਪਣੀ ਗਤੀਵਿਧਿਆਂ ਚਲਾ ਰਹੇ ਹਨ।



ਪਿਛਲੇ ਸਾਲ ਅਪਰੈਲ ਮਹੀਨੇ ਵਿਚ ਕਾਊਂਟਰ ਇੰਟੇਲੀਜੈਂਸ ਨੇ ਪਾਕਿਸਤਾਨ ਦੀ ਆਈਐਸਆਈ ਦੇ ਇਕ ਅਜਿਹੇ ਹੀ ਗਰੁੱਪ ਦਾ ਭਾਂਡਾ ਭੰਨਣ ਦਾ ਦਾਅਵਾ ਕੀਤਾ ਸੀ ਜੋ ਕਥਿਤ ਤੌਰ 'ਤੇ ਗੜਬੜੀ ਫੈਲਾਉਣ ਦੀ ਫਿਰਾਕ ਵਿਚ ਸਨ। ਆਈਐਸਆਈ ਲਈ ਕੰਮ ਕਰਨ ਵਾਲਿਆਂ ਨੇ ਸੋਸ਼ਲ ਮੀਡੀਆ ਰਾਹੀਂ ਨੌਜਵਾਨਾਂ ਨੂੰ ਜੋੜਿਆ ਅਤੇ ਇਸਤੇਮਾਲ ਕੀਤਾ।
ਪੁਲਿਸ ਸੂਤਰ ਦੱਸਦੇ ਹਨ ਕਿ ਦੇਸ਼ ਵਿਰੋਧੀ ਤਾਕਤਾਂ ਸੋਸ਼ਲ ਮੀਡੀਆ ਦੇ ਸਹਾਰੇ ਇਨ੍ਹਾਂ ਨੌਜਵਾਨਾਂ ਦੀ ਪਛਾਣ ਕਰ ਲੈਂਦੀਆਂ ਹਨ ਅਤੇ ਉਨ੍ਹਾਂ ਦਾ ਇਸਤੇਮਾਲ ਦੇਸ਼ ਅਤੇ ਸਮਾਜ ਖਿਲਾਫ ਕੀਤਾ ਜਾਂਦਾ ਹੈ। ਇਸ ਲਈ ਉਨ੍ਹਾਂ ਨੂੰ ਆਰਥਿਕ ਮਦਦ ਦਾ ਲਾਲਚ ਵੀ ਦਿੱਤਾ ਜਾਂਦਾ ਹੈ। ਬੰਗਾ ਇਲਾਕੇ ਦੇ ਪਿੰਡ ਖਾਨਖਾਨਾ ਦੇ 4 ਨੌਜਵਾਨਾਂ ਦੇ ਇਕ ਅਜਿਹੇ ਹੀ ਗਰੁੱਪ ਵਿਚ ਸ਼ਾਮਲ ਹੋਣ ਦੇ ਖੁਲਾਸੇ ਨਾਲ ਪੁਲਿਸ ਪ੍ਰਸ਼ਾਸਨ ਹਿੱਲ ਗਿਆ ਸੀ। ਪੁਲਿਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਸਮਾਰਟਫੋਨ ਦੀ ਪਹੁੰਚ ਹਰ ਨੌਜਵਾਨ ਤਕ ਹੋਣ ਅਤੇ ਸੋਸ਼ਲ ਮੀਡੀਆ 'ਤੇ ਸਰਗਰਮੀ ਨੇ ਦੇਸ਼ ਵਿਰੋਧੀ ਤਾਕਤਾਂ ਦੇ ਰਸਤੇ ਨੂੰ ਆਸਾਨ ਕਰ ਦਿੱਤਾ ਹੈ।

## ਟੋਟਲ ਐਂਟਰਟੇਨਮੈਂਟ ਵਲੋਂ 'ਪਰਦੇਸੀ ਲਾਈਵ-2019' ਦੀ ਸ਼ੁਰੂਆਤ ਸਟਾਕਟਨ ਤੋਂ ਹੋਵੇਗੀ

**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :**
ਸਾਫ ਸੁਥਰੀ ਗਾਇਕੀ ਨੂੰ ਪ੍ਰਣਾਏ ਹੋਏ ਟੋਟਲ ਐਂਟਰਟੇਨਮੈਂਟ ਦੇ ਅਵਤਾਰ ਲਾਖਾ ਵਲੋਂ ਅਮਰੀਕਾ, ਕਨੇਡਾ ਵਿਚ ਕਰਵਾਏ ਜਾਣ ਵਾਲੇ ਸ਼ੋਅ 'ਪਰਦੇਸੀ ਲਾਈਵ-2019' ਦੀ ਸ਼ੁਰੂਆਤ ਸਟਾਕਟਨ (ਕੈਲੀਫੋਰਨੀਆ) ਤੋਂ ਕੀਤੀ ਜਾ ਰਹੀ ਹੈ। ਇਹ ਸ਼ੋਅ 15 ਫਰਵਰੀ ਦਿਨ ਸ਼ੁੱਕਰਵਾਰ ਨੂੰ ਸਟਾਕਟਨ ਦੀ ਯੂਨੀਵਰਸਿਟੀ ਆਫ ਪੈਸੇਫਿਕ ਦੇ ਫੇਅ ਸਪੈਨੋਜ਼ ਥੀਏਟਰ ਵਿਚ ਕਰਵਾਇਆ ਜਾ ਰਿਹਾ ਹੈ। ਉੱਘੇ ਗਾਇਕ ਅਤੇ ਆਪਣੀ ਵਿਲੱਖਣ ਗੀਤਕਾਰੀ ਲਈ ਦੁਨੀਆ ਭਰ ਵਿਚ ਜਾਣੇ ਜਾਂਦੇ ਧਰਮਵੀਰ ਥਾਂਦੀ, ਬੁਲੰਦ ਆਵਾਜ਼ ਦੀ ਮਾਲਿਕ ਤੇ ਸੁਚੱਜੇ ਗੀਤਾਂ ਦੀ ਪਹਿਚਾਣ ਬਣ ਚੁੱਕੀ ਗਾਇਕਾ ਜੋਤ ਰਣਜੀਤ ਅਤੇ ਪਰਿਵਾਰਕ ਅਤੇ ਸੱਭਿਆਚਾਰਕ ਗੀਤ ਲਿਖਣ ਅਤੇ ਗਾਉਣ ਵਿਚ ਨਾਮਣਾ ਖੱਟ ਚੁੱਕਾ ਗਾਇਕ ਸੁਖਪਾਲ ਔਜਲਾ ਇਸ ਸ਼ੋਅ ਦੀ ਸ਼ਾਨ ਬਣਨਗੇ। ਸਟੇਜ ਸੰਚਾਲਨ ਜਸਵੰਤ ਸਿੰਘ ਸ਼ਾਦ ਕਰਨਗੇ ਅਤੇ ਹਾਸਰਸ ਕਲਾਕਾਰ ਵਿਜੇ ਸਿੰਘ ਆਪਣੀ ਕਮੇਡੀ ਦੇ ਰੰਗ ਵਿਖਾਉਣਗੇ।ਇਸ ਪ੍ਰੋਗਰਾਮ ਦੀ ਖਾਸੀਅਤ ਇਹ ਹੈ ਕਿ ਇਹ ਸਾਰੇ ਹੀ ਕਲਾਕਾਰ ਅਮਰੀਕਾ ਵੱਸਦੇ ਹਨ। ਬੀਤੇ ਦਿਨੀ ਸਟਾਕਟਨ ਵਿਚ ਹੋਈ ਇਕੱਤਰਤਾ ਵਿਚ ਪ੍ਰਬੰਧਕਾਂ, ਕਲਾਕਾਰਾਂ, ਸਪਾਂਸਰਾਂ ਤੇ ਗੀਤਕਾਰਾਂ ਦੀ ਮੌਜੂਦਗੀ ਵਿਚ ਇਸ ਸ਼ੋਅ ਨਾਲ ਸਬੰਧਤ ਪੋਸਟਰ ਜਾਰੀ ਕੀਤਾ ਗਿਆ। ਇਸ ਮੌਕੇ ਪ੍ਰੋਮੋਟਰ ਅਵਤਾਰ ਲਾਖਾ, ਜਸਵੰਤ ਸਿੰਘ ਸ਼ਾਦ, ਗਾਇਕ ਮਨਦੀਪ ਅਟਵਾਲ, ਸ਼ਾਇਰ ਕੁਲਵੰਤ ਸੇਖੋਂ, ਗਾਇਕ ਤੇ ਗੀਤਕਾਰ ਧਰਮਵੀਰ ਥਾਂਦੀ, ਗਾਇਕਾ ਜੋਤ ਰਣਜੀਤ, ਸ਼ਾਇਰ ਹਰਜੀਤ ਹਠੂਰ ਤੇ ਮਿਸਟਰ ਕੁਮਾਰ, ਸ਼ਾਇਰ ਹਰਜਿੰਦਰ ਪੰਧੇਰ, ਪ੍ਰੋਮੋਟਰ ਸਿਕੰਦਰ ਗਰੇਵਾਲ, ਬੇਟੀ ਮਾਹੀ, ਕੁਲਦੀਪ ਸਿੰਘ ਗਰੇਵਾਲ, ਸ. ਗਿੱਲ, ਗੁਲੂ ਬਰਾੜ ਅਤੇ ਵਿਜੇ ਵਿਜ ਹਾਜ਼ਰ ਸਨ।




WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)
Immediate Payment Option
West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

510 774 4191 (Kuljit Singh) 209 242 9569 (Dispatched)
209 564 8899 (Davinder Singh) 209 345 6968 (Ranthir Singh)

2101 MARTIN LUTHER KING JR WAY STOCKTON, CA 95205

# Sir Speedy Tustin
Printers to the Community

**Outdoor 3'x11' Promo Flag**
Only $29/-
Pole & Spike $55/-

**Outdoor 3'x6' Durable Banner**
All weather, durable to sunlight, rain and wear & tear. Text only.
Only $69/-

**Receipt Books**
Customized with your information and design. 2 part carbonless with numbering and perforation.
Call for Price

**Retractable 33"x 80" Banner**
Includes stand and carry bag. Hi-res imaging, durable and Brilliant colors!
Only $225/-

**All Weather 18"x24" Yard Signs**
Includes H-stakes. Single sided, durable to sunlight and rain. Reusable!
$49/- for 4

**11" Printed Balloons**
Printed with your logo and info. One color, one location. Min. qty 1000
19¢ each

**Your Printed T-Shirts**
White T-Shirts, 1 color screen printing in 1 position. Min Qty. 100
Only $4.99

**Your Printed Caps**
1 color in 1 position. Min Qty. 100
Only $4.99

**Trip Envelopes** Qty 1000
Only $199/-

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

South Asian Wedding Cards

CALL NOW

## ਭਾਰਤ ਦੀ ਮੋਦੀ ਹਕੂਮਤ ਦੇ ਪੌਣੇ ਪੰਜ ਵਰ੍ਹਿਆਂ ਦਾ ਲੇਖਾ-ਜੋਖਾ

ਅਗਵਾਈ ਵਿਚ ਗੱਠਜੋੜ ਸਰਕਾਰ ਹੋਂਦ ਵਿਚ ਆਈ। ਮੋਦੀ ਅਤੇ ਅਮਿਤ ਸ਼ਾਹ ਦੋਵਾਂ ਨੂੰ ਇਸ ਸ਼ਰਮਨਾਕ ਘਟਨਾਕ੍ਰਮ ਤੋਂ ਸਬਕ ਲੈਣਾ ਚਾਹੀਦਾ ਸੀ ਪਰ ਉਨ੍ਹਾਂ ਨੇ ਆਪਣੀ ਫਿਰਕੂ ਤੇ ਦੇਸ਼ ਨੂੰ ਤਬਾਹੀ ਵੱਲ ਲੈ ਕੇ ਜਾਣ ਵਾਲੀ ਰਾਜਨੀਤੀ ਜਾਰੀ ਰੱਖੀ ਜਿਸ ਦਾ ਨਤੀਜਾ ਰਾਜਸਥਾਨ ਤੇ ਮੱਧ ਪ੍ਰਦੇਸ਼ ਵਰਗੇ ਵੱਡੇ ਤੇ ਅਹਿਮ ਰਾਜ ਹੱਥੋਂ ਗੁਆਉਣ ਵਿਚ ਨਿਕਲਿਆ ਹੈ। ਸਾਫ ਹੈ ਕਿ ਭਾਜਪਾ ਵਿਰੋਧੀ ਇਹ ਸਿਆਸੀ ਪਲੇਟਫਾਰਮ ਬੁਨਿਆਦੀ ਤੌਰ 'ਤੇ ਮੋਦੀ ਸਰਕਾਰ ਦੀਆਂ ਦੇਸ਼ ਨੂੰ ਤਬਾਹ ਕਰਨ ਅਤੇ ਮੁੱਠੀ ਭਰ ਸਨਅਤਕਾਰਾਂ ਨੂੰ ਪਾਲਣ ਦੀਆਂ ਗਲਤ ਨੀਤੀਆਂ ਦੇ ਵਿਰੋਧ ਵਿਚ ਹੀ ਇਕੱਠਾ ਹੋਇਆ ਹੈ।
ਤੁਸੀਂ ਖੁਦ ਅਨੁਮਾਨ ਲਾਓ ਜਿਸ ਮੋਦੀ ਨੇ ਸੰਨ 2014 ਵਿੱਚ ਵਿਦੇਸ਼ਾਂ ਵਿੱਚੋਂ ਕਾਲਾ ਧਨ ਵਾਪਸ ਲਿਆ ਕੇ ਹਰ ਭਾਰਤੀ ਦੇ ਖਾਤੇ ਵਿੱਚ 15-15 ਲੱਖ ਰੁਪਿਆ ਜਮ੍ਹਾਂ ਕਰਾਉਣ ਦੀ ਫੜ੍ਹ ਮਾਰੀ ਸੀ, ਅੱਜ ਉਹ ਪੈਸਾ ਕਿਥੇ ਹੈ ? ਜਿਸ ਮੋਦੀ ਨੇ ਮੇਕ ਇਨ ਇੰਡੀਆ ਵਰਗੀ ਯੋਜਨਾ ਜ਼ਾਹਿਰ ਕੀਤੀ ਸੀ ਕੀ ਉਹ ਅੱਜ ਤਕ ਕਿਸੇ ਪੱਧਰ 'ਤੇ ਵੀ ਲਾਗੂ ਹੋ ਸਕੀ ਹੈ ? ਦੇਸ਼ ਦੀ ਹਰ ਛੋਟੀ ਵੱਡੀ ਮਾਰਕੀਟ ਵਿਚ ਚੀਨ ਦਾ ਸਮਾਨ ਛਾਇਆ ਪਿਆ ਹੈ। ਉਸ ਦਾ ਮੁਕਾਬਲਾ ਜੇ ਦੇਸ਼ ਵਿੱਚ ਮੇਕ ਇਨ ਇੰਡੀਆ ਯਾਨੀ ਭਾਰਤ ਵਿੱਚ ਬਣੀਆਂ ਵਸਤਾਂ ਨਹੀਂ ਕਰ ਰਹੀਆਂ ਤਾਂ ਕਸੂਰ ਕਿਸ ਦਾ ਹੈ ? ਕੀ ਮੇਕ ਇਨ ਇੰਡੀਆ ਦਾ ਅੰਸ਼ ਮਾਤਰ ਵੀ ਲਾਗੂ ਕੀਤਾ ਗਿਆ ਹੈ ? ਮੋਦੀ ਨੇ ਦੇਸ਼ ਨੂੰ ਖੁਸ਼ਹਾਲ ਬਣਾਉਣ, ਹਰ ਹੱਥ ਨੂੰ ਕੰਮ, ਹਰ ਪਰਿਵਾਰ ਨੂੰ ਸਿਰ 'ਤੇ ਛੱਤ, ਸਾਫ਼ ਸੁਥਰਾ ਪੀਣ ਵਾਲਾ ਪਾਣੀ, ਬਿਜਲੀ ਅਤੇ ਹੋਰ ਸ਼ਹਿਰੀ ਸਹੂਲਤਾਂ ਦੇਣ ਦਾ ਹਿੱਕ ਠੋਕ ਕੇ ਦਾਅਵਾ ਕੀਤਾ ਸੀ, ਕੀ ਉਹ ਸਭ ਦਿੱਤੀਆਂ ਜਾ ਰਹੀਆਂ ਹਨ ? ਇਨ੍ਹਾਂ ਸਾਰੇ ਸਵਾਲਾਂ ਦਾ ਜਵਾਬ ਨਹੀਂ ਵਿਚ ਹੈ। ਅੱਜ ਸ਼ਹਿਰ ਦੇ ਸ਼ਹਿਰ ਤੇ ਪਿੰਡ ਦੇ ਪਿੰਡ ਪੀਣ ਵਾਲੇ ਪਾਣੀ ਦੇ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੇ ਹਨ। ਮੋਦੀ ਨੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਦੇ ਮੁੱਲ ਪਹਿਲਾਂ ਨਾਲੋਂ ਡੇਢ ਗੁਣਾਂ ਵੱਧ ਦੇਣ ਦਾ ਦਾਅਵਾ ਕੀਤਾ ਅਤੇ ਇਹ ਵੀ ਕਿਹਾ ਕਿ ਸੰਨ 2022 ਤੱਕ ਕਿਸਾਨ ਖੁਸ਼ਹਾਲ ਹੋ ਜਾਵੇਗਾ। ਅੱਜ ਦੇਸ਼ ਦਾ ਕਿਸਾਨ ਜਿਵੇਂ ਖੁਦਕੁਸ਼ੀਆਂ ਦੇ ਰਾਹ ਤੁਰਿਆ ਹੋਇਆ ਹੈ ਅਤੇ ਦਿੱਲੀ ਵਿਚ ਸੜਦੀ ਬਲਦੀ ਧੁੱਪੇ ਤੇ ਕਹਿਰ ਦੀ ਠੰਡ ਵਿਚ ਰੋਸ ਧਰਨੇ ਮਾਰ ਰਿਹਾ ਹੈ, ਉਸ 'ਤੇ ਕੀ ਟਿੱਪਣੀ ਕਰੀਏ ? ਅੱਜ ਡੀਜ਼ਲ ਅਤੇ ਪੈਟਰੋਲ ਦੇ ਭਾਅ ਇਥੇ ਪੂਰੇ ਵਿਸ਼ਵ ਨਾਲੋਂ ਵੱਧ ਹਨ। ਇਸ ਬਾਰੇ ਕੋਈ ਕੀ ਕਹੇ ? ਅੱਜ ਬੁਲੇਟ ਟ੍ਰੇਨ ਚਲਾਉਣ ਦੀ ਤਾਂ ਗੱਲ ਹੋ ਰਹੀ ਹੈ ਪਰ ਅੱਧੀ ਤੋਂ ਵੱਧ ਵੱਸੋਂ ਲਈ ਆਮ ਰੇਲ ਗੱਡੀ ਦੀ ਵੀ ਸਹੂਲਤ ਨਹੀਂ, ਬੁਲੇਟ ਟ੍ਰੇਨ ਕਿਨ੍ਹਾਂ ਲੋਕਾਂ ਲਈ ਹੈ ? ਪਿਛਲੇ ਵਰ੍ਹਿਆਂ ਵਿਚ ਇਸ ਮੁਲਕ ਦੀਆਂ ਧੀਆਂ-ਭੈਣਾਂ ਜਿਵੇਂ ਹਰ ਥਾਂ ਅਸੁਰੱਖਿਅਤ ਮਹਿਸੂਸ ਕਰ ਰਹੀਆਂ ਹਨ ਅਤੇ ਉਨ੍ਹਾਂ ਦੇ ਯੌਨ ਸ਼ੋਸ਼ਣ ਦੀਆਂ ਘਟਨਾਵਾਂ ਵਧ ਰਹੀਆਂ ਹਨ, ਇਥੇ ਮੋਦੀ ਦਾ ਕਾਨੂੰਨ ਕਿਥੇ ਹੈ ? ਜਿਸ ਮੁਲਕ ਵਿਚ ਆਮ ਲੋਕਾਂ ਨੂੰ ਦੁੱਧ, ਚਾਹ, ਅਨਾਜ, ਸਬਜੀਆਂ, ਫਲ ਅਤੇ ਦਵਾਈਆਂ ਤੁਰੰਤ ਅਤੇ ਵਾਜਬ ਦਰਾਂ 'ਤੇ ਉਪਲੱਬਧ ਨਹੀਂ, ਉਸ ਮੁਲਕ ਨੂੰ ਕੀ ਕਲਿਆਣਕਾਰੀ ਰਾਜ ਕਹੀਏ ? ਮੋਦੀ ਭਾਵੇਂ ਜੋ ਮਰਜ਼ੀ ਦਾਅਵੇ ਕਰਨ ਪਰ ਬਹੁਤੀ ਵੱਸੋਂ ਮਹਿਸੂਸ ਇਹ ਕਰ ਰਹੀ ਹੈ ਕਿ ਜਿਸ ਤਰ੍ਹਾਂ ਇਸ ਸਰਕਾਰ ਨੇ ਉਪਰਲੇ ਕੁਝ ਫੀਸਦੀ ਨੂੰ ਛੱਡ ਕੇ ਬਾਕੀ ਸਭ ਦਾ ਗਲ ਘੁੱਟਿਆ ਹੈ, ਇਸ ਤਰ੍ਹਾਂ ਦੀ ਸਰਕਾਰ ਪਹਿਲਾਂ ਕਦੀ ਨਹੀਂ ਆਈ। ਅੱਜ ਦੇ ਸਮੇਂ ਦੀ ਇਹੋ ਹੀ ਇਕੋ-ਇਕ ਲੋਕ ਰਾਏ ਹੈ।

## ਗਲਤ ਬਿਆਨੀ ਤੇ ਫਰੇਬ ਕਰਨ ਦਾ ਮਾਹਿਰ ਹੈ ਮੋਦੀ : ਕੈਪਟਨ

ਪੰਜ ਸਾਲ ਦੀਆਂ ਨਾਕਾਮੀਆਂ ਨੂੰ ਲੁਕਾਉਣ ਲਈ ਯੱਭਲੀਆਂ ਮਾਰ ਰਹੇ ਹਨ। ਸੰਨ 1984 ਦੇ ਸਿੱਖ ਕਤਲੇਆਮ ਸਬੰਧੀ ਮੋਦੀ ਨੂੰ ਆੜੇ ਹੱਥੀਂ ਲੈਂਦਿਆਂ ਮੁੱਖ ਮੰਤਰੀ ਨੇ ਤਿਲਕ ਮਾਰਗ ਪੁਲਸ ਸਟੇਸ਼ਨ ਵਿਚ ਦਰਜ ਐਫਆਈਆਰ ਵਿਚ ਬੀਜੇਪੀ/ਆਰਐਸਐਸ ਵਰਕਰਾਂ ਦੇ ਮਾਮਲੇ ਉੱਤੇ ਸਾਜ਼ਿਸ਼ੀ ਚੁੱਪ ਵਰਤਣ ਲਈ ਪ੍ਰਧਾਨ ਮੰਤਰੀ ਉੱਤੇ ਸਵਾਲ ਕੀਤਾ, ਜਿੱਥੇ ਕਿ ਸਿੱਖਾਂ ਵਿਰੁੱਧ ਭਿਆਨਕ ਹਿੰਸਾ ਹੋਈ ਸੀ। ਉਨ੍ਹਾਂ ਕਿਹਾ ਕਿ ਭਾਵੇਂ ਗਾਂਧੀ ਪਰਿਵਾਰ ਵਿਰੁੱਧ ਕਿਸੇ ਨੇ ਵੀ ਕੋਈ ਦੋਸ਼ ਨਹੀਂ ਲਾਇਆ ਪਰ ਫਿਰ ਵੀ ਉਹ ਇਸ ਮਾਮਲੇ ਵਿਚ ਗਾਂਧੀ ਪਰਿਵਾਰ ਦਾ ਨਾਂਅ ਘਸੀਟਣ ਦੀ ਕੋਸ਼ਿਸ਼ ਕਰ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਮੋਦੀ ਨੂੰ ਸਵਾਲ ਕਰਦੇ ਹੋਏ ਪੁੱਛਿਆ, ਕਿ ਸੰਨ 2002 ਦੇ ਗੁਜਰਾਤ ਦੰਗਿਆਂ ਬਾਰੇ ਤੁਹਾਡਾ ਕੀ ਖਿਆਲ ਹੈ, ਜੋ ਐਨ ਤੁਹਾਡੇ ਨੱਕ ਦੇ ਹੇਠ ਵਾਪਰੇ ਸਨ ਅਤੇ ਜਿਨ੍ਹਾਂ ਵਿਚ ਤੁਹਾਡੀ ਆਪਣੀ ਪਾਰਟੀ ਦੇ ਮੈਂਬਰਾਂ ਦਾ ਨਾਂਅ ਆਇਆ ਹੈ ਅਤੇ ਉਨ੍ਹਾਂ 'ਤੇ ਪੂਰੀ ਤਰ੍ਹਾਂ ਦੋਸ਼ ਲੱਗੇ ਹਨ। ਉਨ੍ਹਾਂ ਸਵਾਲ ਕਰਦੇ ਹੋਏ ਪੁੱਛਿਆ ਕਿ ਪ੍ਰਧਾਨ ਮੰਤਰੀ ਇਸ ਮੁੱਦੇ 'ਤੇ ਲਗਾਤਾਰ ਕਿਉਂ ਚੁੱਪ ਹਨ। ਕਰਤਾਰਪੁਰ ਲਾਂਘੇ ਲਈ ਆਪਣੇ ਸਿਰ ਸਿਹਰਾ ਬੰਨ੍ਹਣ ਦੀਆਂ ਕੋਸ਼ਿਸ਼ਾਂ ਕਰਨ ਲਈ ਪ੍ਰਧਾਨ ਮੰਤਰੀ ਦੀ ਤਿੱਖੀ ਆਲੋਚਨਾ ਕਰਦੇ ਹੋਏ ਕੈਪਟਨ ਅਮਰਿੰਦਰ ਨੇ ਕਿਹਾ ਕਿ ਇਸ ਵਾਸਤੇ ਕਾਂਗਰਸ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸਮੇਂ ਤੋਂ ਹੀ ਸਰਗਰਮੀ ਨਾਲ ਕੋਸ਼ਿਸ਼ਾਂ ਕਰਦੀ ਆ ਰਹੀ ਹੈ ਅਤੇ ਬਾਅਦ 'ਚ ਡਾ. ਮਨਮੋਹਨ ਸਿੰਘ ਨੇ ਵੀ ਇਹ ਕੋਸ਼ਿਸ਼ਾਂ ਕੀਤੀਆਂ। ਉਹ ਖੁਦ ਕਈ ਸਾਲਾਂ ਤੋਂ ਪਾਕਿਸਤਾਨ ਨਾਲ ਇਹ ਮੁੱਦਾ ਉਠਾਉਂਦੇ ਆ ਰਹੇ ਹਨ। ਉਨ੍ਹਾਂ ਮੋਦੀ ਨੂੰ ਪੁੱਛਿਆ ਕਿ ਉਹ ਇਹ ਦੱਸਣ ਕਿ ਉਨ੍ਹਾਂ ਇਸ ਪ੍ਰਾਜੈਕਟ ਵਾਸਤੇ ਕੀ ਕੀਤਾ। ਇਸ ਸਬੰਧ ਵਿਚ ਮੋਦੀ ਦੀ ਆਲੋਚਨਾ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ, ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਦੇ ਸਬੰਧ ਵਿਚ ਸਾਡੇ ਵੱਲੋਂ ਵਾਰ-ਵਾਰ ਕੀਤੀਆਂ ਗਈਆਂ ਅਪੀਲਾਂ ਅਤੇ ਬੇਨਤੀਆਂ ਦੇ ਬਾਵਜੂਦ ਤੁਸੀਂ ਇਸ ਵਾਸਤੇ ਇਕ ਵੀ ਪੈਸਾ ਨਹੀਂ ਦਿੱਤਾ ਅਤੇ ਤੁਸੀਂ ਅਜੇ ਵੀ ਆਪਣੇ ਆਪ ਨੂੰ ਸਿੱਖਾਂ ਅਤੇ ਉਨ੍ਹਾਂ ਦੇ ਧਰਮ ਦੇ ਰਖਵਾਲੇ ਹੋਣ ਦਾ ਦਾਅਵਾ ਕਰਦੇ ਹੋ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਅਤੇ ਬੰਗਾਲ ਦੇ ਬਟਵਾਰੇ ਲਈ ਰੈੱਡ ਕਲਿਫ ਲਾਈਨ ਬਰਤਾਨੀਆ ਵੱਲੋਂ ਖਿੱਚੀ ਗਈ ਸੀ, ਜਿਸ ਨੂੰ ਹਰ ਕੋਈ ਜਾਣਦਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਵਿਚ ਕਾਂਗਰਸ ਸਰਕਾਰ ਨੇ ਆਪਣੇ 21 ਮਹੀਨਿਆਂ ਦੇ ਕਾਰਜਕਾਲ ਦੌਰਾਨ ਕੇਂਦਰ ਦੀ ਮੋਦੀ ਸਰਕਾਰ ਦੇ ਪੰਜ ਸਾਲਾਂ ਦੇ ਸਮੇਂ ਤੋਂ ਕਿਤੇ ਜ਼ਿਆਦਾ ਵਾਅਦੇ ਪੂਰੇ ਕੀਤੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਆਪਣੇ ਬਹੁਤ ਸਾਰੇ ਚੋਣ ਵਾਅਦੇ ਪੂਰੇ ਕਰ ਦਿੱਤੇ ਹਨ, ਜਿਨ੍ਹਾਂ ਵਿਚ ਨੌਜਵਾਨਾਂ ਨੂੰ ਨੌਕਰੀਆਂ ਦੇਣਾ, ਨਸ਼ਿਆਂ ਦਾ ਖਾਤਮਾ, ਉਦਯੋਗਿਕ ਵਿਕਾਸ ਅਤੇ ਕਿਸਾਨੀ ਕਰਜ਼ਾ ਮੁਆਫ ਕਰਨਾ ਸ਼ਾਮਲ ਹੈ। ਇਨ੍ਹਾਂ ਵਾਅਦਿਆਂ ਨੂੰ ਦੋ ਸਾਲ ਤੋਂ ਵੀ ਘੱਟ ਸਮੇਂ ਵਿਚ ਪੂਰਾ ਕੀਤਾ ਗਿਆ ਹੈ, ਜਦਕਿ ਇਸ ਦੇ ਉਲਟ ਮੋਦੀ ਸਰਕਾਰ ਨੇ ਇੱਕ ਵੀ ਵਾਅਦਾ ਪੂਰਾ ਨਹੀਂ ਕੀਤਾ।

## ਅੰਬਾਨੀਆਂ ਦੇ 'ਜੀਓ' ਜਾਲ ਵਿਚ ਉਲਝਿਆ ਪੰਜਾਬ

ਖ਼ਰਚੇ ਦੇ ਹਿਸਾਬ ਨਾਲ ਕੱਢਿਆ ਗਿਆ ਹੈ। ਪੰਜਾਬ ਦੀ ਅੰਦਾਜ਼ਨ ਅਬਾਦੀ 2.99 ਕਰੋੜ ਹੈ ਅਤੇ ਪੰਜਾਬ ਦੇ ਹਰ ਦੂਜੇ ਵਿਅਕਤੀ ਕੋਲ 4-ਜੀ ਸੇਵਾ ਵਾਲਾ ਕੁਨੈਕਸ਼ਨ ਹੈ। ਬੀਐੱਸਐੱਨਐੱਲ ਵੱਲੋਂ ਅਜੇ ਹਾਲੇ ਤੱਕ 4-ਜੀ ਸੇਵਾ ਨਹੀਂ ਦਿੱਤੀ ਜਾ ਰਹੀ ਹੈ। ਪੰਜਾਬ 'ਚ ਇਸ ਵੇਲੇ 3.92 ਮੋਬਾਈਲ ਕੁਨੈਕਸ਼ਨ ਹਨ ਜੋ ਸੂਬੇ ਦੀ ਆਬਾਦੀ ਨਾਲੋਂ ਕਰੀਬ 92 ਲੱਖ ਜ਼ਿਆਦਾ ਹਨ। ਪੰਜਾਬ ਭਾਵੇਂ ਸੰਕਟਾਂ 'ਚ ਘਿਰਿਆ ਹੋਇਆ ਹੈ ਪਰ ਮੋਬਾਈਲ ਕੁਨੈਕਸ਼ਨ ਲੈਣ ਲਈ ਪੰਜਾਬੀ ਪਿੱਛੇ ਨਹੀਂ ਰਹੇ। ਕਰੀਬ ਢਾਈ ਵਰ੍ਹੇ ਪਹਿਲਾਂ ਪੰਜਾਬੀਆਂ ਕੋਲ 3.17 ਕਰੋੜ ਮੋਬਾਈਲ ਕੁਨੈਕਸ਼ਨ ਸਨ ਜਿਨ੍ਹਾਂ ਵਿਚ ਢਾਈ ਸਾਲ ਦੌਰਾਨ 75 ਲੱਖ ਦਾ ਵਾਧਾ ਹੋਇਆ ਹੈ। ਪੰਜਾਬ ਵਿੱਚ ਕਰੀਬ 55 ਲੱਖ ਘਰ ਹਨ ਤੇ ਹਰ ਘਰ ਵਿਚ ਔਸਤਨ 7 ਮੋਬਾਈਲ ਕੁਨੈਕਸ਼ਨ ਹਨ। ਜੀਓ ਕੁਨੈਕਸ਼ਨਾਂ ਦੀ ਗੱਲ ਕਰੀਏ ਤਾਂ ਪੰਜਾਬ ਦੇ ਹਰ ਘਰ 'ਚ ਔਸਤਨ ਤਿੰਨ ਜੀਓ ਕੁਨੈਕਸ਼ਨ ਹਨ। ਪੰਜਾਬ ਭਰ ਵਿਚ ਕਰੀਬ 18,500 ਮੋਬਾਈਲ ਟਾਵਰ ਲੱਗੇ ਹਨ। ਪੂਰੇ ਮੁਲਕ 'ਚ ਸਭ ਤੋਂ ਵੱਧ ਮੋਬਾਈਲ ਗਾਹਕ ਏਅਰਟੈੱਲ ਦੇ ਹਨ ਜਿਨ੍ਹਾਂ ਦੇ 341.66 ਮਿਲੀਅਨ ਕੁਨੈਕਸ਼ਨ ਚੱਲ ਰਹੇ ਹਨ। ਦੂਜੇ ਨੰਬਰ 'ਤੇ ਰਿਲਾਇੰਸ ਜੀਓ ਹੈ ਜਿਸ ਨੇ ਡੇਢ ਵਰ੍ਹੇ ਵਿਚ ਹੀ ਪੂਰੇ ਦੇਸ਼ ਵਿੱਚ 262.75 ਮਿਲੀਅਨ ਕੁਨੈਕਸ਼ਨ ਵੇਚ ਦਿੱਤੇ ਹਨ। ਤੀਸਰੇ ਨੰਬਰ 'ਤੇ ਵੋਡਾਫੋਨ ਤੇ ਚੌਥੇ ਨੰਬਰ 'ਤੇ ਆਈਡੀਆ ਕੰਪਨੀ ਹੈ। ਬੀਐੱਸਐੱਨਐੱਲ ਮੁਲਕ ਵਿਚ ਇਸ ਪੱਖੋਂ ਪੰਜਵੇਂ ਨੰਬਰ 'ਤੇ ਹੈ।
ਮੋਟੇ ਅੰਦਾਜ਼ੇ ਅਨੁਸਾਰ ਪੰਜਾਬੀ ਸਾਲਾਨਾ 3720 ਕਰੋੜ ਰੁਪਏ ਦਾ ਖਰਚਾ ਸਿਰਫ਼ 4-ਜੀ ਸੇਵਾ ਲਈ ਕਰਦੇ ਹਨ। ਮਤਲਬ ਕਿ ਪੰਜਾਬੀ ਰੋਜ਼ਾਨਾ ਔਸਤਨ 10.19 ਕਰੋੜ ਰੁਪਏ 4-ਜੀ ਸੇਵਾ 'ਤੇ ਖਰਚ ਰਹੇ ਹਨ।
ਕੇਂਦਰੀ ਸੰਚਾਰ ਮੰਤਰਾਲੇ ਤੋਂ ਪ੍ਰਾਪਤ ਵੇਰਵਿਆ ਅਨੁਸਾਰ ਪੰਜਾਬ ਵਿਚ 31 ਮਾਰਚ 2017 ਨੂੰ 4-ਜੀ ਸੇਵਾ ਲੈਣ ਵਾਲੇ ਗਾਹਕਾਂ ਦੀ ਗਿਣਤੀ 58.24 ਲੱਖ ਸੀ ਜੋ ਇਕ ਵਰ੍ਹੇ ਮਗਰੋਂ ਵਧ ਕੇ 1.21 ਕਰੋੜ ਹੋ ਗਈ ਹੈ। ਇਹੋ ਗਾਹਕਾਂ ਦਾ ਅੰਕੜਾ ਹੁਣ ਡੇਢ ਵਰ੍ਹੇ ਮਗਰੋਂ 1.55 ਕਰੋੜ ਹੈ। ਮਾਹਿਰ ਦੱਸਦੇ ਹਨ ਕਿ 4-ਜੀ ਸੇਵਾ 'ਚ 90 ਫ਼ੀਸਦੀ ਹਿੱਸੇਦਾਰੀ ਰਿਲਾਇੰਸ ਜੀਓ ਦੀ ਹੈ ਅਤੇ ਇਸ ਹਿਸਾਬ ਨਾਲ ਰਿਲਾਇੰਸ ਜੀਓ ਹੁਣ ਤਕ ਪੰਜਾਬ ਵਿਚ 1.30 ਕਰੋੜ ਕੁਨੈਕਸ਼ਨ ਵੇਚ ਚੁੱਕਾ ਹੈ ਅਤੇ ਸਾਲਾਨਾ 3120 ਕਰੋੜ ਰੁਪਏ ਦੀ ਕਮਾਈ ਇਕੱਲੇ ਪੰਜਾਬ 'ਚੋਂ ਕਰ ਰਿਹਾ ਹੈ।
ਪੰਜਾਬ ਦੀ ਖਾਸ ਕਰਕੇ ਜਵਾਨੀ 'ਜੀਓ' ਨੇ ਕਮਲੀ ਕਰ ਦਿੱਤੀ ਹੈ। ਪੰਜਾਬ ਦੇ ਸਕੂਲੀ ਵਿਦਿਆਰਥੀਆਂ ਕੋਲ ਵੀ ਜੀਓ ਕੁਨੈਕਸ਼ਨ ਹਨ। ਸਾਹਿਤਕਾਰ ਅਤੇ ਵਿੱਦਿਅਕ ਮਾਹਿਰ ਪ੍ਰਿੰਸੀਪਲ ਡਾ. ਜੇ.ਐੱਸ. ਆਨੰਦ ਆਖਦੇ ਹਨ ਕਿ ਜੀਓ ਕੁਨੈਕਸ਼ਨਾਂ ਮਗਰੋਂ ਵਿੱਦਿਅਕ ਨਤੀਜੇ ਵੀ ਪ੍ਰਭਾਵਿਤ ਹੋਏ ਹਨ। ਸਕੂਲੀ ਨਤੀਜਿਆਂ 'ਤੇ ਪਿਆ ਅਸਰ ਸਾਫ਼ ਦੇਖਿਆ ਜਾ ਸਕਦਾ ਹੈ। ਬਹੁਤੇ ਤਾਂ ਹੁਣ 4-ਜੀ ਸੇਵਾ ਦੇ ਆਦੀ ਹੋ ਗਏ ਹਨ। ਪੰਜਾਬ ਦੇ ਸਿਰਫ਼ ਦੋ ਦਰਜਨ ਪਿੰਡ ਹੀ ਅਜਿਹੇ ਬੱਚੇ ਹਨ ਜਿਨ੍ਹਾਂ ਕੋਲ ਮੋਬਾਈਲ ਦੀ ਸਹੂਲਤ ਨਹੀਂ ਹੈ।

## ਸ. ਫੂਲਕਾ ਨੂੰ ਸੰਨ 2014 ਵਿਚ ਲੋਕ ਸਭਾ ਚੋਣ ਹਰਾਉਣ ਵਾਲੇ ਕੀ ਪੰਥ ਤੇ ਪੰਜਾਬ ਹਿੱਤੂ ਨੇ ?

ਕਿਉਂਕਿ ਉਸ ਕੋਲੋਂ ਉਨ੍ਹਾਂ ਨੂੰ ਇਹ ਡਰ ਸੀ ਕਿ ਉਹ ਸਿੱਖਾਂ ਤੇ ਪੰਜਾਬ ਦਾ ਲੀਡਰ ਬਣ ਸਕਦਾ ਹੈ ਤੇ ਬਾਦਲਾਂ ਦੀ ਸਿਆਸਤ ਖਤਮ ਹੋ ਸਕਦੀ ਹੈ। ਉਹ ਕਿਸੇ ਵੇਲੇ ਨਾ ਝੁਕਣ ਜਾਂ ਨਾ ਵਿਕਣ ਵਾਲੇ ਬੰਦੇ ਨੂੰ ਨਹੀਂ ਜਰ ਸਕਦੇ। ਆਪਣੇ ਸਿਆਸੀ ਭਵਿੱਖ ਲਈ ਅਜਿਹੇ ਸਖਸ਼ ਦਾ ਰਾਹ ਰੋਕਣਾ ਉਨ੍ਹਾਂ ਲਈ ਓਨਾ ਹੀ ਜ਼ਰੂਰੀ ਸੀ ਜਿੰਨਾ ਬਠਿੰਡੇ ਤੋਂ ਹਰਸਿਮਰਤ ਬਾਦਲ ਦਾ ਜਿੱਤਣਾ । ਬਠਿੰਡੇ ਤੋਂ ਹਰਸਿਮਰਤ ਨੂੰ ਸਭ ਤੋਂ ਜ਼ਿਆਦਾ ਲੀਡ ਸਰਦੂਲਗੜ੍ਹ ਹਲਕੇ ਤੋਂ ਮਿਲੀ ਜਿਥੋਂ ਕਾਂਗਰਸ ਦਾ ਵਿਧਾਇਕ ਅਜੀਤ ਇੰਦਰ ਸਿੰਘ ਮੋਫ਼ਰ ਅੱਠ ਹਜ਼ਾਰ ਤੋਂ ਵੱਧ ਵੋਟਾਂ ਨਾਲ ਸੰਨ 2012 ਵਿਚ ਜਿੱਤਿਆ ਸੀ। ਮੋਫ਼ਰ ਨਾਲ ਕਾਂਗਰਸ ਦੇ ਉਮੀਦਵਾਰ ਰਵਨੀਤ ਬਿੱਟੂ ਦੀ ਨੇੜਲੀ ਰਿਸ਼ਤੇਦਾਰੀ ਹੈ ਤੇ ਇਧਰ ਲੁਧਿਆਣੇ ਵਿਚ ਬਿੱਟੂ ਜਿੱਤਿਆ। ਕੀ ਇਹ ਸਿਰਫ ਸੰਜੋਗ ਹੀ ਸੀ ?
ਬਾਦਲਾਂ ਨੇ ਤਾਂ ਜਿਹੜਾ ਰੋਲ ਅਦਾ ਕਰਨਾ ਸੀ ਉਹ ਕੀਤਾ ਪਰ ਸਭ ਤੋਂ ਵੱਡਾ ਰੋਲ ਬੈਂਸ ਭਰਾਵਾਂ ਨੇ ਅਦਾ ਕੀਤਾ। ਸੰਨ 2007 ਤੋਂ ਅਕਾਲੀ ਦਲ ਦੀ ਰਾਜਸੱਤਾ ਦਾ ਹਿੱਸਾ ਬਣ ਕੇ ਆਪਣੀ ਸਿਆਸਤ ਕਰਨ ਵਾਲੇ ਬੈਂਸ ਭਰਾਵਾਂ ਲਈ ਲੁਧਿਆਣੇ ਤੋਂ ਲੋਕ ਸਭਾ ਚੋਣ ਲੜਨੀ ਪੰਥ ਜਾਂ ਪੰਜਾਬ ਦੇ ਕਿਹੜੇ ਹਿੱਤਾਂ ਲਈ ਜ਼ਰੂਰੀ ਸੀ, ਸਿਵਾਏ ਆਪਣੇ ਨਿੱਜੀ ਸਿਆਸੀ ਹਿੱਤਾਂ ਦੇ। ਜਦਕਿ ਦੋਵੇਂ ਬੈਂਸ ਭਰਾ ਪਹਿਲਾਂ ਹੀ ਵਿਧਾਇਕ ਸਨ ਤੇ ਉਨ੍ਹਾਂ ਦੀ ਨਿੱਜੀ ਸਿਆਸਤ ਲਈ ਵੀ ਇਹ ਚੋਣ ਲੜਨੀ ਏਨੀ ਜ਼ਰੂਰੀ ਨਹੀਂ ਸੀ। ਉਹ ਵੀ ਉਦੋਂ ਜਦੋਂ ਤਿੰਨ ਦਹਾਕੇ ਤੋਂ ਕੌਮ ਦੀ ਇਨਸਾਫ ਦੀ ਲੜਾਈ ਲੜ ਰਹੇ ਫੂਲਕਾ ਉਮੀਦਵਾਰ ਸਨ। ਹੁਣ ਪੰਥ ਜਾਂ ਪੰਜਾਬ ਦੇ ਹਿੱਤਾਂ ਲਈ ਜੂਝਣ ਦੀਆਂ ਗੱਲਾਂ ਕਰਨ ਵਾਲੇ ਬੈਂਸ ਭਰਾਵਾਂ ਕੋਲੋਂ ਵਿਧਾਇਕ ਹੁੰਦਿਆਂ ਹੋਇਆਂ ਪਾਰਲੀਮੈਂਟ ਦੀ ਚੋਣ ਲੜਣ ਦਾ ਲਾਲਚ ਤਾਂ ਛੱਡਿਆ ਨਹੀਂ ਗਿਆ। ਲੁਧਿਆਣੇ ਦੀ ਸੀਟ ਇਨਸਾਫ ਲਈ ਜੂਝਣ ਵਾਲੇ ਪੜ੍ਹੇ-ਲਿਖੇ ਤੇ ਕਿਰਦਾਰ ਵਾਲੇ ਬੰਦੇ ਦੀ ਥਾਂ ਸੈਂਕੜੇ ਸਿੱਖ ਨੌਜਵਾਨਾਂ ਦਾ ਕਤਲ ਕਰਵਾਉਣ ਵਾਲੇ ਬੇਅੰਤ ਸਿੰਘ ਦੇ ਪੋਤੇ ਰਵਨੀਤ ਬਿੱਟੂ ਦੀ ਝੋਲੀ ਪੈ ਗਈ। ਯਾਦ ਰਹੇ ਕਿ ਬਿੱਟੂ ਅਨੰਦਪੁਰ ਸਾਹਿਬ ਦੀ ਸੀਟ ਤੋਂ ਭਗੌੜਾ ਹੋ ਕਿ ਇਥੇ ਆਇਆ ਸੀ ਤੇ ਬੈਂਸਾਂ ਦੀ ਸਿਆਸਤ ਨੇ ਉਸ ਨੂੰ ਸਿਆਸੀ ਜੀਵਨ ਦਾਨ ਦਿੱਤਾ। ਦੇਸ਼ ਪੱਧਰ ਦੀ ਪ੍ਰਮੁੱਖ ਕੰਪਨੀ ਵਲੋਂ ਕੀਤੇ ਗਏ ਇਕ ਸਰਵੇ ਵਿਚ ਬਿੱਟੂ ਮੁਲਕ ਭਰ ਵਿਚੋਂ 10 ਸਭ ਤੋਂ ਨਿਕੰਮੀ ਕਾਰੁਜ਼ਗਾਰੀ ਵਾਲੇ ਐਮਪੀਜ਼ ਵਿਚੋਂ ਸੀ। ਬੈਂਸ ਭਰਾ ਤਾਂ ਕਰੀਬ ਇਕ ਦਹਾਕਾ ਸੁਖਬੀਰ ਬਾਦਲ ਦੀ ਛਤਰ ਛਾਇਆ ਹੇਠ ਸਿਆਸਤ ਕਰਨ ਤੇ ਆਪਣਾ ਪ੍ਰਭਾਵ ਬਣਾਉਣ ਤੋਂ ਬਾਅਦ ਲੋਕਾਂ ਵਿਚ ਆਪਣੇ ਆਪ ਨੂੰ ਯੋਧਿਆਂ ਵਜੋਂ ਪੇਸ਼ ਕਰ ਰਹੇ ਹਨ ਪਰ ਫੂਲਕਾ ਨੇ ਕਾਂਗਰਸੀ ਬਦਮਾਸ਼ਾਂ ਨਾਲ ਦਿੱਲੀ ਵਿਚ ਉਦੋਂ ਮੱਥਾ ਲਾਇਆ ਜਦੋਂ ਉਨ੍ਹਾਂ ਦਾ ਉਥੇ ਇਕ ਛਤਰ ਰਾਜ ਸੀ। ਕੀ ਪੰਜਾਬ ਦੇ ਪਿਛਲੇ 5 ਸਾਲ (ਜਦੋਂ ਬੈਂਸ ਭਰਾ ਸੁਖਬੀਰ ਬਾਦਲ ਨਾਲੋਂ ਵੱਖ ਹੋਏ) ਦੇ ਸਿਆਸੀ ਹਾਲਾਤ ਤੇ ਸੰਨ 1984 ਤੋਂ ਲੈ ਕੇ ਸੰਨ 1989 ਦੇ ਰਾਜੀਵ ਗਾਂਧੀ ਦੇ ਰਾਜ ਨਾਲ ਮੱਥਾ ਲਾਉਣ ਦੀ ਆਪਸ ਵਿਚ ਕੋਈ ਤੁਲਨਾ ਕੀਤੀ ਜਾ ਸਕਦੀ ਹੈ ? ਸ. ਫੂਲਕਾ ਤਾਂ ਸੱਜਣ ਕੁਮਾਰ ਵਰਗੇ ਬੱਚੜਾਂ ਤੇ ਉਨ੍ਹਾਂ ਦੇ ਕਾਂਗਰਸੀ ਆਕਾਵਾਂ ਨਾਲ ਉਦੋਂ ਵੀ ਲੜ ਰਿਹਾ ਸੀ, ਜਦੋਂ ਬੈਂਸ ਭਰਾ ਲੁਧਿਆਣੇ ਵਿਚ ਬਾਦਲਾਂ ਦੇ ਲੱਠਮਾਰਾਂ ਵਜੋਂ ਜਸ ਖੱਟ ਰਹੇ ਸਨ। ਯਾਦ ਰਹੇ ਜੁਲਾਈ ਸੰਨ 2006 ਵਿਚ ਉਨ੍ਹਾਂ ਨੇ ਬਾਦਲਾਂ ਖਿਲਾਫ ਮੁਜ਼ਾਹਰਾ ਕਰ ਰਹੇ ਅਕਾਲੀ ਦਲ ਮਾਨ ਦੇ ਕਾਰਕੁਨਾਂ ਨੂੰ ਕੁੱਟ ਕੇ ਨਾ ਸਿਰਫ ਉਨ੍ਹਾਂ ਦੀਆਂ ਪੱਗਾਂ ਲਾਹੀਆਂ ਬਲਕਿ ਡਾਂਗਾਂ ਉਤੇ ਟੰਗ ਕੇ ਬਾਦਲਾਂ ਤੇ ਭਾਜਪਾ ਪ੍ਰਤੀ ਆਪਣੀ ਵਫ਼ਾਦਾਰੀ ਸਾਬਤ ਕੀਤੀ। ਮਾਨ ਦਲ ਦੇ ਕਾਰਕੁੰਨ ਇਹ ਮੁਜ਼ਾਹਰਾ ਭਾਜਪਾ ਖਿਲਾਫ ਉਦੋਂ ਕਰ ਰਹੇ ਸਨ ਜਦੋਂ ਅਰੁਣ ਜੇਤਲੀ ਲੁਧਿਆਣੇ ਦੇ ਸਰਕਟ ਹਾਊਸ ਵਿਚ ਮੀਟਿੰਗ ਕਰ ਰਿਹਾ ਸੀ। ਉਨ੍ਹਾਂ ਨੂੰ ਸੰਨ 2007 ਤੋਂ 201 2 ਤਕ ਦਾ ਬਾਦਲੀ ਰਾਜ ਇਕ ਇਨਸਾਫ ਪਸੰਦ ਰਾਜ ਵਜੋਂ ਨਜ਼ਰ ਆ ਰਿਹਾ ਸੀ ਤੇ ਸੰਨ 2014 ਵਿਚ ਬਾਦਲ ਇਕਦਮ ਮਾੜੇ ਹੋ ਗਏ ਤੇ ਬੈਂਸ ਭਰਾਵਾਂ ਲਈ ਸੰਨ 20 14 ਦੀ ਚੋਣ ਲੜਨੀ ਜ਼ਰੂਰੀ ਹੋ ਗਈ। ਸਿਮਰਜੀਤ ਬੈਂਸ ਨੇ ਵੀ ਫੂਲਕਾ ਬਾਰੇ ਉਹੋ ਜਿਹੀਆਂ ਗੱਲਾਂ ਕੀਤੀਆਂ ਜਿਹੋ ਜਿਹੀਆਂ ਬਾਦਲ ਕਰਦੇ ਸਨ, ਕਿ ਉਹ 30 ਸਾਲ ਕੋਈ ਇਨਸਾਫ ਤਾਂ ਦੁਆ ਨਹੀਂ ਸਕੇ। ਇਨ੍ਹਾਂ ਦੀ ਗੱਲ ਸੁਣ ਕੇ ਤਾਂ ਲਗਦਾ ਸੀ ਕਿ ਕੇਂਦਰ ਸਰਕਾਰ, ਦਿੱਲੀ ਪੁਲਿਸ ਤੇ ਅਦਾਲਤਾਂ ਤਾਂ ਇਨਸਾਫ ਦੇਣ ਲਈ ਬਹੁਤ ਕਾਹਲੀਆਂ ਸਨ ਪਰ ਫੂਲਕਾ ਨੇ ਇਹ ਇਨਸਾਫ ਲੈਣ ਨਹੀਂ ਦਿੱਤਾ।
ਕਿਥੇ ਸ. ਫੂਲਕਾ ਵਰਗਾ ਮਨੁੱਖੀ ਅਧਿਕਾਰਾਂ ਤੇ ਕੌਮ ਲਈ ਲੜਨ ਵਾਲਾ ਤੇ ਕਿਥੇ ਇਸ ਸਾਰੇ ਕੁਝ ਦੇ ਉਲਟ ਚੱਲਣ ਵਾਲਾ ਰਵਨੀਤ ਬਿੱਟੂ। ਦਿਲਚਸਪ ਗੱਲ ਇਹ ਹੈ ਕਿ ਪਿਛੇ ਜਿਹੇ ਇਕ ਟੀਵੀ ਗੱਲਬਾਤ ਵਿਚ ਬਿੱਟੂ ਨੇ ਸ਼ਰੇਆਮ ਕਿਹਾ ਕਿ ਉਸ ਨੇ ਭਗਵੰਤ ਮਾਨ ਨੂੰ ਠੋਕ ਕੇ ਹਰਾਉਣ ਤੇ ਭਜਾਉਣ ਲਈ ਸੰਨ 2017 ਵਿਚ ਜਲਾਲਾਬਾਦ ਤੋਂ ਚੋਣ ਲੜੀ ਸੀ। ਯਾਦ ਰਹੇ ਕਿ ਉਦੋਂ ਸਾਰਾ ਪੰਜਾਬ ਤੇ ਸਿੱਖ ਜਗਤ ਸੁਖਬੀਰ ਬਾਦਲ ਦੀ ਜਲਾਲਾਬਾਦ ਤੋਂ ਹਾਰ ਲਈ ਤਾਂਘ ਰਿਹਾ ਸੀ। ਸੰਨ 2017 ਦੀ ਜਿੱਤ ਸੁਖਬੀਰ ਬਾਦਲ ਦੇ ਭਵਿੱਖ ਲਈ ਓਨੀ ਹੀ ਜ਼ਰੂਰੀ ਸੀ ਜਿੰਨੀ ਬਿੱਟੂ ਲਈ ਸੰਨ 2014 ਦੀ। ਦੋਹਾਂ ਦੇ ਭਵਿੱਖ ਲਈ ਜ਼ਰੂਰੀ ਸੀ ਸ. ਫੂਲਕਾ ਨੂੰ ਸੰਨ 2014 ਵਿਚ ਹਰਾਉਣਾ ਤੇ ਇਸ ਵਿਚ ਬੈਂਸ ਭਰਾਵਾਂ ਨੇ ਭਰਪੂਰ ਯੋਗਦਾਨ ਪਾਇਆ। ਉਹ ਉਦੋਂ ਵੀ ਪਿਛੇ ਨਾ ਹਟੇ ਜਦੋਂ ਇਹ ਸਪਸ਼ਟ ਸੀ ਕਿ ਪੰਜਾਬ ਦੇ ਚੰਗੇ ਸਿਆਸੀ ਭਵਿੱਖ ਲਈ ਬਿੱਟੂ ਤੇ ਸੁਖਬੀਰ ਦੋਹਾਂ ਦੀ ਹਾਰ ਓਨੀ ਹੀ ਜ਼ਰੂਰੀ ਸੀ ਜਿੰਨੀ ਸ. ਫੂਲਕਾ ਦੀ ਜਿੱਤ। ਉਨ੍ਹਾਂ ਲਈ ਉਨ੍ਹਾਂ ਦੇ ਨਿੱਜੀ ਸਿਆਸੀ ਹਿੱਤ ਪੰਜਾਬ ਤੇ ਪੰਥ ਦੇ ਸਿਆਸੀ ਭਵਿੱਖ ਨਾਲੋਂ ਵੱਡੇ ਸਿੱਧ ਹੋਏ। ਅੱਜ ਜੇ ਬਿੱਟੂ ਛਾਤੀ ਠੋਕ ਕੇ ਸਿੱਖ ਹਿੱਤਾਂ ਖਿਲਾਫ ਭੁਗਤ ਰਿਹਾ ਹੈ ਤਾਂ ਉਸ ਨੂੰ ਇਹ ਮੌਕਾ ਮਿਲਣ ਵਿਚ ਬੈਂਸ ਭਰਾਵਾਂ ਨੇ ਵੱਡਾ ਯੋਗਦਾਨ ਪਾਇਆ। ਹਜ਼ਾਰਾਂ ਸਿੱਖਾਂ ਦੇ ਕਤਲ ਕਰਵਾਉਣ ਵਾਲੇ ਰਾਜੀਵ ਗਾਂਧੀ ਦਾ ਬੁੱਤ ਆਪਣੀ ਪੱਗ ਨਾਲ ਸਾਫ ਕਰਨ ਵਾਲਾ ਗੁਰਸਿਮਰਨ ਮੰਡ ਵੀ ਬਿੱਟੂ ਦਾ ਹੀ ਚੇਲਾ ਹੈ।

## ਸਿੱਖ ਕੌਮ ਦਾ ਸਰਬ-ਪ੍ਰਵਾਨਿਤ ਕੈਲੰਡਰ ਲਾਗੂ ਕਰਨ ਵਿਚ ਅਸਫ਼ਲ ਰਹੀ ਸ਼੍ਰੋਮਣੀ ਕਮੇਟੀ

ਇਸ ਵਰ੍ਹੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਸੋਧੇ ਹੋਏ ਕੈਲੰਡਰ ਮੁਤਾਬਕ 13 ਜਨਵਰੀ ਨੂੰ ਲੋਹੜੀ ਵਾਲੇ ਦਿਨ ਮਨਾਇਆ ਜਾ ਰਿਹਾ ਹੈ ਜਦੋਂਕਿ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਇਹ ਗੁਰਪੁਰਬ 5 ਜਨਵਰੀ ਨੂੰ ਸੀ। ਪੰਜਾਬ, ਜੰਮੂ ਕਸ਼ਮੀਰ ਸੂਬੇ ਤੇ ਦੇਸ਼-ਵਿਦੇਸ਼ ਵਿਚ ਪ੍ਰਕਾਸ਼ ਪੁਰਬ 5 ਜਨਵਰੀ ਨੂੰ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ ਹੈ। ਪਾਕਿਸਤਾਨ ਵਿਚ ਵੀ ਪੀਜੀਪੀਸੀ ਵੱਲੋਂ ਬੀਤੇ ਦਿਨ ਹੀ ਦਸਮ ਪਿਤਾ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ। ਪੰਜਾਬ ਵਿਚ ਕਈ ਸਿੱਖ ਜਥੇਬੰਦੀਆਂ ਵੱਲੋਂ ਪ੍ਰਕਾਸ਼ ਪੁਰਬ ਮਨਾਇਆ ਗਿਆ ਹੈ ਪਰ ਸ਼੍ਰੋਮਣੀ ਕਮੇਟੀ ਵੱਲੋਂ ਇਹ ਗੁਰਪੁਰਬ 13 ਜਨਵਰੀ ਨੂੰ ਮਨਾਇਆ ਜਾ ਰਿਹਾ ਹੈ।
ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਮੰਨਿਆ ਕਿ ਕੈਲੰਡਰ ਵਿਵਾਦ ਕਾਰਨ ਸਿੱਖ ਕੌਮ ਵਿਚ ਗੁਰਪੁਰਬਾਂ ਦੀਆਂ ਤਰੀਕਾਂ ਸਬੰਧੀ ਦੁਬਿਧਾ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਇਹ ਦੁਬਿਧਾ ਦੂਰ ਕਰਨ ਲਈ ਤਖ਼ਤਾਂ ਦੇ ਜਥੇਦਾਰਾਂ ਨਾਲ ਜਲਦ ਵਿਚਾਰ ਕਰਨਗੇ।

## ਕੈਨੇਡਾ ਦੇ ਐਮ.ਪੀ. ਸੁੱਖ ਧਾਲੀਵਾਲ ਹਰਿਮੰਦਰ ਸਾਹਿਬ ਹੋਏ ਨਤਮਸਤਕ

ਕੀਤੇ ਸਮਾਗਮਾਂ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੂੰ ਭਰੋਸਾ ਦਿੱਤਾ ਕਿ ਨਵੰਬਰ-2019 ਵਿਚ ਹੋ ਰਹੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਵਿਚ ਵਿਦੇਸ਼ਾਂ ਤੋਂ ਸੰਗਤ ਦੀ ਭਰਵੀਂ ਸ਼ਮੂਲੀਅਤ ਕਰਵਾਉਣ ਲਈ ਉਹ ਵਿਸ਼ੇਸ਼ ਯਤਨ ਕਰਨਗੇ। ਇਸ ਤੋਂ ਇਲਾਵਾ ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦਾ ਐਨਆਰਆਈ ਸੈੱਲ ਸਥਾਪਿਤ ਕਰਨ ਦੇ ਫ਼ੈਸਲੇ ਲਈ ਵੀ ਧੰਨਵਾਦ ਕੀਤਾ।
ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਯਾਦਗਾਰੀ ਸਿੱਕੇ ਵੀ ਪ੍ਰਾਪਤ ਕੀਤੇ। ਇਨ੍ਹਾਂ ਯਾਦਗਾਰੀ ਸਿੱਕਿਆਂ ਦੀ ਵਿਕਰੀ ਸ਼੍ਰੋਮਣੀ ਕਮੇਟੀ ਵੱਲੋਂ ਹਾਲ ਹੀ ਵਿਚ ਸ਼ੁਰੂ ਕੀਤੀ ਗਈ ਹੈ। ਸੁੱਖ ਧਾਲੀਵਾਲ ਨੇ ਯਾਦਗਾਰੀ ਸਿੱਕੇ ਪ੍ਰਾਪਤ ਕਰਦਿਆਂ ਕਿਹਾ ਕਿ ਇਹ ਗੁਰੂ ਸਾਹਿਬ ਦੇ ਇਤਿਹਾਸਕ ਗੁਰਪੁਰਬ ਦੀ ਯਾਦਗਾਰ ਵਜੋਂ ਵਿਰਾਸਤੀ ਨਿਸ਼ਾਨੀ ਹਨ, ਜਿਨ੍ਹਾਂ ਨੂੰ ਉਹ ਸੰਭਾਲ ਕੇ ਰੱਖਣਗੇ। ਸ਼੍ਰੋਮਣੀ ਕਮੇਟੀ ਵੱਲੋਂ ਸੁੱਖ ਧਾਲੀਵਾਲ ਦਾ ਸਨਮਾਨ ਵੀ ਕੀਤਾ ਗਿਆ।ਇਸ ਮੌਕੇ ਸਕੱਤਰ ਬਲਵਿੰਦਰ ਸਿੰਘ ਜੌੜਾਸਿੰਘਾ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਤੇ ਸੁਰਜੀਤ ਸਿੰਘ ਭਿੱਟੇਵੱਡ ਵੀ ਮੌਜੂਦ ਸਨ।

## ਗਰੀਨ ਕਾਰਡਾਂ ਬਾਰੇ ਨਵੀਂ ਨੀਤੀ ਬਣਨ ਦੇ ਆਸਾਰ

ਇਜਾਜ਼ਤ ਦਿੰਦਾ ਹੈ। ਮੌਜੂਦਾ ਇਮੀਗ੍ਰੇਸ਼ਨ ਨੀਤੀ ਦੇ ਤਹਿਤ ਗ੍ਰੀਨ ਕਾਰਡ ਨਿਰਧਾਰਨ ਵਿਚ ਸੱਤ ਫ਼ੀਸਦੀ ਕੋਟੇ ਨਾਲ ਸਭ ਤੋਂ ਜ਼ਿਆਦਾ ਨੁਕਸਾਨ ਬਹੁਤ ਜ਼ਿਆਦਾ ਹੁਨਰਮੰਦ ਤੇ ਮਿਹਨਤੀ ਭਾਰਤੀਆਂ ਨੂੰ ਹੁੰਦਾ ਹੈ ਅਤੇ ਉਨ੍ਹਾਂ ਨੂੰ ਐਚ-1 ਬੀ ਵੀਜ਼ਾ 'ਤੇ ਅਮਰੀਕਾ ਵਿਚ ਕੰਮ ਕਰਨਾ ਹੁੰਦਾ ਹੈ। ਅਮਰੀਕੀ ਕਾਂਗਰਸ ਦੀ ਆਜ਼ਾਦ ਸਿੱਖਿਆ ਸ਼ਾਖਾ ਸੀਆਰਐੱਸ ਦਾ ਕਹਿਣਾ ਹੈ ਕਿ ਜੇਕਰ ਰੁਜ਼ਗਾਰ ਅਧਾਰਿਤ ਗ੍ਰੀਨ ਕਾਰਡ ਜਾਂ ਕਾਨੂੰਨੀ ਸਥਾਈ ਨਿਵਾਸੀ ਦਰਜਾ ( ਐਲਪੀਆਰ ) ਜਾਰੀ ਕਰਨ ਵਿਚ ਕੋਟਾ ਖਤਮ ਕਰ ਦਿੱਤਾ ਜਾਂਦਾ ਹੈ , ਤਾਂ ਇਸ ਨੂੰ ਲੈਣ ਲਈ ਭਾਰਤੀ ਅਤੇ ਚੀਨੀ ਨਾਗਰਿਕਾਂ ਦੀ ਅਰਜ਼ੀਆਂ ਦੀ ਗਿਣਤੀ ਵਿਚ ਵਾਧਾ ਹੋਵੇਗਾ। ਸੀਆਰਐਸ ਵੱਖ-ਵੱਖ ਮੁੱਦਿਆਂ 'ਤੇ ਰਿਪੋਰਟ ਤਿਆਰ ਕਰਦੀ ਹੈ ਜਿਸ ਦੇ ਆਧਾਰ 'ਤੇ ਸੰਸਦ ਪੂਰੀ ਜਾਣਕਾਰੀ ਲੈ ਕੇ ਫੈਸਲਾ ਕਰਦੀ ਹੈ। 'ਸਥਾਈ ਰੁਜ਼ਗਾਰ ਅਧਾਰਿਤ ਅਤੇ ਦੇਸ਼ ਅਧਾਰਿਤ ਕੋਟਾ' ਸਿਰਲੇਖ ਵਾਲੀ ਇਹ ਰਿਪੋਰਟ 21 ਦਸੰਬਰ 2018 ਦੀ ਹੈ। ਧਿਆਨ ਦੇਣਯੋਗ ਹੈ ਕਿ ਕਈ ਸੰਸਦ ਮੈਂਬਰ ਗ੍ਰੀਨ ਕਾਰਡ ਅਤੇ ਐਲਪੀਆਰ ਜਾਰੀ ਕਰਨ 'ਚ ਦੇਸ਼ ਅਧਾਰਿਤ ਕੋਟੇ ਨੂੰ ਖਤਮ ਕਰਨ ਸਬੰਧੀ ਪ੍ਰਸਤਾਵ ਲਿਆਉਣ ਦਾ ਵਿਚਾਰ ਕਰ ਰਹੇ ਹਨ ।
ਅਮਰੀਕੀ ਨਾਗਰਿਕਤਾ ਅਤੇ ਇੰਮੀਗਰਾਂਟ ਸੇਵਾ ( ਯੂਐਸਸੀਆਈਸੀ ) ਮੁਤਾਬਕ, ਅਪ੍ਰੈਲ 2018 ਤੋਂ 3,06,601 ਭਾਰਤੀ ਗ੍ਰੀਨ ਕਾਰਡ ਲੈਣ ਦਾ ਇੰਤਜ਼ਾਰ ਕਰ ਰਹੇ ਹਨ। ਗ੍ਰੀਨ ਕਾਰਡ ਲਈ ਕੁੱਲ 3,95,025 ਵਿਦੇਸ਼ੀਆਂ ਨੇ ਅਰਜ਼ੀਆਂ ਦਰਜ ਕੀਤੀਆਂ ਹਨ, ਜਿਨ੍ਹਾਂ ਵਿਚੋਂ 78 ਫੀਸਦੀ ਭਾਰਤੀ ਹਨ। ਸੀਆਰਐਸ ਮੁਤਾਬਕ ਕੋਟੇ ਦੇ ਕਾਰਨ ਇਨ੍ਹਾਂ ਭਾਰਤੀਆਂ ਨੂੰ ਗ੍ਰੀਨ ਕਾਰਡ ਹਾਸਲ ਕਰਨ ਵਿਚ ਸਾਢੇ ਨੌਂ ਸਾਲ ਦਾ ਇੰਤਜ਼ਾਰ ਕਰਨਾ ਹੋਵੇਗਾ। ਹਾਲਾਂਕਿ ਹਰ ਸਾਲ ਆਉਣ ਵਾਲੀ ਅਰਜ਼ੀਆਂ ਦੇ ਅਧਾਰ 'ਤੇ ਇਹ ਇੰਤਜ਼ਾਰ ਹੋਰ ਵੀ ਵਧ ਸਕਦਾ ਹੈ।

# ਕੇਜਰੀਵਾਲ ਦੀ 'ਆਪ' ਵਿਚੋਂ ਨਿਕਲੀ ਖਹਿਰਾ ਦੀ ਖਾਸ ਪਾਰਟੀ

*ਸ.ਫਾ ਇਕ ਦਾ ਬਾਕੀ*

ਉੱਭਰਨ ਦੀ ਰਣਨੀਤੀ ਦਾ ਐਲਾਨ ਕੀਤਾ ਹੈ। ਖਹਿਰਾ ਨਵੀਂ ਪਾਰਟੀ ਬਣਾ ਕੇ ਸਾਂਝੇ ਫਰੰਟ ਰਾਹੀਂ ਲੋਕ ਸਭਾ ਚੋਣਾਂ ਦੇ ਮੈਦਾਨ ਵਿਚ ਕੁੱਦਣਗੇ। ਇਸ ਤੋਂ ਪਹਿਲਾਂ ਡਾ. ਧਰਮਵੀਰ ਗਾਂਧੀ ਨੇ ਸੰਸਦ ਮੈਂਬਰ ਰਹਿੰਦੇ ਹੋਏ ਆਮ ਆਦਮੀ ਪਾਰਟੀ ਤੋਂ ਅਲੱਗ ਰਾਹ ਅਖ਼ਤਿਆਰ ਕਰ ਲਿਆ ਸੀ। ਗਾਂਧੀ ਤੋਂ ਇਖ਼ਲਾਕੀ ਸਵਾਲ ਪੁੱਛਿਆ ਜਾਂਦਾ ਰਿਹਾ ਕਿ ਜੇ ਆਮ ਆਦਮੀ ਪਾਰਟੀ ਠੀਕ ਨਹੀਂ ਤਾਂ ਉਸ ਨੇ ਸੰਸਦ ਮੈਂਬਰੀ ਤੋਂ ਅਸਤੀਫ਼ਾ ਕਿਉਂ ਨਹੀਂ ਦਿੱਤਾ। ਇਹ ਸਵਾਲ ਖਹਿਰਾ ਦੇ ਸਾਹਮਣੇ ਵੀ ਹੈ।

ਮੰਨਿਆ ਜਾ ਰਿਹਾ ਹੈ ਕਿ ਵੱਖਰੀ ਪਾਰਟੀ ਬਣਾਉਣ ਬਾਰੇ ਖਹਿਰਾ ਦੇ ਨਾਲ ਜੁੜੇ ਵਿਧਾਇਕਾਂ ਅੰਦਰ ਵੀ ਸਹਿਮਤੀ ਨਹੀਂ। ਖਹਿਰਾ ਨੇ ਬਿਨਾ ਸ਼ੱਕ ਲੰਬੇ ਸਮੇਂ ਤੋਂ ਅਕਾਲੀ-ਭਾਜਪਾ ਸਰਕਾਰ, ਪੁਲੀਸ ਅਧਿਕਾਰੀਆਂ ਅਤੇ ਹੁਣ ਕੈਪਟਨ ਸਰਕਾਰ ਦੇ ਖ਼ਿਲਾਫ਼ ਦਲੇਰੀ ਨਾਲ ਖੁੱਲ੍ਹ ਕੇ ਬੋਲਣ ਕਰਕੇ ਲੋਕਾਂ ਅੰਦਰ ਸਨਮਾਨ ਹਾਸਿਲ ਕੀਤਾ ਹੈ ਪਰ ਉਹਦੀ ਸਿਆਸਤ ਦੇ ਪਾਸਾਰ ਸੀਮਤ ਰਹੇ ਹਨ।

ਐਚਐਸ ਫੂਲਕਾ ਸਿੱਖ ਸਿਆਸਤ ਵਿਚ ਪੈਰ ਰੱਖਣ ਦੀ ਸੋਚ ਰਹੇ ਹਨ। ਇਨ੍ਹਾਂ ਆਗੂਆਂ ਦੁਆਰਾ ਆਮ ਆਦਮੀ ਪਾਰਟੀ ਛੱਡੇ ਜਾਣ ਨਾਲ 'ਆਪ' ਜਥੇਬੰਦਕ ਤੌਰ 'ਤੇ ਵੀ ਕਮਜ਼ੋਰ ਹੋਈ ਹੈ ਤੇ ਇਸ ਦੇ ਸਿਆਸੀ ਆਧਾਰ ਤੇ ਵੱਕਾਰ ਨੂੰ ਵੀ ਖ਼ੋਰਾ ਲੱਗਾ ਹੈ। ਦੇਸ਼ ਵਿਚ ਚੱਲੀ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਵਿਚੋਂ ਨਿਕਲੀ ਇਸ ਪਾਰਟੀ ਨੂੰ ਪੰਜਾਬ ਦੇ ਲੋਕਾਂ ਨੇ ਅਕਾਲੀ ਅਤੇ ਕਾਂਗਰਸੀਆਂ ਨਾਲ ਨਾਰਾਜ਼ਗੀ ਕਾਰਨ ਸਿਰ ਅੱਖਾਂ ਉੱਤੇ ਬਿਠਾਇਆ ਸੀ ਪਰ 'ਆਪ' ਨੇ ਉਹ ਸਿਆਸੀ ਪਰਿਪੱਕਤਾ ਨਹੀਂ ਦਿਖਾਈ ਜਿਸ ਦੀ ਮੁੱਖ ਵਿਰੋਧੀ ਪਾਰਟੀ ਤੋਂ ਉਮੀਦ ਕੀਤੀ ਜਾਂਦੀ ਹੈ। ਪੰਜਾਬ-ਮੁਖੀ ਏਜੰਡਾ ਤਹਿ ਕਰਕੇ ਲੋਕ ਹਿੱਤਾਂ ਲਈ ਸੰਘਰਸ਼ ਕਰਨ ਦੀ ਬਜਾਏ ਆਮ ਆਦਮੀ ਦੇ ਨੇਤਾ ਨਿੱਜੀ ਹਉਮੈ ਦੀਆਂ ਲੜਾਈਆਂ ਵਿਚ ਉਲਝ ਕੇ ਰਹਿ ਗਏ ਹਨ। ਵਿਰੋਧੀ ਧਿਰ ਦਾ ਇਉਂ ਖਿੰਡਰਨਾ ਪੰਜਾਬ ਅਤੇ ਜਮਹੂਰੀਅਤ ਦੇ ਹੱਕ ਵਿਚ ਨਹੀਂ ਜਾਂਦਾ।

ਆਮ ਆਦਮੀ ਪਾਰਟੀ (ਆਪ) ਤੋਂ ਅਸਤੀਫ਼ਾ ਦੇ ਚੁੱਕੇ ਸੁਖਪਾਲ ਸਿੰਘ ਖਹਿਰਾ ਨੇ ਅਕਾਲੀ ਦਲ, ਕਾਂਗਰਸ ਅਤੇ 'ਆਪ' ਵਿਚ ਲੰਮਾ ਸਮਾਂ ਸਿਆਸਤ ਕਰਨ ਤੋਂ ਬਾਅਦ ਆਪਣੀ ਨਵੀਂ 'ਪੰਜਾਬ ਏਕਤਾ' ਪਾਰਟੀ ਬਣਾਈ ਹੈ। ਉਨ੍ਹਾਂ ਪੰਜਾਬ ਜਮਹੂਰੀ ਗੱਠਜੋੜ (ਪੀਡੀਏ) ਨਾਲ ਤਾਲਮੇਲ ਕਰ ਕੇ ਪੰਜਾਬ ਵਿਚ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਲੜਣ ਦਾ ਐਲਾਨ ਵੀ ਕੀਤਾ ਹੈ।ਸੰਕੇਤ ਮਿਲੇ ਹਨ ਕਿ ਸ੍ਰੀ ਖਹਿਰਾ ਖੁਦ ਲੋਕ ਸਭਾ ਚੋਣ ਲੜਣ ਦੀ ਤਿਆਰੀ ਕਰ ਚੁੱਕੇ ਹਨ। ਉਹ ਖੁਦ ਨਵੀਂ ਪਾਰਟੀ ਦੇ ਪ੍ਰਧਾਨ ਬਣ ਗਏ ਹਨ ਅਤੇ ਫਿਲਹਾਲ ਹੋਰ ਕਿਸੇ ਨੂੰ ਕੋਈ ਅਹੁਦਾ ਨਹੀਂ ਦਿੱਤਾ ਗਿਆ।

ਬਾਗੀ ਧੜੇ ਵੱਲੋਂ ਦੋ ਦਿਨਾਂ ਤੋਂ ਸੰਕੇਤ ਦਿੱਤੇ ਜਾ ਰਹੇ ਸਨ ਕਿ ਨਵੀਂ ਪਾਰਟੀ ਬਣਾਉਣ ਮੌਕੇ ਇਕ-ਦੋ ਹੋਰ ਵਿਧਾਇਕ ਖਹਿਰਾ ਵਾਂਗ ਪਾਰਟੀ ਤੋਂ ਅਸਤੀਫਾ ਦੇ ਸਕਦੇ ਹਨ, ਪਰ ਸਾਰੇ 6 ਵਿਧਾਇਕ ਖਹਿਰਾ ਦੀ ਪ੍ਰੈਸ ਕਾਨਫਰੰਸ ਵਿਚ ਮੂਕ ਦਰਸ਼ਕਾਂ ਵਾਂਗ ਆ ਕੇ ਚਲੇ ਗਏ। ਨਵੀਂ ਪਾਰਟੀ ਦੇ ਐਲਾਨ ਮੌਕੇ ਫੁੱਲਾਂ ਅਤੇ ਲੱਡੂਆਂ ਦੀ ਖ਼ੂਬ ਵਰਤੋਂ ਹੋਈ। ਇਸ ਮੌਕੇ ਪੰਡਾਲ ਵਿਚ ਖਹਿਰਾ ਦੀ ਪਤਨੀ ਜਤਿੰਦਰ ਕੌਰ ਵੀ ਮੌਜੂਦ ਸੀ। 'ਆਪ' ਦੇ ਬਾਗੀ ਧੜੇ ਦੇ 6 ਵਿਧਾਇਕਾਂ ਨਾਜ਼ਰ ਸਿੰਘ ਮਾਨਸ਼ਾਹੀਆ, ਕੰਵਰ ਸੰਧੂ, ਜਗਤਾਰ ਸਿੰਘ ਜੱਗਾ, ਮਾਸਟਰ ਬਲਦੇਵ ਸਿੰਘ, ਪਿਰਮਲ ਸਿੰਘ ਧਨੌਲਾ ਅਤੇ ਜਗਦੇਵ ਸਿੰਘ ਕਮਾਲੂ ਨੇ ਨਵੀਂ ਪਾਰਟੀ ਦਾ ਹਿੱਸਾ ਬਣਨ ਤੋਂ ਨਾਂਹ ਕਰ ਦਿੱਤੀ ਹੈ। ਇਹ ਸਾਰੇ ਖਹਿਰਾ ਦੀ ਪ੍ਰੈਸ ਕਾਨਫਰੰਸ ਵਿੱਚ ਆਏ ਪਰ ਉਨ੍ਹਾਂ ਨਾਲ ਸਟੇਜ ਸਾਂਝੀ ਕਰਨ ਤੋਂ ਗੁਰੇਜ਼ ਕੀਤਾ। ਇਸ ਸਬੰਧੀ ਪੁੱਛੇ ਜਾਣ 'ਤੇ ਇਨ੍ਹਾਂ ਵਿਧਾਇਕਾਂ ਨੇ ਕਿਹਾ ਕਿ ਉਹ ਨਵੀਂ ਪਾਰਟੀ ਦਾ ਹਿੱਸਾ ਨਹੀਂ ਹਨ ਅਤੇ ਉਹ ਖਹਿਰਾ ਨੂੰ ਵਧਾਈ ਦੇਣ ਆਏ ਹਨ।

ਦੂਸਰੇ ਪਾਸੇ ਖਹਿਰਾ ਨੇ ਕਿਹਾ ਕਿ 6 ਵਿਧਾਇਕਾਂ ਦੇ ਅਸਤੀਫਾ ਦੇਣ ਨਾਲ ਸੂਬੇ ਉਪਰ ਜ਼ਿਮਨੀ ਚੋਣਾਂ ਦੇ ਖਰਚੇ ਦਾ ਬੋਝ ਪੈਣਾ ਸੀ, ਜਿਸ ਕਾਰਨ ਉਹ ਅਸਤੀਫਾ ਨਹੀਂ ਦਿਵਾਉਣਾ ਚਾਹੁੰਦੇ। ਇਸ ਮੌਕੇ ਪੰਜਾਬ ਮੰਚ ਦੇ ਮੋਢੀ ਤੇ ਸੰਸਦ ਮੈਂਬਰ ਡਾਕਟਰ ਧਰਮਵੀਰ ਗਾਂਧੀ ਵੀ ਮੌਜੂਦ ਸਨ। ਉਨ੍ਹਾਂ ਖਹਿਰਾ ਨੂੰ ਨਵੀਂ ਪਾਰਟੀ ਦੀ ਵਧਾਈ ਦਿੰਦਿਆਂ ਕਿਹਾ ਕਿ ਹੁਣ ਸੂਬੇ ਵਿਚ ਪੰਜਾਬ ਪੱਖੀ ਧਿਰਾਂ ਮਜ਼ਬੂਤ ਹੋ ਰਹੀਆਂ ਹਨ ਅਤੇ ਪੀਡੀਏ ਦੇ ਬੈਨਰ ਹੇਠ ਖਹਿਰਾ ਸਮੇਤ ਬੈਂਸ ਭਰਾ ਇਕਜੁੱਟ ਹੋ ਗਏ ਹਨ। ਹੋਰ ਹਮਖਿਆਲੀ ਧਿਰਾਂ ਨੂੰ ਨਾਲ ਜੋੜ ਕੇ ਪੰਜਾਬ ਹਿੱਤੂ ਸਿਆਸਤ ਕੀਤੀ ਜਾਵੇਗੀ। ਖਹਿਰਾ ਦੇ ਨਜ਼ਦੀਕੀ ਲੋਕ ਇਨਸਾਫ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਅਤੇ ਬਲਵਿੰਦਰ ਸਿੰਘ ਬੈਂਸ ਵੀ ਇਸ ਮੌਕੇ ਹਾਜ਼ਰ ਨਹੀਂ ਸਨ। ਦੱਸਣਯੋਗ ਹੈ ਕਿ 'ਆਪ' ਵਿਚੋਂ ਨਿਕਲ ਕੇ ਪਹਿਲਾਂ ਸੁੱਚਾ ਸਿੰਘ ਛੋਟੇਪੁਰ 'ਆਪਣਾ ਪੰਜਾਬ' ਪਾਰਟੀ, ਡਾ ਗਾਂਧੀ 'ਪੰਜਾਬ ਮੰਚ' ਅਤੇ ਯੋਗਿੰਦਰ ਯਾਦਵ 'ਸਵਰਾਜ ਪਾਰਟੀ' ਬਣਾ ਚੁੱਕੇ ਹਨ ਖਹਿਰਾ ਨੇ ਵੀ ਨਵੀਂ ਪਾਰਟੀ ਬਣਾ ਕੇ ਇਸ ਗਿਣਤੀ ਵਿਚ ਹੋਰ ਵਾਧਾ ਕੀਤਾ ਹੈ।

ਖਹਿਰਾ ਦਾ ਪੰਥਕ ਮੁੱਦਿਆਂ ਤੋਂ ਕਿਨਾਰਾ: ਖਹਿਰਾ ਨੇ ਪ੍ਰੈਸ ਕਾਨਫਰੰਸ ਦੌਰਾਨ ਆਪਣੀ ਨਵੀਂ ਪਾਰਟੀ ਦਾ ਐਲਾਨ ਕੀਤਾ। ਉਨ੍ਹਾਂ ਦੇ ਸੈਂਕੜੇ ਸਮਰਥਕ ਇਸ ਮੌਕੇ ਮੌਜੂਦ ਸਨ। ਪ੍ਰੈਸ ਕਾਨਫਰੰਸ ਨੂੰ ਖਹਿਰਾ ਨੇ ਇਕ ਰੈਲੀ ਵਾਂਗ ਸੰਬੋਧਨ ਕੀਤਾ। ਉਹ ਇਕ ਘੰਟੇ ਤੋਂ ਵੱਧ ਸਮਾਂ ਪੰਜਾਬ ਦੇ ਸੰਭਾਵੀ ਮੁੱਖ ਮੰਤਰੀ ਵਾਂਗ ਬੋਲੇ। ਉਨ੍ਹਾਂ ਇਸ ਮੌਕੇ ਆਪਣੀ ਪਾਰਟੀ ਦੇ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਦੇ 'ਮੈਨੀਫੈਸਟੋ' ਦੇ ਵੇਰਵੇ ਵਿਸਥਾਰ ਸਹਿਤ ਪੇਸ਼ ਕੀਤੇ। ਸ੍ਰੀ ਖਹਿਰਾ ਨੇ ਕਿਹਾ ਕਿ ਕਿਸਾਨਾਂ ਨੂੰ ਉਹ ਨਕਦ ਸਬਸਿਡੀਆਂ ਦੇਣਗੇ ਅਤੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਸਭ ਤੋਂ ਪਹਿਲਾਂ ਕੈਪਟਨ ਤੇ ਸ੍ਰੀ ਬਾਦਲ ਦੇ ਪਰਿਵਾਰਾਂ ਨੂੰ ਫੜ ਕੇ ਅੰਦਰ ਕਰਨਗੇ। ਉਨ੍ਹਾਂ ਸਹੁੰ ਖਾ ਕੇ ਕਿਹਾ ਕਿ ਉਹ ਲੋਕਪਾਲ ਬਣਾਉਣਗੇ ਅਤੇ ਇਸ ਦੇ ਘੇਰੇ ਵਿਚ ਮੁੱਖ ਮੰਤਰੀ ਨੂੰ ਵੀ ਲਿਆਂਦਾ ਜਾਵੇਗਾ। ਉਹ ਰਵਾਇਤੀ ਨਸ਼ਿਆਂ ਦੀ ਖੇਤੀ ਸ਼ੁਰੂ ਕਰਵਾਉਣ ਬਾਰੇ ਵੀ ਵਿਚਾਰ ਕਰਨਗੇ। ਖਹਿਰਾ ਨੇ ਸ਼ਰਾਬ, ਸਿਹਤ ਅਤੇ ਸਿੱਖਿਆ ਨੀਤੀ ਵਿਚ ਵੱਡੀਆਂ ਤਬਦੀਲੀਆਂ ਕਰਨ ਦੀ ਗੱਲ ਵੀ ਕਹੀ। ਖਹਿਰਾ ਨੇ ਕੈਪਟਨ ਅਤੇ ਬਾਦਲ ਸਰਕਾਰਾਂ ਵੇਲੇ ਲੱਗੇ ਸਾਰੇ ਬਿਜਲੀ ਪ੍ਰਾਜੈਕਟਾਂ ਦੀ ਜਾਂਚ ਕਰਵਾਉਣ ਦਾ ਵੀ ਐਲਾਨ ਕੀਤਾ।ਇਸ ਮੌਕੇ ਸਿੱਖ ਭਾਈਚਾਰੇ ਦੇ ਚਿਰਾਂ ਤੋਂ ਲਟਕਦੇ ਆ ਰਹੇ ਭਖਵੇਂ ਮੁੱਦਿਆਂ ਤੋਂ ਸੁਖਪਾਲ ਸਿੰਘ ਖਹਿਰਾ ਨੇ ਇਕ ਵਿੱਥ ਹੀ ਰੱਖੀ। ਉਨ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੀ ਗੱਲ ਜ਼ਰੂਰ ਕੀਤੀ। ਰਾਜਨੀਤਿਕ ਗਲਿਆਰਿਆਂ 'ਚ ਬਣ ਰਹੇ ਨਵੇਂ ਸਮੀਕਰਨਾਂ ਅਨੁਸਾਰ ਖਹਿਰਾ ਧੜਾ ਵੱਖੋ-ਵੱਖ ਦਲਾਂ ਦੇ ਰੁੱਸੇ ਤੇ ਟੁੱਟੇ ਆਗੂਆਂ ਨੂੰ ਨਾਲ ਮਿਲਾਉਣ ਦੀ ਤਿਆਰੀ ਵਿਚ ਹੈ। ਸੂਤਰਾਂ ਦਾ ਦੱਸਣਾ ਹੈ ਕਿ ਇਸ ਸਬੰਧੀ ਪਿਛਲੇ ਕਈ ਦਿਨਾਂ ਤੋਂ ਵਿਚਾਰਾਂ ਚੱਲ ਰਹੀਆਂ ਹਨ। ਨਵੀਂ ਪਾਰਟੀ ਦੇ ਐਲਾਨ ਮੌਕੇ ਖਹਿਰਾ ਨੇ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕੀਤੇ। ਉਨ੍ਹਾਂ ਕਿਹਾ ਕਿ ਉਹ ਕਿਸਾਨਾਂ ਨੂੰ ਡਾਇਰੈਕਟ ਸਬਸਿਡੀ ਦੇਣਗੇ। ਭ੍ਰਿਸ਼ਟਾਚਾਰ ਨੂੰ ਠੱਲ੍ਹ ਪਾਉਣਗੇ, ਅਫ਼ਸਰਸ਼ਾਹੀ ਨੂੰ ਟਾਰਗੇਟ ਕੀਤਾ ਜਾਵੇਗਾ, ਲੋਕ ਪਾਲ ਬਿੱਲ ਬਣਾਉਣਗੇ। ਇਸ ਤੋਂ ਇਲਾਵਾ ਉਨ੍ਹਾਂ ਮੌਕਾਪ੍ਰਸਤ ਪਾਰਟੀਆਂ ਕੋਲੋਂ ਪੰਜਾਬ ਨੂੰ ਅਜ਼ਾਦ ਕਰਵਾਉਣ ਦਾ ਵੀ ਦਾਅਵਾ ਕੀਤਾ। ਖਹਿਰਾ ਨੇ ਕਿਹਾ ਕਿ ਜਿਸ ਤਰ੍ਹਾਂ ਦੇ ਹਾਲਾਤ ਬਣਦੇ ਜਾ ਰਹੇ ਹਨ, ਉਸ ਨੂੰ ਵੇਖਦਿਆਂ ਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਉਨ੍ਹਾਂ ਨੂੰ ਮੁਸ਼ਕਲ ਫੈਸਲਾ ਲੈਣਾ ਪੈ ਰਿਹਾ ਹੈ। ਨਵੀਂ ਪਾਰਟੀ ਦੀਆਂ ਨੀਤੀਆਂ ਦੱਸਣ ਦੀ ਥਾਂ ਉਨ੍ਹਾਂ ਪੰਜਾਬ ਦੇ ਇਤਿਹਾਸ ਦੀ ਗੱਲ ਕੀਤੀ।

ਇਸ ਦੇ ਨਾਲ ਹੀ ਉਨ੍ਹਾਂ ਅਕਾਲੀ ਦਲ 'ਤੇ ਨਿਸ਼ਾਨੇ ਵੀ ਲਗਾਏ। ਖਹਿਰਾ ਨੇ ਅਕਾਲੀਆਂ 'ਤੇ ਪੰਜਾਬ ਅੰਦਰ ਨਸ਼ਾ ਫੈਲਾਉਣ ਦੇ ਇਲਜ਼ਾਮ ਲਾਏ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਦਸ ਸਾਲ ਦੇ ਰਾਜ ਦੌਰਾਨ ਪੰਜਾਬ ਨੂੰ ਭਾਰੀ ਨੁਕਸਾਨ ਹੋਇਆ। ਅਕਾਲੀ ਦਲ ਨੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ ਕਰਜ਼ਾਈ ਕੀਤਾ। ਉਨ੍ਹਾਂ ਕੇਂਦਰ ਦੀ ਮੋਦੀ ਸਰਕਾਰ ਵੀ ਘੇਰੀ। ਉਨ੍ਹਾਂ ਕਿਹਾ ਕਿ ਕੇਂਦਰ ਨੇ ਪਹਾੜੀ ਸੂਬਿਆਂ ਨੂੰ ਟੈਕਸ 'ਚ ਛੋਟ ਦਿੱਤੀ ਪਰ ਪੰਜਾਬ ਦੀਆਂ ਫੈਕਟਰੀਆਂ ਨੂੰ ਕੋਈ ਰਾਹਤ ਨਹੀਂ ਦਿੱਤੀ। ਉਨ੍ਹਾਂ ਕਿਸਾਨਾਂ ਤੇ ਖੇਤੀ ਦੀ ਮਿਸਾਲ ਦਿੰਦਿਆਂ ਸਰਕਾਰ 'ਤੇ ਕਈ ਇਲਜ਼ਾਮ ਲਾਏ।

ਕੀ ਹੋਏਗੀ ਖਹਿਰਾ ਦੀ ਰਣਨੀਤੀ : ਖਹਿਰਾ ਲੋਕਾਂ ਤੱਕ ਪਹੁੰਚ ਕਰਨ ਲਈ ਟੈਕਨਾਲੌਜੀ ਦੀ ਰੱਜ ਕੇ ਵਰਤੋਂ ਕਰਨਗੇ। ਉਨ੍ਹਾਂ ਨੇ ਆਪਣੀ ਪਾਰਟੀ ਦੀ ਮੈਂਬਰਸ਼ਿਪ ਵਾਸਤੇ ਵੈੱਬਸਾਈਟ ਤੇ ਮੋਬਾਈਲ ਐਪਲੀਕੇਸ਼ਨ ਲਾਂਚ ਕੀਤੀ ਹੈ। ਪਾਰਟੀ ਲਈ ਐਪਲੀਕੇਸ਼ਨ ਐਂਡਰੌਇਡ ਫੋਨ ਲਈ ਇਸ ਵੇਲੇ ਉਪਲਬਧ ਹੈ ਜਦਕਿ ਐਪਲ ਫੋਨ ਦਾ ਵਰਜ਼ਨ ਬਾਅਦ ਵਿੱਚ ਲਾਂਚ ਕੀਤਾ ਜਾਏਗਾ। ਐਪ ਤੇ ਵੈੱਬਸਾਈਟ ਦਾ ਉਦੇਸ਼ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਪੰਜਾਬ ਦੇ ਨੌਜਵਾਨਾਂ ਦਾ ਸਮਰਥਨ ਹਾਸਲ ਕਰਨਾ ਹੈ।

ਇਨ੍ਹਾਂ ਮੁੱਦਿਆਂ 'ਤੇ ਕਰਨਗੇ ਸਿਆਸਤ : ਖਹਿਰਾ ਵੱਲੋਂ ਕੀਤੇ ਵਾਅਦਿਆਂ ਤੇ ਦਾਅਵਿਆਂ 'ਤੇ ਨਜ਼ਰ ਮਾਰੀਏ ਤਾਂ ਉਨ੍ਹਾਂ ਪੰਜਾਬ ਦੇ ਉਹ ਮੁੱਦੇ ਚੁੱਕੇ ਹਨ ਜਿਨ੍ਹਾਂ ਨੂੰ ਪਿਛਲੇ 10 ਸਾਲ ਅਕਾਲੀ ਦਲ ਤੇ ਬੀਜੇਪੀ ਦੀ ਸਰਕਾਰ ਨੇ ਨਹੀਂ ਨਜਿੱਠਿਆ ਤੇ ਹੁਣ ਕੈਪਟਨ ਸਰਕਾਰ ਵੀ ਅਕਸਰ ਇਨ੍ਹਾਂ ਮੁੱਦਿਆਂ 'ਤੇ ਘਿਰਦੀ ਹੈ। ਉਨ੍ਹਾਂ ਕਿਹਾ ਕਿ ਉਹ ਕਿਸਾਨਾਂ ਨੂੰ ਡਾਇਰੈਕਟ ਸਬਸਿਡੀ ਦੇਣਗੇ। ਕਿਸਾਨਾਂ ਦੇ ਕਰਜ਼ਿਆਂ ਦੀ ਵਿਆਜ਼ ਦਰ 50 ਫੀਸਦੀ ਘਟਾਈ ਜਾਵੇਗੀ। ਭ੍ਰਿਸ਼ਟਾਚਾਰ ਨੂੰ ਠੱਲ੍ਹ ਪਾਉਣਗੇ ਪਰ ਛੋਟੇ-ਮੋਟੇ ਕਲਰਕਾਂ ਨੂੰ ਨਹੀਂ ਬਲਕਿ ਅਫ਼ਸਰਸ਼ਾਹੀ ਨੂੰ ਟਾਰਗੇਟ ਕੀਤਾ ਜਾਵੇਗਾ, ਲੋਕ ਪਾਲ ਬਿੱਲ ਬਣਾਉਣਗੇ ਤੇ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਈ ਜਾਏਗੀ।

ਇਸ ਤੋਂ ਇਲਾਵਾ ਉਨ੍ਹਾਂ ਮੌਕਾਪ੍ਰਸਤ ਪਾਰਟੀਆਂ ਕੋਲੋਂ ਪੰਜਾਬ ਨੂੰ ਅਜ਼ਾਦ ਕਰਵਾਉਣ ਦਾ ਵੀ ਦਾਅਵਾ ਕੀਤਾ। ਉਨ੍ਹਾਂ ਕੇਬਲ, ਟਰਾਂਸਪੋਰਟ ਤੇ ਗੈਰ ਕਾਨੂੰਨੀ ਮਾਈਨਿੰਗ 'ਤੇ ਵੀ ਸਖਤ ਸਟੈਂਡ ਲੈਣ ਦੀ ਗੱਲ਼ ਕੀਤੀ। ਸਪਸ਼ਟ ਹੈ ਕਿ ਖਹਿਰਾ ਪੰਜਾਬ ਦੇ ਉਨ੍ਹਾਂ ਮੁੱਦਿਆਂ 'ਤੇ ਹੀ ਸਿਆਸਤ ਕਰਨਗੇ ਜਿਹੜੇ ਅਜੇ ਵੀ ਅਣਸੁਲਝੇ ਹਨ।

**'ਆਪ' ਨਾਲੋਂ ਟੁੱਟੇ ਧੜਿਆਂ ਦੀ ਨਹੀਂ ਮਿਲ ਰਹੀ ਸੁਰ** : ਕਿਸੇ ਵੇਲੇ ਪੰਜਾਬ ਵਿੱਚ ਤੀਜੇ ਰਾਜਸੀ ਬਦਲ ਵੱਲੋਂ ਉਭਰੀ ਆਮ ਆਦਮੀ ਪਾਰਟੀ ਦੇ ਬਾਗ਼ੀ ਧੜ੍ਹਿਆਂ ਵਿਚ ਵੀ ਸਹਿਮਤੀ ਨਹੀਂ ਬਣ ਰਹੀ। 'ਆਪ' ਨਾਲੋਂ ਟੁੱਟ ਕੇ ਕਈ ਧੜੇ ਬਣ ਚੁੱਕੇ ਹਨ ਪਰ ਇਨ੍ਹਾਂ ਦੇ ਆਗੂਆਂ ਦੀ ਸੁਰ ਨਹੀਂ ਮਿਲ ਰਹੀ, ਹਾਲਾਂਕਿ ਇਨ੍ਹਾਂ ਧੜ੍ਹਿਆਂ ਦੇ ਆਗੂਆਂ ਦਾ ਕਹਿਣਾ ਹੈ ਕਿ ਉਹ ਇੱਕਜੁਟ ਹੋ ਕੇ 'ਆਪ' ਦਾ ਮੁਕਾਬਲਾ ਕਰਨਗੇ।

ਸਾਲ ਭਰ ਪਹਿਲਾਂ ਦੇਸ਼ ਭਗਤ ਯਾਦਗਾਰ ਹਾਲ ਵਿੱਚ ਇੱਕਠ ਹੋਇਆ ਸੀ, ਜਿਸ ਵਿੱਚ 'ਆਪ' ਦੇ ਮੁਅੱਤਲ ਕੀਤੇ ਦੋਵੇਂ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਤੇ ਹਰਿੰਦਰ ਸਿੰਘ ਖ਼ਾਲਸਾ ਸ਼ਾਮਲ ਹੋਏ ਸਨ। ਉਦੋਂ ਵੀ ਕਿਹਾ ਗਿਆ ਸੀ 'ਆਪ' ਤੋਂ ਬਾਗ਼ੀ ਹੋਏ ਵਾਲੰਟੀਅਰਾਂ ਨੂੰ ਇੱਕਜੁਟ ਕੀਤਾ ਜਾਵੇਗਾ। 'ਆਪ' ਵਿੱਚ ਤੇਜ਼ੀ ਨਾਲ ਹੋਈ ਹਿਲਜੁਲ ਦੇ ਚੱਲਦਿਆ ਉਦੋਂ ਵੱਡਾ ਸੰਕਟ ਖੜ੍ਹਾ ਹੋ ਗਿਆ ਸੀ ਜਦੋਂ ਪਾਰਟੀ ਦੇ ਸੂਬਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੂੰ ਹੀ ਪਾਰਟੀ ਨੇ ਪੈਸੇ ਲੈਣ ਦਾ ਦੋਸ਼ ਲਾ ਕੇ ਬਾਹਰਲਾ ਰਸਤਾ ਦਿਖਾ ਦਿੱਤਾ ਸੀ। ਇਸ ਨਾਲ ਪਾਰਟੀ ਵਿਰੋਧੀ ਇੱਕ ਹੋਰ ਧੜਾ ਸਰਗਰਮ ਹੋ ਗਿਆ ਸੀ। ਸੁੱਚਾ ਸਿੰਘ ਛੋਟੇਪੁਰ ਨੇ 'ਆਪ' ਤੋਂ ਵੱਖ ਹੋ ਕੇ ਸੂਬੇ ਦਾ ਦੌਰਾ ਕਰਕੇ 'ਆਪਣਾ ਪੰਜਾਬ ਪਾਰਟੀ' ਬਣਾ ਕੇ ਡਾ. ਧਰਮਵੀਰ ਗਾਂਧੀ ਨਾਲ ਮੀਟਿੰਗਾਂ ਕੀਤੀਆਂ ਸਨ ਤੇ ਇੱਕਠੇ ਹੋ ਕੇ 'ਆਪ' ਦਾ ਮੁਕਾਬਲਾ ਕਰਨ ਦੀ ਗੱਲ ਤੋਰੀ ਸੀ ਪਰ ਗੱਲ ਤਣ-ਪੱਤਣ ਨਹੀਂ ਲੱਗੀ।

## ਕਿਹੜੀ ਧਿਰ 'ਤੇ ਯਕੀਨ ਕਰਨ ਪੰਜਾਬ ਵਾਸੀ

ਰਿਹਾ ਅਕਾਲੀ ਦਲ, ਖ਼ਾਸ ਤੌਰ ਉੱਤੇ ਬਾਦਲ ਪਰਿਵਾਰ ਪੰਥਕ ਭਰੋਸਾ ਦੁਬਾਰਾ ਜਿੱਤਣ ਦੀ ਕੋਸ਼ਿਸ਼ ਕਰ ਰਿਹਾ ਹੈ। ਸਾਰੇ ਹੀਲੇ ਵਰਤਣ ਤੋਂ ਬਾਅਦ ਇਸ ਦਲ ਦੇ ਸਾਰੇ ਆਗੂਆਂ ਨੇ ਦਰਬਾਰ ਸਾਹਿਬ ਕੰਪਲੈਕਸ ਵਿਚ ਭਾਂਡੇ ਮਾਂਜਣ, ਜੁੱਤੀਆਂ ਸਾਫ਼ ਕਰਨ ਸਮੇਤ ਖ਼ੁਦ ਹੀ ਲਗਾਈ ਸੇਵਾ ਕਰਕੇ ਲੋਕ ਮਨਾਂ ਵਿਚ ਪੈਦਾ ਨਾਰਾਜ਼ਗੀ ਦੂਰ ਕਰਨ ਦੀ ਕੋਸ਼ਿਸ਼ ਕੀਤੀ। ਇਸ ਦੇ ਬਾਵਜੂਦ ਇਨ੍ਹਾਂ ਸਵਾਲਾਂ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ । ਅਕਾਲੀ ਦਲ ਦੀ ਸਰਕਾਰ ਦੇ ਦਸ ਵਰ੍ਹਿਆਂ ਵਿਚ ਪੰਜਾਬ ਵਿਚ ਬੇਰੁਜ਼ਗਾਰੀ, ਨਸ਼ੇ ਤੇ ਰਿਸ਼ਵਤਖ਼ੋਰੀ ਬੇਹਿਸਾਬ ਵਧੇ। ਕਿਸਾਨਾਂ ਦੇ ਕਰਜ਼ੇ ਤੇ ਖ਼ੁਦਕੁਸ਼ੀਆਂ ਵਧੀਆਂ ਅਤੇ ਵਿਦਿਅਕ ਢਾਂਚੇ ਨੂੰ ਖ਼ੋਰਾ ਲੱਗਾ। ਇਸ ਲਈ ਲੋਕਾਂ ਦੀ ਅਕਾਲੀ ਦਲ ਪ੍ਰਤੀ ਨਰਾਜ਼ਗੀ ਦੂਰ ਨਹੀਂ ਹੋ ਰਹੀ ਹੈ। ਪੰਜਾਬ ਵਿਚ ਕਾਂਗਰਸ ਪਾਰਟੀ ਨੂੰ ਸਰਕਾਰ ਵਿਚ ਆਇਆਂ ਪੌਣੇ ਦੋ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ। ਸਰਕਾਰ ਦੀ ਕਾਰਗੁਜ਼ਾਰੀ ਤੋਂ ਕਿਸਾਨ-ਮਜ਼ਦੂਰ, ਮੁਲਾਜ਼ਮ, ਦੁਕਾਨਦਾਰ ਸਮੇਤ ਬਹੁਤੇ ਵਰਗ ਨਿਰਾਸ਼ ਹਨ। ਇਸ ਦੇ ਬਾਵਜੂਦ ਕੈਪਟਨ ਸਰਕਾਰ ਨੂੰ ਕੋਈ ਵੱਡੀ ਸਿਆਸੀ ਚੁਣੌਤੀ ਨਹੀਂ, ਕਿਉਂਕਿ ਵਿਰੋਧੀ ਪਾਰਟੀਆਂ ਅੰਦਰੂਨੀ ਕਲੇਸ਼ ਦਾ ਸ਼ਿਕਾਰ ਹਨ ਤੇ ਉਨ੍ਹਾਂ ਕੋਲ ਲੋਕਾਂ ਦੇ ਮੁੱਦਿਆਂ ਨੂੰ ਉਠਾਉਣ ਦੀ ਵਿਹਲ ਹੀ ਨਹੀਂ। ਅਜਿਹੇ ਮਾਹੌਲ ਵਿਚ ਲੋਕਾਂ ਦੀ ਜੀਵਨ ਜਾਂਚ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ ਉੱਤੇ ਵਿਆਪਕ ਅੰਦੋਲਨ ਵਿੱਚੋਂ ਨਿਕਲੇ ਬਦਲ ਵਾਲੀ ਪੰਜਾਬ ਦੇ ਲੋਕਾਂ ਦੀ ਚਿਰੋਕਣੀ ਖਾਹਿਸ਼ ਅਧੂਰੀ ਰਹਿ ਜਾਣ ਦੇ ਆਸਾਰ ਦਿਖਾਈ ਦੇ ਰਹੇ ਹਨ।

ਵੱਖ-ਵੱਖ ਸਿਆਸੀ ਪਾਰਟੀਆਂ ਵਲੋਂ ਇਕ ਦੂਜੇ ਵੱਲ ਸ਼ਬਦੀ ਤੋਪਾਂ ਬੀੜ ਕੇ ਪੰਜਾਬ ਨੂੰ ਆਰਥਿਕ, ਧਾਰਮਿਕ, ਰਾਜਨੀਤਕ, ਸੱਭਿਆਚਾਰਕ ਸਾਰੇ ਖੇਤਰਾਂ ਵਿਚ ਮਨਫ਼ੀ ਕਰਕੇ ਕਮਜ਼ੋਰ ਕਰਨ ਦੇ ਯਤਨ ਹੋ ਹੀ ਨਹੀਂ ਰਹੇ, ਸਗੋਂ ਅਜਿਹੇ ਨਾਪਾਕ ਯਤਨਾਂ ਨੂੰ ਬੂਰ ਪੈਂਦਾ ਵੀ ਵਿਖਾਈ ਦੇ ਰਿਹਾ ਹੈ। ਆਖਿਰ ਗੱਲ ਤਾਂ ਇਥੇ ਹੀ ਮੁੱਕਦੀ ਹੈ ਕਿ ਜਨਤਾ ਦਾ ਕੌਣ ਵਿਚਾਰਾ ਹੋ..।

## ਮੋਹਾਲੀ ਤੋਂ ਸ੍ਰੀ ਹਜ਼ੂਰ ਸਾਹਿਬ ਲਈ ਹਵਾਈ ਸੇਵਾ ਦੀ ਸ਼ੁਰੂਆਤ

ਦੇ ਅਕਾਲੀ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ, ਮਹੇਸ਼ਇੰਦਰ ਸਿੰਘ ਗਰੇਵਾਲ, ਜਥੇਦਾਰ ਬਲਜੀਤ ਸਿੰਘ ਕੁੰਭੜਾ, ਸੀਨੀਅਰ ਆਗੂ ਰਣਜੀਤ ਸਿੰਘ ਖੰਨਾ, ਮਹਿਲਾ ਵਿੰਗ ਦੀ ਪ੍ਰਧਾਨ ਕੁਲਦੀਪ ਕੌਰ ਕੰਗ ਸਣੇ 162 ਸ਼ਰਧਾਲੂਆਂ ਦਾ ਜਥਾ ਹਜ਼ੂਰ ਸਾਹਿਬ ਲਈ ਰਵਾਨਾ ਹੋਇਆ। ਇਸ ਮੌਕੇ ਸ੍ਰੀ ਚੰਦੂਮਾਜਰਾ ਨੇ ਦੱਸਿਆ ਕਿ ਉਡਾਣ ਫ਼ਿਲਹਾਲ ਹਫ਼ਤੇ ਵਿਚ ਦੋ ਦਿਨ- ਮੰਗਲਵਾਰ ਤੇ ਵੀਰਵਾਰ ਨੂੰ ਰਵਾਨਾ ਹੋਇਆ ਕਰੇਗੀ ਪਰ ਆਉਣ ਵਾਲੇ ਸਮੇਂ ਵਿਚ ਮੰਗ ਮੁਤਾਬਕ ਇਸ ਨੂੰ ਰੋਜ਼ਾਨਾ ਵੀ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਮੁਹਾਲੀ ਤੋਂ ਪਟਨਾ ਸਾਹਿਬ ਤੱਕ ਵੀ ਸਿੱਧੀ ਉਡਾਣ ਸ਼ੁਰੂ ਕੀਤੀ ਜਾਵੇਗੀ। ਸੰਸਦ ਮੈਂਬਰ ਨੇ ਕੇਂਦਰੀ ਮੰਤਰੀ ਸੁਰੇਸ਼ ਪ੍ਰਭੂ ਦਾ ਇਸ ਉਪਰਾਲੇ ਲਈ ਧੰਨਵਾਦ ਕੀਤਾ। ਇਸ ਤੋਂ ਪਹਿਲਾਂ ਅੰਮ੍ਰਿਤਸਰ ਅਤੇ ਮੁੰਬਈ ਤੋਂ ਹੀ ਨਾਂਦੇੜ ਲਈ ਹਵਾਈ ਸੇਵਾ ਦੀ ਸਹੂਲਤ ਸੀ ਪਰ ਹੁਣ ਮੁਹਾਲੀ ਤੋਂ ਉਡਾਣ ਸ਼ੁਰੂ ਹੋਣ ਨਾਲ ਪੰਜਾਬ, ਚੰਡੀਗੜ੍ਹ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਦੇ ਸ਼ਰਧਾਲੂਆਂ ਨੂੰ ਲਾਭ ਹੋਵੇਗਾ।

## 'ਆਪ' ਦੀ ਵਿਧਾਇਕਾ ਬਲਜਿੰਦਰ ਕੌਰ ਦੀ ਮੰਗਣੀ



**ਬਠਿੰਡਾ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਦੀ ਤਲਵੰਡੀ ਸਾਬੋ ਤੋਂ ਵਿਧਾਇਕਾ ਪ੍ਰੋ. ਬਲਜਿੰਦਰ ਕੌਰ ਦੀ ਆਪਣੀ ਪਾਰਟੀ ਦੇ ਹੀ ਆਗੂ ਸੁਖਰਾਜ ਸਿੰਘ ਬੱਲ ਨਾਲ ਮੰਗਣੀ ਹੋ ਗਈ ਹੈ। ਇਹ ਦੋਵੇਂ ਫ਼ਰਵਰੀ ਮਹੀਨੇ ਵਿਆਹ ਬੰਧਨ ਵਿਚ ਬੱਝ ਜਾਣਗੇ। ਦੱਸਣਯੋਗ ਹੈ ਕਿ ਸੁਖਰਾਜ ਸਿੰਘ ਬੱਲ ਆਮ ਆਦਮੀ ਪਾਰਟੀ ਦੇ ਮਾਝਾ ਜ਼ੋਨ ਦੇ ਯੂਥ ਵਿੰਗ ਦੇ ਇੰਚਾਰਜ ਹਨ।

ਪਹਿਲਾਂ 'ਆਪ' ਦੇ ਵਿਧਾਇਕ ਪਿਰਮਲ ਸਿੰਘ ਵਿਆਹ ਬੰਧਨ ਵਿਚ ਬੱਝੇ ਅਤੇ ਉਸ ਪਿੱਛੋਂ ਵਿਧਾਇਕਾ ਰੁਪਿੰਦਰ ਰੂਬੀ ਦਾ ਲੰਘੀ 11 ਅਕਤੂਬਰ ਨੂੰ ਵਿਆਹ ਹੋਇਆ ਸੀ। ਹੁਣ ਪ੍ਰੋ. ਬਲਜਿੰਦਰ ਕੌਰ ਨੇ ਵੀ ਆਪਣਾ ਜੀਵਨ ਸਾਥੀ ਚੁਣ ਲਿਆ ਹੈ। ਹੁਣ ਅਗਲੀ ਵਾਰੀ 'ਆਪ' ਦੇ ਬਰਨਾਲਾ ਤੋਂ ਵਿਧਾਇਕ ਮੀਤ ਹੇਅਰ ਦੀ ਹੈ। ਉਹ ਵੀ ਜੀਵਨ ਸਾਥਣ ਦੀ ਤਲਾਸ਼ ਵਿਚ ਹਨ।

ਇੱਥੇ ਪ੍ਰੋ. ਬਲਜਿੰਦਰ ਕੌਰ ਤੇ ਸੁਖਰਾਜ ਸਿੰਘ ਬੱਲ ਦੀ ਮੰਗਣੀ ਮੌਕੇ ਦੋਵਾਂ ਪਰਿਵਾਰਾਂ ਦੇ ਰਿਸ਼ਤੇਦਾਰ ਤੇ 'ਆਪ' ਦੇ ਆਗੂ ਮੌਜੂਦ ਸਨ। ਇਸ ਸਬੰਧੀ ਸਾਦਾ ਸਮਾਗਮ ਹੋਇਆ। ਇਸ ਤੋਂ ਪਹਿਲਾਂ ਜੋੜੀ ਨੇ ਗੁਰੂ ਘਰ ਮੱਥਾ ਟੇਕਿਆ। ਉਨ੍ਹਾਂ ਕਿਹਾ ਕਿ ਉਹ ਇਸ ਗੱਲੋਂ ਖ਼ੁਸ਼ ਹਨ ਕਿ ਉਸ ਦਾ ਜੀਵਨ ਸਾਥੀ ਸਿਆਸੀ ਪਰਿਵਾਰ ਵਿਚੋਂ ਹੈ। ਇਸੇ ਤਰ੍ਹਾਂ ਸੁਖਰਾਜ ਸਿੰਘ ਬੱਲ ਨੇ ਵੀ ਖ਼ੁਸ਼ੀ ਜ਼ਾਹਿਰ ਕੀਤੀ।

## ਭਾਰਤ 'ਚ ਜਨਰਲ ਵਰਗ ਨੂੰ ਵੀ ਮਿਲੇਗਾ 10 ਫੀਸਦੀ ਰਾਖਵਾਂਕਰਨ

**ਨਵੀਂ ਦਿੱਲੀ/ਬਿਊਰੋ ਨਿਊਜ਼ :**

ਲੋਕਸਭਾ ਚੋਣਾ ਤੋਂ ਪਹਿਲਾਂ ਨਰਿੰਦਰ ਮੋਦੀ ਸਰਕਾਰ ਨੇ ਵੱਡਾ ਫੈਸਲਾ ਲਿਆ ਹੈ। ਕੇਂਦਰੀ ਕੈਬਨਿਟ ਦੀ ਬੈਠਕ 'ਚ ਫੈਸਲਾ ਲਿਆ ਗਿਆ ਹੈ ਕਿ ਆਰਥਕ ਤੌਰ 'ਤੇ ਪੱਛੜੇ ਜਨਰਲ ਵਰਗ ਨਾਲ ਸਬੰਧਤ ਲੋਕਾਂ ਨੂੰ ਨੌਕਰੀ ਤੇ ਸਿੱਖਿਆ ਵਿਚ ਰਾਖਵਾਂਕਰਨ ਦਿੱਤਾ ਜਾਵੇਗਾ। ਇਹ ਰਾਖਵਾਂਕਰਨ ਮੌਜੂਦਾ ਰਿਜ਼ਰਵੇਸ਼ਨ ਵਿਵਸਥਾ ਨਾਲ ਛੇੜਛਾੜ ਕੀਤੇ ਤੋਂ ਬਗ਼ੈਰ ਦਿੱਤੀ ਜਾਵੇਗੀ। ਸਰਕਾਰ ਵੱਲੋਂ ਰਾਖਵਾਂਕਰਨ ਦੀ ਇਸ ਤਬਦੀਲੀ ਨੂੰ ਲਾਗੂ ਕਰਨ ਲਈ ਸੰਵਿਧਾਨ ਦੇ ਆਰਟੀਕਲ 15 ਤੇ 16 ਨੂੰ ਵੀ ਸੋਧਿਆ ਜਾਵੇਗਾ।

## ਗੁਰਦਾਸ ਬਾਦਲ ਨੂੰ ਪਿਆ ਦਿਲ ਦਾ ਦੌਰਾ, ਪੀਜੀਆਈ ਦਾਖਲ

**ਲੰਬੀ/ਬਿਊਰੋ ਨਿਊਜ਼ :** ਪੰਜਾਬ ਦੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਪਿਤਾ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਛੋਟੇ ਭਰਾ ਗੁਰਦਾਸ ਸਿੰਘ ਬਾਦਲ ਨੂੰ ਦਿਲ ਦਾ ਦੌਰਾ ਪੈਣ ਕਾਰਨ ਪੀਜੀਆਈ ਚੰਡੀਗੜ੍ਹ 'ਚ ਦਾਖ਼ਲ ਕਰਵਾਇਆ ਗਿਆ ਹੈ। ਹਸਪਤਾਲ 'ਚ ਉਨ੍ਹਾਂ ਦੀ ਹਾਲਤ ਵਿਚ ਸੁਧਾਰ ਦੱਸਿਆ ਜਾ ਰਿਹਾ ਹੈ। ਵੱਡੇ ਭਰਾ ਪ੍ਰਕਾਸ਼ ਸਿੰਘ ਬਾਦਲ ਨੇ ਉਨ੍ਹਾਂ ਦੀ ਛੇਤੀ ਸਿਹਤਯਾਬੀ ਦੀ ਅਰਦਾਸ ਕੀਤੀ ਹੈ। ਪਰਿਵਾਰਕ ਸੂਤਰਾਂ ਅਨੁਸਾਰ 87 ਸਾਲਾ ਗੁਰਦਾਸ ਸਿੰਘ ਬਾਦਲ 'ਦਾਸ ਜੀ' ਨੂੰ ਪਿੰਡ ਬਾਦਲ ਰਿਹਾਇਸ਼ 'ਤੇ ਤੜਕੇ ਕਰੀਬ ਚਾਰ ਵਜੇ ਦਿਲ ਦਾ ਦੌਰਾ ਪਿਆ। ਉਨ੍ਹਾਂ ਨੂੰ ਬਠਿੰਡਾ ਦੇ ਜਿੰਦਲ ਹਾਰਟਸ ਹਸਪਤਾਲ ਵਿਖੇ ਦਾਖ਼ਲ ਕਰਵਾਇਆ ਗਿਆ ਜਿੱਥੇ ਮੁੱਢਲੇ ਇਲਾਜ ਮਗਰੋਂ ਉਨ੍ਹਾਂ ਨੂੰ ਪੀਜੀਆਈ ਚੰਡੀਗੜ੍ਹ ਭੇਜ ਦਿੱਤਾ ਗਿਆ। ਉਹ ਸੱਤਵੀਂ ਲੋਕ ਸਭਾ 'ਚ ਫਾਜ਼ਿਲਕਾ ਹਲਕੇ ਤੋਂ ਅਕਾਲੀ ਦਲ ਵੱਲੋਂ ਸੰਸਦ ਮੈਂਬਰ ਚੁਣੇ ਗਏ ਸਨ।

# Valley Real Estate Center

**Better Deal Will be given from New Builders to Book New home in Mountain House, Tracy, Manteca and Lathrop, livermore, Dublin ,Pleasanpon and Fremont**

**For agriculture and almond Farm, office building, Farm House and for Truck Yard in Tracy Manteca**

ਮਾਊਂਟੇਨ ਹਾਊਸ, ਟਰੇਸੀ, ਮਨਟੀਕਾ ਅਤੇ ਲੈਥਰੋਪ, ਲਿਵਰਮੋਰ, ਡੁਬਲਿਨ, ਪਲੀਸਨਪੌਨ ਅਤੇ ਫਰੀਮਾਂਟ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।













ਇਹ ਆਲੀਸ਼ਾਨ ਘਰ ਵਿਕਾਊ ਹੈ

Lot Size 4770 Sq. Ft, Year Built 2009, Property type 1 House on lot attached, Community Mountain House, County San joaquin
637 Esplanade Dr. Mountain House, CA 95391,
Price $ 640,000, Beds 4, Baths 3, 2695 Sq. Ft.

**Priti Singh (925) 999-0823**

CA BRE Licence #02024721 info@pritisingh.com

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% CUSTOMER SATISFACTION GUARANTEED

25 YEAR WARRANTY



ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

info@singhsolar.com

SUNPREME
Premium Bifacial Thin Film Solar

Satnam Singh Khalsa
510-706-1300


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM